PUNJAB VIDHAN SABHA

DEBATES

Tuesday, the 27th March, 2018 (Morning Sitting)

Vol.IV- No.7

OFFICIAL REPORT

CONTENTS

Punjab Vidhan Sabha Secretariat, Chandigarh

Price: Rs. ....

ਪੰਜਾਬ ਮੰਤਰੀ ਮੰਡਲ ਦੀ ਸੂਚੀ

ਲੜੀ ਨੰ.	ਮੰਤਰੀ ਦਾ ਨਾਂ	ਵਿਭਾਗ
1.	ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ	ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ, ਸਿੰਚਾਈ ਅਤੇ ਬਿਜਲੀ ਅਤੇ ਹੋਰ ਸਾਰੇ ਵਿਭਾਗ ਜਿਹੜੇ ਕਿਸੇ ਹੋਰ ਮੰਤਰੀ ਨੂੰ ਨਹੀਂ ਦਿੱਤੇ ਗਏ
ਕੈਬਨਿਟ ਮੰਤਰੀ		
2.	ਸ਼੍ਰੀ ਬ੍ਰਹਮ ਮਹਿੰਦਰਾ	ਸਿਹਤ ਤੇ ਪਰਿਵਾਰ ਭਲਾਈ ਅਤੇ ਖੋਜ ਤੇ ਮੈਡੀਕਲ ਸਿੱਖਿਆ ਅਤੇ ਸੰਸਦੀ ਮਾਮਲੇ
3.	ਸਰਦਾਰ ਨਵਜੋਤ ਸਿੰਘ ਸਿੱਧੂ	ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਵ ਅਤੇ ਅਜਾਇਬ ਘਰ
4.	ਸਰਦਾਰ ਮਨਪ੍ਰੀਤ ਸਿੰਘ ਬਾਦਲ	ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ
5.	ਸਰਦਾਰ ਸਾਧੂ ਸਿੰਘ	ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ
6.	ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ	ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ
7.	ਸਰਦਾਰ ਚਰਨਜੀਤ ਸਿੰਘ ਚੰਨੀ	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ
ਰਾਜ ਮੰਤਰੀ		
8.	ਸ਼੍ਰੀਮਤੀ ਅਰੁਨਾ ਚੌਧਰੀ	ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ
9.	ਸ਼੍ਰੀਮਤੀ ਰਜ਼ੀਆ ਸੁਲਤਾਨਾ	ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ

PUNJAB VIDHAN SABHA

Tuesday, the 27th March, 2018 (Morning Sitting)

The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10.00 A.M. Mr. Speaker (Rana Kanwar Pal Singh) in the Chair.

STARRED QUESTIONS AND ANSWERS

ਨਿਸ਼ਾਨ ਵਾਲੇ ਪ੍ਰਸ਼ਨ ਨੰ: 1200, 1372, 1305, 1286 ਅਤੇ 798

(ਸੰਬੰਧਿਤ ਮੈਂਬਰਾਂ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ ।)

ਕਰਨਾਟਕ ਸਰਕਾਰ ਦੀ ਤਰਜ਼ ਤੇ ਐਸ.ਸੀ./ਐਸ.ਟੀ. ਸਬ-ਪਲਾਨ ਐਕਟ ਬਣਾਉਣਾ

*1006. **ਡਾਕਟਰ ਰਾਜ ਕੁਮਾਰ ਚੱਬੇਵਾਲ** : ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਸਰਕਾਰ ਕਰਨਾਟਕ ਸਰਕਾਰ ਦੀ ਤਰਜ਼ ਤੇ (ਜਿਵੇਂ ਐਸ.ਸੀ./ਐਸ.ਟੀ. ਸਬ-ਪਲਾਨ ਐਕਟ) ਅਨੁਸੂਚਿਤ ਜਾਤੀਆਂ/ਅਨੁਸੂਚਿਤ ਕਬੀਲਿਆਂ ਦੀਆਂ ਭਲਾਈ ਸਕੀਮਾਂ ਲਈ ਜ਼ਿਆਦਾ ਫੰਡ ਜਾਰੀ ਕਰਨ ਅਤੇ ਇਨ੍ਹਾਂ ਫੰਡਾਂ ਦੀ ਦੁਰਵਰਤੋਂ ਨੂੰ ਰੋਕਣ ਲਈ ਕੋਈ ਕਾਨੂੰਨ ਬਣਾਏਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

ਸਰਦਾਰ ਸਾਧੂ ਸਿੰਘ : ਇਸ ਸਮੇਂ ਪੰਜਾਬ ਰਾਜ ਵਿੱਚ ਕਰਨਾਟਕ ਸਰਕਾਰ ਦੀ ਤਰਜ਼ ਤੇ ਐਸ.ਸੀ./ਐਸ.ਟੀ. ਸਬ-ਪਲਾਨ ਲਈ ਕੋਈ ਐਕਟ ਨਹੀਂ ਹੈ। ਰਾਜ ਵਿੱਚ ਅਜਿਹਾ ਐਕਟ ਬਣਾਉਣ ਲਈ ਰਾਜ ਸਰਕਾਰ ਦੀ ਕੋਈ ਤਜਵੀਜ਼ ਨਹੀਂ ਹੈ।

ਡਾਕਟਰ ਰਾਜ ਕੁਮਾਰ ਚੱਬੇਵਾਲ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਦੀ ਨਾਲੇਜ ਵਿੱਚ ਵਾਧਾ ਕਰਨਾ ਚਾਹੁੰਦਾ ਹਾਂ ਕਿ ਕਰਨਾਟਕ ਰਾਜ ਵਿੱਚ ਸਬ-ਪਲਾਨ ਐਕਟ ਹੈ, ਤੇਲੰਗਾਨਾ ਵਿੱਚ ਵੀ ਸਬ-ਪਲਾਨ ਐਕਟ ਹੈ ਔਰ ਆਂਧਰਾ ਪ੍ਰਦੇਸ਼ ਵਿੱਚ ਵੀ ਸਬ-ਪਲਾਨ ਐਕਟ ਹੈ। ਅਸੀਂ ਆਪਣੇ ਮੈਨੀਫੈਸਟੋ ਵਿੱਚ ਦਲਿਤਾਂ ਨਾਲ ਸਬ-ਪਲਾਨ ਐਕਟ ਦਾ ਵਾਅਦਾ ਕੀਤਾ ਸੀ। ਸਪੀਕਰ ਸਾਹਿਬ, ਮੇਰੀ ਤੁਹਾਡੇ ਦੁਆਰਾ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਸਬ-ਪਲਾਨ ਐਕਟ ਦਲਿਤਾਂ ਦੀ ਬਿਹਤਰੀ ਲਈ ਹੈ ਅਤੇ ਬਜਟ ਵਿੱਚ ਵੀ ਉਨ੍ਹਾਂ ਦੀ ਪਾਪੂਲੇਸ਼ਨ ਦੇ ਹਿਸਾਬ ਨਾਲ ਐਕਸਪੈਂਡੀਚਰ ਬਜਟ ਰੱਖਿਆ ਜਾਂਦਾ ਹੈ। ਬਜਟ ਤਾਂ ਜ਼ਰੂਰ ਰੱਖਿਆ ਜਾਂਦਾ ਹੈ ਪਰ ਪਹਿਲੀਆਂ ਸਰਕਾਰਾਂ ਵਿੱਚ ਇਹ ਬਜਟ ਖੁਰਦ ਬੁਰਦ ਹੋ ਜਾਂਦਾ ਰਿਹਾ ਹੈ, ਬਜਟ ਡਾਈਵਰਟ ਕਰ ਦਿੱਤਾ ਜਾਂਦਾ ਸੀ, ਬਜਟ ਯੂਜ਼ ਨਹੀਂ ਹੁੰਦਾ ਸੀ ਤੇ ਲੈਪਸ ਹੋ ਜਾਂਦਾ ਸੀ। ਇਨ੍ਹਾਂ ਸਾਰੀਆਂ ਖਾਮੀਆਂ ਨੂੰ ਠੀਕ ਕਰਨ ਲਈ ਤਾਂ ਕਿ ਫੰਡਜ਼ ਡਾਈਵਰਟ ਨਾ ਹੋਣ, ਫੰਡਜ਼ ਲੈਪਸ ਨਾ ਹੋਣ, ਉਨ੍ਹਾਂ ਨੂੰ ਨੈਕਸਟ ਫਾਈਨਾਂਸ਼ੀਅਲ ਈਅਰ ਵਿੱਚ ਕੈਰੀਫਾਰਵਰਡ ਕੀਤਾ ਜਾ ਸਕੇ, ਅਜਿਹੀ ਸਥਿਤੀ ਵਿੱਚ ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸ਼ਡਿਊਲਡ ਕਾਸਟ ਸਬ-ਪਲਾਨ ਐਕਟ ਕਦੋਂ ਲਿਆਂਦਾ ਜਾਵੇਗਾ ?

ਮੰਤਰੀ : (ੳ) ਸਪੀਕਰ ਸਾਹਿਬ, ਕਰਨਾਟਕ ਐਕਟ, 2013 ਅਧੀਨ ਸਾਲਾਨਾ ਯੋਜਨਾ ਵਿੱਚੋਂ ਅਨੁਸੂਚਿਤ ਜਾਤੀਆਂ ਲਈ ਕੁਝ ਹਿੱਸਾ ਰਾਖਵਾਂ ਰੱਖਣ ਅਤੇ ਅਨੁਸੂਚਿਤ ਜਾਤੀਆਂ ਸਬ-ਪਲਾਨ ਦੀ ਮੋਨੀਟਰਿੰਗ ਤਿਆਰ ਕਰਨ ਤੇ ਲਾਗੂ ਕਰਨ ਲਈ ਸੰਸਥਾਤਮਕ ਵਿਧੀ ਬਣਾਉਣ ਦਾ ਉਪਬੰਧ ਹੈ।

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈਸ, ਪਟਿਆਲਾ ਵਿਖੇ ਟਾਈਪਸੈਟ ਕਰਵਾਕੇ ਸਰਕਾਰੀ ਪ੍ਰੈਸ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ ਛਾਪੀ ਗਈ ।

ਪੰਜਾਬ ਮੰਤਰੀ ਮੰਡਲ ਦੀ ਸੂਚੀ

ਲੜੀ ਨੰ.	ਮੰਤਰੀ ਦਾ ਨਾਂ	ਵਿਭਾਗ
1.	ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ	ਆਮ ਪ੍ਰਸ਼ਾਸਨ, ਪਰਸੋਨਲ, ਗ੍ਰਹਿ ਮਾਮਲੇ ਅਤੇ ਨਿਆਂ, ਚੌਕਸੀ, ਖੇਤੀਬਾੜੀ, ਕਰ ਅਤੇ ਆਬਕਾਰੀ
ਕੈਬਨਿਟ ਮੰਤਰੀ		
2.	ਸ਼੍ਰੀ ਬ੍ਰਹਮ ਮਹਿੰਦਰਾ	ਸਿਹਤ ਤੇ ਪਰਿਵਾਰ ਭਲਾਈ ਅਤੇ ਮੈਡੀਕਲ ਸਿੱਖਿਆ ਤੇ ਖੋਜ ਅਤੇ ਸੰਸਦੀ ਮਾਮਲੇ
3.	ਸਰਦਾਰ ਨਵਜੋਤ ਸਿੰਘ ਸਿੱਧੂ	ਸਥਾਨਕ ਸਰਕਾਰ ਅਤੇ ਸੈਰ-ਸਪਾਟਾ ਤੇ ਸਭਿਆਚਾਰਕ ਮਾਮਲੇ, ਪੁਰਾਤੱਤਤ ਅਤੇ ਅਜਾਇਬ ਘਰ
4.	ਸਰਦਾਰ ਮਨਪ੍ਰੀਤ ਸਿੰਘ ਬਾਦਲ	ਵਿੱਤ, ਯੋਜਨਾ ਅਤੇ ਰੁਜ਼ਗਾਰ ਉਤਪਤੀ
5.	ਸਰਦਾਰ ਸਾਧੂ ਸਿੰਘ	ਜੰਗਲਾਤ, ਛਪਾਈ ਤੇ ਲਿਖਣ ਸਮੱਗਰੀ ਅਤੇ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ
6.	ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ	ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਲਪਾਈ ਤੇ ਸੈਨੀਟੇਸ਼ਨ
7.	ਸਰਦਾਰ ਚਰਨਜੀਤ ਸਿੰਘ ਚੰਨੀ	ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ
ਰਾਜ ਮੰਤਰੀ		
8.	ਸ਼੍ਰੀਮਤੀ ਅਰੁਨਾ ਚੌਧਰੀ	ਉਚੇਰੀ ਸਿੱਖਿਆ ਅਤੇ ਸਕੂਲ ਸਿੱਖਿਆ
9.	ਸ਼੍ਰੀਮਤੀ ਰਜ਼ੀਆ ਸੁਲਤਾਨਾ	ਲੋਕ ਨਿਰਮਾਣ ਵਿਭਾਗ (ਭਵਨ ਤੇ ਮਾਰਗ), ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ

[ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ]

(ਅ) ਐਕਟ ਅਧੀਨ ਸਾਲਾਨਾ ਸਬ-ਪਲਾਨ ਨੂੰ ਪ੍ਰਵਾਨ ਅਤੇ ਸਲਾਹ ਦੇਣ ਲਈ ਮੁੱਖ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਰਾਜ ਕੌਂਸਲ ਅਤੇ ਭਲਾਈ ਮੰਤਰੀ ਜੀ ਦੀ ਪ੍ਰਧਾਨਗੀ ਹੇਠ ਨੋਡਲ ਏਜੰਸੀ ਬਣਾਉਣ ਦਾ ਉਪਬੰਧ ਹੈ ਜਿਸ ਲਈ ਰਾਜ ਦੇ ਅਨੁਸੂਚਿਤ ਜਾਤੀਆਂ ਸਬ-ਪਲਾਨ ਦੀ ਬਣਤਰ ਤੇ ਮੁਲਾਂਕਣ ਦਾ ਕੰਮ ਕੀਤਾ ਜਾਣਾ ਹੈ ।

(ੲ) ਪੰਜਾਬ ਰਾਜ ਵਿੱਚ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 20.1.2014 ਨੂੰ ਅਨੁਸੂਚਿਤ ਜਾਤੀਆਂ ਸਬ-ਪਲਾਨ ਨੂੰ ਲਾਗੂ ਕਰਨ ਲਈ ਅਗਵਾਈ ਲੀਹਾਂ ਨੂੰ ਪ੍ਰਵਾਨ ਕੀਤਾ ਸੀ, ਜਿਸ ਅਨੁਸਾਰ ਐਸ.ਸੀ./ਐਸ.ਟੀ. ਦਾ ਆਕਾਰ ਅਨੁਸੂਚਿਤ ਜਾਤੀਆਂ ਦੀ ਆਬਾਦੀ ਦੇ ਬਰਾਬਰ ਬਣਾਇਆ ਜਾਣਾ ਹੈ। ਅਗਵਾਈ ਲੀਹਾਂ ਅਨੁਸਾਰ ਅਨੁਸੂਚਿਤ ਜਾਤੀਆਂ ਦੇ ਅਨੁਪਾਤ ਅਨੁਸਾਰ ਰਾਜ ਦੀ ਯੋਜਨਾ ਉਪਬੰਧਾਂ ਵਿੱਚੋਂ ਫੰਡਜ਼ ਰੱਖਣ ਦਾ ਕੋਈ ਵੱਖਰਾ ਉਪਬੰਧ ਨਹੀਂ ਹੈ।

ਡਾਕਟਰ ਰਾਜ ਕੁਮਾਰ ਚੱਬੇਵਾਲ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਨੀ ਵੀ ਚਾਹੁੰਦਾ ਹਾਂ ਤੇ ਪੁੱਛਣਾ ਵੀ ਚਾਹੁੰਦਾ ਹਾਂ ਕਿ ਇਹ ਠੀਕ ਹੈ ਕਿ ਅਨੁਸੂਚਿਤ ਜਾਤੀਆਂ ਸਬ-ਪਲਾਨ ਹੈ। ਇਹ ਕਾਂਗਰਸ ਸਰਕਾਰ ਹੀ ਸੈਂਟਰ ਵਿੱਚ 1980 ਤੋਂ 1985 ਵਿੱਚ ਆਪਣੇ ਛੇਵੇਂ ਪਲਾਨ ਵਿੱਚ ਲੈ ਕੇ ਆਈ ਸੀ। ਕਾਂਗਰਸ ਸਰਕਾਰ ਨੇ ਵੱਖ ਵੱਖ ਸਟੇਟਾਂ ਵਿੱਚ ਇਹ ਸਬ-ਪਲਾਨ ਐਕਟ ਲਗਾਇਆ ਵੀ ਹੈ। ਸਬ-ਪਲਾਨ ਜ਼ਰੂਰ ਹੈ ਪਰ ਸਬ-ਪਲਾਨ ਐਕਟ ਕਦੋਂ ਬਣਾਇਆ ਜਾਵੇਗਾ ?

ਮਾਨਯੋਗ ਸਪੀਕਰ : ਕੋਈ ਸਬ-ਪਲਾਨ ਐਕਟ ਬਣਾਉਣ ਦੀ ਤਜਵੀਜ਼ ਹੈ ?

ਮੰਤਰੀ : ਸਪੀਕਰ ਸਾਹਿਬ, ਰਾਜ ਸਰਕਾਰ ਵੱਲੋਂ ਐਕਟ ਬਣਾਉਣ ਜਾਂ ਸਬ-ਪਲਾਨ ਲਈ ਵੱਖਰੇ ਫੰਡਜ਼ ਈਅਰ ਮਾਰਕ ਕਰਨ ਦੀ ਤਜਵੀਜ਼ ਨੂੰ ਘੋਖਣ ਉਪਰੰਤ ਇਹ ਉਚਿਤ ਬਣਦੇ ਫੈਸਲੇ ਲਈ ਮਾਨਯੋਗ ਮੁੱਖ ਮੰਤਰੀ ਜੀ ਨੂੰ ਪੇਸ਼ ਕੀਤੀ ਜਾਵੇਗੀ ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕਾਫੀ ਦਿਨਾਂ ਤੋਂ ਆਂਗਨਵਾੜੀ ਵਰਕਰਜ਼ ਤੇ ਹੈਲਥ ਵਰਕਰਜ਼ .... (ਵਿਘਨ)

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ : ਖਹਿਰਾ ਸਾਹਿਬ, ਪਹਿਲਾਂ ਇਹ ਵਾਲੀ ਗੱਲ ਹੋ ਲੈਣ ਦਿਓ। ਤੁਸੀਂ ਬਾਅਦ ਵਿੱਚ ਬੋਲ ਲੈਣਾ । (ਵਿਘਨ)

ਸਰਦਾਰ ਸੁਖਪਾਲ ਸਿੰਘ ਖਹਿਰਾ : ਆਂਗਨਵਾੜੀ ਵਰਕਰ ਸਿਰਫ ਇੱਕ ਹੀ ਮੰਗ ਕਰ ਰਹੇ ਹਨ, ਤੁਸੀਂ ਬਾਕੀ ਮੰਗਾਂ ਛੱਡ ਦਿਓ।

ਮਾਨਯੋਗ ਸਪੀਕਰ : ਤੁਸੀਂ ਇਸ ਵਿੱਚ ਕੋਈ ਸਵਾਲ ਪੁੱਛ ਰਹੇ ਹੋ?

ਸਰਦਾਰ ਸੁਖਪਾਲ ਸਿੰਘ ਖਹਿਰਾ : ਮੈਂ ਸੋਸ਼ਲ ਵੈਲਫੇਅਰ ਮਨਿਸਟਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਲੇਬਰ ਰੇਟ ਮੰਗ ਰਹੇ ਹਨ ਜੀ।

ਮਾਨਯੋਗ ਸਪੀਕਰ : ਇਸ ਤੇ ਤੁਹਾਡਾ ਕੋਈ ਸਵਾਲ ਹੈ ?

ਸਰਦਾਰ ਸੁਖਪਾਲ ਸਿੰਘ ਖਹਿਰਾ : ਉਸ ਤਰ੍ਹਾਂ ਤਾਂ ਮੌਕਾ ਹੀ ਨਹੀਂ ਮਿਲਦਾ।

ਮੰਤਰੀ : ਇਹ ਮੇਰੇ ਮਹਿਕਮੇ ਦਾ ਸਵਾਲ ਨਹੀਂ ਹੈ ਜੀ।

ਮਾਨਯੋਗ ਸਪੀਕਰ : ਇਨ੍ਹਾਂ ਦੇ ਮਹਿਕਮੇ ਦਾ ਸਵਾਲ ਨਹੀਂ ਹੈ।

ਸਰਦਾਰ ਸੁਖਪਾਲ ਸਿੰਘ ਖਹਿਰਾ : ਉਨ੍ਹਾਂ ਨੇ ਤੁਹਾਡੇ ਮਹਿਕਮੇ ਦੇ ਦਫਤਰ ਦੇ ਬਾਹਰ ਧਰਨਾ ਮਾਰਿਆ ਹੈ।

ਮਾਨਯੋਗ ਸਪੀਕਰ : ਇਹ ਸਵਾਲ ਵੀ ਵੱਖਰਾ ਬਣੇਗਾ। ਖਹਿਰਾ ਸਾਹਿਬ, ਇਹ ਵੱਖਰਾ ਸਵਾਲ ਬਣਦਾ ਹੈ। ਹਾਂ ਜੀ, ਚੱਬੇਵਾਲ ਜੀ। ਤੁਹਾਡਾ ਜਵਾਬ ਆ ਗਿਆ ਹੈ।

ਡਾਕਟਰ ਰਾਜ ਕੁਮਾਰ ਚੱਬੇਵਾਲ : ਸਰ, ਸ਼ਡਿਊਲਡ ਕਾਸਟ ਸਬ-ਪਲਾਨ, ਬਹੁਤ ਸਾਰੇ ਸਾਡੇ ਵਿਧਾਇਕਾਂ ਦੇ ਦਿਮਾਗ ਵਿੱਚ....

ਮਾਨਯੋਗ ਸਪੀਕਰ : ਚੱਬੇਵਾਲ ਸਾਹਿਬ, ਤੁਸੀਂ ਸਵਾਲ ਪੁੱਛੋ। ਇਸ ਤਰ੍ਹਾਂ ਨਾ ਕਰੋ।

ਡਾਕਟਰ ਰਾਜ ਕੁਮਾਰ ਚੱਬੇਵਾਲ : ਇਹ ਸ਼ਡਿਊਲਡ ਕਾਸਟ ਸਬ-ਪਲਾਨ ਵਿੱਚ ਲੈ ਕੇ ਜਾ ਰਹੇ ਹਨ। ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਾਡਾ ਵਾਅਦਾ ਸੀ, ਅਸੀਂ ਚੋਣ ਮੈਨੀਫੈਸਟੋ ਦੇ ਵਿੱਚ ਵਾਅਦਾ ਕੀਤਾ ਸੀ ਔਰ ਲੁਧਿਆਣਾ ਰੈਜ਼ੋਲਿਊਸ਼ਨ ਦੇ ਵਿੱਚ ਅਸੀਂ ਇਹ ਮੰਨਿਆ ਸੀ ਕਿ ਅਸੀਂ ਸ਼ਡਿਊਲਡ ਕਾਸਟ ਸਬ-ਪਲਾਨ ਐਕਟ ਦਲਿਤਾਂ ਦੀ ਭਲਾਈ ਲਈ ਲੈ ਕੇ ਆਉਣਾ ਹੈ। ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਕਦੋਂ ਲੈ ਕੇ ਆਉਣਾ ਹੈ?

ਮੰਤਰੀ : ਸਪੀਕਰ ਸਾਹਿਬ, ਮੈਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ। ਪਹਿਲਾਂ ਹੀ ਮੈਂ ਤਾਂ ਬਹੁਤ ਵੱਡੀ ਗੱਲ ਕਹਿ ਦਿੱਤੀ ਹੈ। ਸੀ.ਐਮ. ਸਾਹਿਬ ਤੇ ਇਤਬਾਰ ਕਰਕੇ, ਮੈਂ ਸੀ.ਐਮ. ਸਾਹਿਬ ਕੋਲ ਭੇਜਣ ਲਈ ਕਿਹਾ ਹੈ। ਮਾਨਯੋਗ ਮੁੱਖ ਮੰਤਰੀ ਜੀ ਨੂੰ ਇਹ ਰਿਪੋਰਟ ਪੇਸ਼ ਕੀਤੀ ਜਾਵੇਗੀ ਪਰ ਫਿਰ ਵੀ ਮੈਂ ਇਨ੍ਹਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ, ਖਾਸ ਕਰਕੇ ਕੈਪਟਨ ਅਮਰਿੰਦਰ ਸਿੰਘ, ਮੁੱਖ ਮੰਤਰੀ, ਪੰਜਾਬ ਜੀ ਕਹਿਣੀ ਅਤੇ ਕਥਨੀ ਦੇ ਪੱਕੇ ਹਨ। ਇਨ੍ਹਾਂ ਨੇ ਜੋ ਕਿਹਾ ਹੈ, ਉਹ ਕੀਤਾ ਹੈ। ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 20.1.2014 ਨੂੰ ਮੰਤਰੀ ਮੰਡਲ ਦੇ ਮਿਤੀ 6.3.2003 ਦੇ ਫੈਸਲੇ ਤੇ ਪੁਨਰ ਵਿਚਾਰ ਕੀਤਾ ਗਿਆ ਸੀ, ਜਿਹੜਾ 6.3.2003 ਨੂੰ ਮਹਾਰਾਜਾ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਸੀ, ਉਸ ਸਮੇਂ ਵਿਚਾਰ ਕੀਤਾ ਗਿਆ ਸੀ ਅਤੇ ਐਸ.ਸੀ/ ਐਸ.ਟੀ. ਲਈ ਨਿਰਧਾਰਿਤ ਰਾਸ਼ੀ ਨੂੰ ਭਲਾਈ ਵਿਭਾਗ ਦੀ ਡਿਮਾਂਡ ਤੇ ਬਜਟ ਹੈੱਡ ਵਿੱਚ ਰੱਖਣ ਸਬੰਧੀ ਫੈਸਲਾ ਵਾਪਸ ਲੈ ਲਿਆ ਸੀ। ਇਹ ਫੈਸਲਾ, ਜਿਹੜੀ ਦਸ ਸਾਲ ਸਰਕਾਰ ਰਹੀ ਹੈ, ਜਿਹੜਾ ਇਹ ਵਧੀਆ ਫੈਸਲਾ ਸੀ, ਇਨ੍ਹਾਂ ਨੇ ਇਹ ਵਾਪਸ ਲੈ ਲਿਆ ਸੀ ਔਰ ਮਿਤੀ 20.1.2014 ਦੇ ਫੈਸਲੇ ਉਪਰੰਤ ਜਾਰੀ ਕੀਤੀ ਅਧਿਸੂਚਨਾ ਮਿਤੀ 10.2.2014 ਦਾ ਮੁੱਖ ਫੈਸਲਾ ਇਹ ਸੀ ਕਿ ਐਸ.ਸੀ./ ਐਸ.ਟੀ. ਦੇ ਬਜਟ ਉਪਬੰਧਾਂ ਨੂੰ ਸਬੰਧਿਤ ਲਾਗੂ ਕਰਤਾ ਵਿਭਾਗ ਦੀ ਡਿਮਾਂਡ ਅਤੇ ਹੈੱਡ ਵਿੱਚ ਹੀ ਬੁੱਕ ਕੀਤਾ ਜਾਵੇਗਾ, ਇਸ ਲਈ ਮੌਜੂਦਾ ਸਮੇਂ ਐਸ.ਸੀ./ ਐਸ.ਟੀ. ਨੂੰ ਮੰਤਰੀ ਮੰਡਲ ਦੇ ਮਿਤੀ 20.1.2014 ਦੇ ਫੈਸਲੇ ਅਨੁਸਾਰ ਹੀ ਲਾਗੂ ਕੀਤਾ ਜਾ ਰਿਹਾ ਹੈ।

Mr. Speaker : Thank you.

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਸਪੀਕਰ ਸਾਹਿਬ, ਜਿਹੜਾ ਮਸਲਾ ਮੈਂ ਉਠਾਉਣ ਜਾ ਰਿਹਾ ਹਾਂ, ਇਹ ਵੀ ਐਸ.ਸੀਜ਼/ ਐਸ.ਟੀਜ਼ ਨਾਲ ਸਬੰਧਿਤ ਹੈ ਜੀ। ਹੁਣੇ ਹੁਣੇ ਪੀ.ਸੀ.ਐਸ. ਦੀਆਂ ਪੋਸਟਾਂ ਨਿਕਲੀਆਂ ਹਨ।

ਮਾਨਯੋਗ ਸਪੀਕਰ : ਇਸ ਸਵਾਲ ਨਾਲ ਸਬੰਧਿਤ ਪ੍ਰਸ਼ਨ ਉਠਾਓ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਮੈਂ ਇਸ ਨਾਲ ਸਬੰਧਿਤ ਹੀ ਗੱਲ ਕਰਦਾ ਹਾਂ ਜੀ।

ਮਾਨਯੋਗ ਸਪੀਕਰ : ਇਸ ਵਿੱਚ ਸਵਾਲ ਪੁੱਛੋ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਮੈਂ ਸਵਾਲ ਕਰਦਾ ਹਾਂ ਜੀ। ਯੂ.ਪੀ.ਐਸ.ਸੀ. ਵਿੱਚ ਐਸ.ਸੀਜ਼, ਐਸ.ਟੀਜ਼ ਲਈ ਅਨਲਿਮਿਟਿਡ ਚਾਂਸਿਜ਼ ਹਨ ਜੀ। ਜਨਰਲ ਕੈਟੇਗਰੀ ਲਈ 6, ਬੀ.ਸੀ. ਲਈ 9, ਐਸ.ਸੀਜ਼, ਐਸ.ਟੀਜ਼ ਲਈ ਅਨਲਿਮਿਟਿਡ ਹਨ ਪਰ ਪੰਜਾਬ ਸਰਕਾਰ ਨੇ ਹੁਣ ਜੋ ਪੀ.ਸੀ.ਐਸ. ਦੀਆਂ ਪੋਸਟਾਂ ਕੱਢੀਆਂ ਹਨ, ਉਸ ਵਿੱਚ ਸਾਰਿਆਂ ਲਈ ਚਾਰ ਚਾਂਸਿਜ਼ ਰੱਖੇ ਹਨ। ਇਸ ਵਿੱਚ ਐਸ.ਸੀਜ਼, ਐਸ.ਟੀਜ਼ ਨੂੰ ਕੋਈ ਐਕਸਟਰਾ ਚਾਂਸ ਨਹੀਂ ਦਿੱਤਾ ਗਿਆ। ਮੈਂ ਮਾਨਯੋਗ ਭਲਾਈ ਮੰਤਰੀ ਜੀ ਨੂੰ ਤੁਹਾਡੇ ਦੁਆਰਾ ਪੁੱਛਣਾ ਚਾਹੁੰਦਾ ਹਾਂ ....

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਕੀ ਇਹ ਇੰਟਰਵੀਨ ਕਰਕੇ ਐਸ.ਸੀਜ਼, ਐਸ.ਟੀਜ਼ ਦੀ ਬਿਹਤਰੀ ਲਈ ਵੱਧ ਚਾਂਸਿਜ਼ ਕਰਵਾਉਣਗੇ?

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ ...(ਵਿਘਨ)... ਤੁਸੀਂ ਸਵਾਲ ਦੇਣਾ ਸੀ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਮੈਨੂੰ ਪਤਾ ਹੈ ਅਲੱਗ ਬਣਦਾ ਹੈ ਪਰ ਇਹ ਅਰਜੈਂਟ ਹੈ, ਇਸ ਲਈ ਇਸ ਦਾ ਜਵਾਬ ਦਿਵਾਓ ਜੀ। ਇਹ ਪੋਸਟਾਂ ਆਲਰੈਡੀ ਐਡਵਰਟਾਈਜ਼ ਹੋ ਚੁੱਕੀਆਂ ਹਨ ਅਤੇ ਉਸ ਤੇ ਸਮਾਜ ਭਲਾਈ ਮੰਤਰੀ ਵੱਲੋਂ ਇਮੀਜੇਟਲੀ ਇੰਟਰਵੀਨ ਕਰਨਾ ਬਣਦਾ ਹੈ।

ਮਾਨਯੋਗ ਸਪੀਕਰ : ਤੁਸੀਂ (ਮੰਤਰੀ ਜੀ ਨੂੰ) ਜਵਾਬ ਦੇਣਾ ਚਾਹੋ ਤਾਂ ਦੇ ਸਕਦੇ ਹੋ, ਵੈਸੇ ਵੱਖਰਾ ਸਵਾਲ ਹੈ।

ਮੰਤਰੀ : ਸਪੀਕਰ ਸਾਹਿਬ, ਪਹਿਲਾਂ ਤਾਂ ਮੇਰਾ ਇਹ ਸਵਾਲ ਨਹੀਂ ਹੈ ਪਰ ਫਿਰ ਵੀ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਥੇ ਮੇਰਾ ਢੁਕਵਾਂ ਸਮਾਂ ਇੰਟਰਵੀਨ ਕਰਨ ਦਾ ਹੋਏਗਾ, ਜ਼ਰੂਰ ਕਰਾਂਗਾ।

ਡਾਕਟਰ ਸੁਖਵਿੰਦਰ ਕੁਮਾਰ : ਸਰ, ਐਸ.ਸੀ./ ਐਸ.ਟੀ. ਸਬ-ਪਲਾਟ ਐਕਟ ਜਿਹੜਾ ਹੈ, ਮੈਂ ਸਮਝਦਾ ਹਾਂ ਕਿ ਇਹ ਸਮੇਂ ਦੀ ਬਹੁਤ ਵੱਡੀ ਲੋੜ ਹੈ ਕਿਉਂਕਿ ਇਸੇ ਕਰਕੇ ਸਰਕਾਰਾਂ ਜੋ ਵਾਅਦੇ ਕਰਦੀਆਂ ਹਨ, ਉਹ ਪੂਰੇ ਨਹੀਂ ਕਰ ਪਾਉਂਦੀਆਂ ਪਰ ਜੇਕਰ ਇਹ ਐਕਟ ਆਏਗਾ, ਮੈਂ ਸਮਝਦਾ ਕਿ ਜਿੰਨੀਆਂ ਵੀ ਕੋਈ ਵੀ ਗੌਰਮਿੰਟ....

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ।

ਡਾਕਟਰ ਸੁਖਵਿੰਦਰ ਕੁਮਾਰ : ਮੈਂ ਉਥੇ ਹੀ ਆ ਰਿਹਾ ਹਾਂ ਜੀ। ਸਰ, ਮੈਂ ਸਮਝਦਾ ਹਾਂ ਕਿ ਜੇ ਸਰਕਾਰਾਂ ਇੰਨੇ ਲੋਕਾਂ ਨਾਲ ਵਾਅਦੇ ਕਰਦੀਆਂ ਹਨ, ਕੀ ਉਹ ਪੂਰੇ ਕਰਨਗੀਆਂ? ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੇ ਇਹ ਐਕਟ ਹੁੰਦਾ ਤਾਂ ਸ਼ਾਇਦ ਜਿਹੜਾ ਪਿਛਲੀ ਵਾਰ ਕਿਹਾ ਹੈ ਕਿ ਪੋਸਟ ਮੈਟਰਿਕ ਸਕਾਲਰਸ਼ਿੱਪ ਦੇ ਵਿੱਚ 620 ਕਰੋੜ ਰੁਪਿਆ ਇਨ੍ਹਾਂ ਨੇ ਰੱਖਿਆ ਸੀ ਔਰ ਇਸ ਵਾਰ ਤਜਵੀਜ਼ ਹੈ ਕਿ 860 ਕਰੋੜ ਰੁਪਿਆ ਅਸੀਂ ਪੋਸਟ ਮੈਟਰਿਕ ਸਕਾਲਰਸ਼ਿੱਪ ਦੇ ਲਈ ਰੱਖਿਆ ਹੈ। ਮੈਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਪਿਛਲੀ ਵਾਰੀ 620 ਕਰੋੜ ਰੁਪਿਆ ਜਿਹੜਾ ਪੋਸਟ ਮੈਟਰਿਕ ਸ਼ਕਾਲਰਸ਼ਿੱਪ ਲਈ ਰੱਖਿਆ ਸੀ, ਕੀ ਉਹ ਕਿਸੇ ਨੂੰ ਦਿੱਤਾ ਹੈ?

ਮਾਨਯੋਗ ਸਪੀਕਰ : ਇਸ ਸਵਾਲ ਨਾਲ ਇਸ ਦਾ ਤਾਅਲੁੱਕ ਨਹੀਂ ਬਣਦਾ। ਇਹ ਪੋਸਟ ਮੈਟਰਿਕ ਸ਼ਕਾਲਰਸ਼ਿੱਪ ਨਾਲ ਸਬੰਧਿਤ ਹੈ। ਅਗਲਾ ਸਵਾਲ ਸ਼੍ਰੀਮਤੀ ਸਤਕਾਰ ਕੌਰ।

ਹਲਕਾ ਫਿਰੋਜ਼ਪੁਰ ਦਿਹਾਤੀ ਵਿਚ ਆਰ.ਓ. ਮੁਹੱਈਆ ਕਰਵਾਉਣਾ

*1312. **ਸ਼੍ਰੀਮਤੀ ਸਤਕਾਰ ਕੌਰ** : ਕੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਆਰ.ਓ. ਪ੍ਰਣਾਲੀ ਰਹਿਤ ਕਿੰਨੇ ਵਾਟਰ ਵਰਕਸ ਹਨ;

(ਅ) ਉਪਰੋਕਤ ਵਰਣਿਤ ਵਾਟਰ ਵਰਕਸ ਵਿੱਚ ਆਰ.ਓ. ਪ੍ਰਣਾਲੀ ਮੁਹੱਈਆ ਕਰਾਉਣ ਬਾਰੇ ਸਰਕਾਰ ਦੀ ਕੀ ਤਜਵੀਜ਼ ਹੈ ਅਤੇ ਇਸ ਵਿੱਚ ਕਿੰਨਾ ਸਮਾਂ ਲੱਗੇਗਾ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : (ੳ) ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਕੁੱਲ 117 ਵਾਟਰ ਵਰਕਸ ਹਨ, ਜਿਨ੍ਹਾਂ ਵਿੱਚੋਂ 34 ਵਾਟਰ ਵਰਕਸ ਆਰ.ਓ. ਪ੍ਰਣਾਲੀ ਤੋਂ ਰਹਿਤ ਹਨ।

(ਅ) ਹਲਕਾ ਫਿਰੋਜ਼ਪੁਰ ਦਿਹਾਤੀ ਦੇ 2 ਪਿੰਡਾਂ/ਆਬਾਦੀਆਂ (ਫੱਤੂ ਵਾਲਾ ਉਤਾੜ ਅਤੇ ਰੁਕਨਾ ਮੁੰਗਲਾ) ਵਿੱਚ 31.98 ਲੱਖ ਰੁਪਏ ਦੀ ਲਾਗਤ ਨਾਲ ਆਰ.ਓ. ਪਲਾਂਟ ਲਗਾਉਣ ਦੀ ਤਜਵੀਜ਼ ਹੈ ਅਤੇ ਇਹ ਕੰਮ ਸਾਲ ਦਸੰਬਰ, 2018 ਵਿੱਚ ਮੁਕੰਮਲ ਕਰ ਦਿੱਤਾ ਜਾਵੇਗਾ।

ਮੈਂ ਮੈਂਬਰ ਸਾਹਿਬਾ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੇ ਹਲਕੇ ਵਿਚ 117 ਵਾਟਰ ਵਰਕਸ ਹਨ, 83 ਵਾਟਰ ਵਰਕਸ ਤੇ ਆਰ.ਓ. ਲੱਗੇ ਹਨ ਤੇ 83 ਵਿਚੋਂ ਪਾਣੀ ਬੜਾ ਵਧੀਆ ਦਿੱਤਾ ਜਾ ਰਿਹਾ ਹੈ। 34 ਪਿੰਡਾਂ ਵਿਚੋਂ, ਜਿਥੇ ਆਰ.ਓ. ਵੀ ਲੱਗੇ ਹਨ, ਸਿਰਫ ਦੋ ਪਿੰਡ ਅਜਿਹੇ ਹਨ ਜਿਨ੍ਹਾਂ ਦਾ ਪਾਣੀ ਦੂਸ਼ਿਤ ਹੈ। ਉਥੇ ਆਰ.ਓ. ਲਗਾਉਣ ਦੀ ਲੋੜ ਹੈ। ਬਾਕੀ ਦਾ ਪਾਣੀ ਜਿਹੜਾ ਬਹੁਤ ਵਧੀਆ ਹੈ ਉਥੇ ਕੋਈ ਯੰਤਰ ਲਗਾਉਣ ਦੀ ਲੋੜ ਨਹੀਂ ਹੈ। ਜਿਹੜੇ ਇਹ ਦੋ ਪਿੰਡ ਹਨ, ਉਨ੍ਹਾਂ ਲਈ ਅਸੀਂ 31 ਲੱਖ ਰੁਪਏ ਦਾ ਐਸਟੀਮੇਟ ਬਣਾਇਆ ਹੈ। ਅਸੀਂ ਇਸ ਸਾਲ ਦੇ ਐਂਡ ਤੱਕ ਇਹ ਕਰਵਾ ਕੇ ਆਰ.ਓ. ਲਗਵਾ ਦਿਆਂਗੇ।

ਮਾਨਯੋਗ ਸਪੀਕਰ : ਦੋ ਪਿੰਡਾਂ ਵਿੱਚ ਕਹਿੰਦੇ ਹਨ ਕਿ ਆਰ.ਓ. ਦੀ ਜ਼ਰੂਰਤ ਹੈ ਤੇ ਕਹਿੰਦੇ ਹਨ ਕਿ ਉਨ੍ਹਾਂ ਦੋਹਾਂ ਪਿੰਡਾਂ ਵਿਚ ਲਗਾਵਾਂਗੇ।

ਸ਼੍ਰੀਮਤੀ ਸਤਕਾਰ ਕੌਰ : ਸਪੀਕਰ ਸਾਹਿਬ, 210 ਪਿੰਡ ਹਨ ਤੇ ਉਨ੍ਹਾਂ ਵਿਚ ਹੋਰ ਵੀ ਬਹੁਤ ਸਾਰੇ ਪਿੰਡ ਹੈ। ਜੇਕਰ 117 ਵਾਟਰ ਵਰਕਸ ਲਗਾਏ ਹਨ ਤਾਂ ਇਸ ਵਿਚ ਬਹੁਤ ਸਾਰੇ ਪਿੰਡ ਰਹਿ ਜਾਂਦੇ ਹਨ। ਮਮਦੋਟ ਇੱਕ ਅਜਿਹਾ ਕਸਬਾ ਹੈ, ਜਿਸ ਵਿਚ ਆਰ.ਓ. ਸਿਸਟਮ ਮੇਰੇ ਖਿਆਲ ਹੈ ਹੀ ਨਹੀਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦੀ ਹਾਂ ਕਿ ਇਹ ਕਦੋਂ ਤੱਕ ਲਗਾ ਦਿੱਤੇ ਜਾਣਗੇ ਕਿਉਂਕਿ ਬਹੁਤ ਮਾੜੀ ਹਾਲਤ ਹੈ ਜੀ।

ਮਾਨਯੋਗ ਸਪੀਕਰ : ਮਮਦੋਟ ਵਿਚ ਪੁੱਛਦੇ ਹਨ, ਕੋਈ ਦੱਸ ਸਕਦੇ ਹੋ?

ਮੰਤਰੀ : ਜਿਥੇ ਪਾਣੀ ਗੰਦਾ ਹੋਵੇਗਾ ਉਥੇ ਜ਼ਰੂਰ ਲਗਾਵਾਂਗੇ। ਜੇ ਕੋਈ ਇਹੋ ਜਿਹੇ ਪਿੰਡ ਮੈਂਬਰ ਸਾਹਿਬਾਨ ਦੇ ਨੋਟਿਸ ਵਿੱਚ ਹਨ ਤਾਂ ਮੈਨੂੰ ਮਿਲ ਲੈਣ ਜਾਂ ਚਿੱਠੀ ਲਿਖ ਦੇਣ ਤਾਂ ਉਥੇ ਵੀ ਆਰ.ਓ. ਸਿਸਟਮ ਲਗਾ ਦਿੱਤਾ ਜਾਵੇਗਾ।

ਮਾਨਯੋਗ ਸਪੀਕਰ : ਤੁਸੀਂ ਲਿਖ ਕੇ ਭੇਜ ਦਿਉ।

Smt. Satkar Kaur : Thank you ji.

ਮਾਨਯੋਗ ਸਪੀਕਰ : ਅਗਲਾ ਸਵਾਲ।

ਨਿਸ਼ਾਨ ਵਾਲੇ ਪ੍ਰਸ਼ਨ ਨੰ: 933, 750 ਅਤੇ 1330

(ਸਬੰਧਿਤ ਮੈਂਬਰਾਂ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਏ।)

ਹਲਕਾ ਧੂਰੀ ਦੇ ਸਿਵਲ ਹਸਪਤਾਲ ਵਿੱਚ ਅਲੱਗ ਤੋਂ ਗਾਇਨੀ ਵਾਰਡ ਬਣਾਉਣਾ

*1300. **ਸ਼੍ਰੀ ਦਲਵੀਰ ਸਿੰਘ ਗੋਲਡੀ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਧੂਰੀ ਸ਼ਹਿਰ ਦੇ 50 ਬੈੱਡਾਂ ਵਾਲੇ ਸਰਕਾਰੀ ਹਸਪਤਾਲ ਵਿੱਚ ਐਮ.ਸੀ.ਐਚ. (ਗਾਇਨੀ) ਵਾਰਡ ਨਹੀਂ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਆਉਣ ਵਾਲੇ ਸਮੇਂ ਵਿੱਚ ਘੱਟੋ-ਘੱਟ 10 ਬੈੱਡਾਂ ਦਾ ਐਮ.ਸੀ.ਐਚ. (ਗਾਇਨੀ) ਵਾਰਡ ਅਲੱਗ ਤੋਂ ਬਣਾਉਣ ਲਈ ਕੋਈ ਉਪਰਾਲਾ ਕਰੇਗੀ ;

(ਅ) ਕੀ ਸਰਕਾਰ ਸਿਵਲ ਹਸਪਤਾਲ, ਧੂਰੀ ਵਿੱਚ ਡਿਜੀਟਲ ਐਕਸ-ਰੇ ਮਸ਼ੀਨ ਅਤੇ ਹਾਰਟ ਚੈਕ-ਅੱਪ ਲਈ ਆਧੁਨਿਕ ਮਸ਼ੀਨਾਂ ਲਗਾਉਣ ਲਈ ਕੋਈ ਯੋਗ ਉਪਰਾਲਾ ਕਰੇਗੀ ;

(ੲ) ਕੀ ਸਰਕਾਰ ਹਲਕਾ ਧੂਰੀ ਦੇ ਸਿਵਲ ਹਸਪਤਾਲ ਵਿੱਚ ਕੈਂਸਰ ਦੇ ਮਰੀਜ਼ਾਂ ਦੇ ਚੈਕ-ਅੱਪ ਕਰਵਾਉਣ ਲਈ ਕੈਂਸਰ ਚੈਕ-ਅੱਪ ਸੈਂਟਰ ਖੋਲ੍ਹਣ ਦਾ ਵੀ ਕੋਈ ਯੋਗ ਉਪਰਾਲਾ ਕਰੇਗੀ?

ਸ਼੍ਰੀ ਬ੍ਰਹਮ ਮਹਿੰਦਰਾ : (ੳ) ਇਹ ਠੀਕ ਹੈ ਕਿ ਧੂਰੀ ਸ਼ਹਿਰ ਦੇ 50 ਬੈੱਡਾਂ ਵਾਲੇ ਸਰਕਾਰੀ ਹਸਪਤਾਲ ਵਿੱਚ ਐਮ.ਸੀ.ਐਚ. (ਗਾਇਨੀ) ਦਾ ਵੱਖਰਾ ਵਿੰਗ ਨਹੀਂ ਹੈ, ਪਰ ਇਸ ਹਸਪਤਾਲ ਵਿਖੇ ਜੱਚਾ ਬੱਚਾ/ਗਾਇਨੀ ਦੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਇਸ ਸਮੇਂ ਸਿਵਲ ਹਸਪਤਾਲ ਧੂਰੀ ਵਿਖੇ 10 ਬਿਸਤਰਿਆਂ ਦਾ ਐਮ.ਸੀ.ਐਚ. (ਗਾਇਨੀ) ਵਾਰਡ ਅਲੱਗ ਤੋਂ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ।

(ਅ) ਸਬ-ਡਵੀਜ਼ਨਲ ਹਸਪਤਾਲਾਂ ਵਿੱਚ ਡਿਜੀਟਲ ਐਕਸ-ਰੇ ਦੀਆਂ ਮਸ਼ੀਨਾਂ ਲਗਾਉਣ ਲਈ ਟੈਂਡਰ ਫਲੋਟ ਕੀਤਾ ਹੋਇਆ ਹੈ। ਇਸ ਦੀ ਪ੍ਰਕਿਰਿਆ ਦੇ ਪੂਰੀ ਹੋਣ ਉਪਰੰਤ ਡਿਜੀਟਲ ਐਕਸ-ਰੇ ਦੀ ਮਸ਼ੀਨ ਇਸ ਹਸਪਤਾਲ ਵਿਖੇ ਜਲਦ ਹੀ ਮੁਹੱਈਆ ਕਰਵਾ ਦਿੱਤੀ ਜਾਵੇਗੀ। ਹਾਰਟ ਚੈਕ-ਅੱਪ ਲਈ ਆਧੁਨਿਕ ਮਸ਼ੀਨ ਦੀ ਖਰੀਦ ਸਬੰਧੀ ਫਿਲਹਾਲ ਕੋਈ ਤਜਵੀਜ਼ ਨਹੀਂ ਹੈ।

(ੲ) ਸਿਵਲ ਹਸਪਤਾਲ ਧੂਰੀ ਵਿੱਚ ਕੈਂਸਰ ਦੇ ਮਰੀਜ਼ਾਂ ਦੀ ਮੁੱਢਲੀ ਜਾਂਚ ਕਰਨ ਉਪਰੰਤ ਉਨ੍ਹਾਂ ਨੂੰ ਅੱਗੇ ਜਾਂਚ ਅਤੇ ਇਲਾਜ ਲਈ ਹੋਮੀ ਭਾਬਾ ਕੈਂਸਰ ਸੈਂਟਰ, ਸੰਗਰੂਰ ਵਿਖੇ ਰੈਫਰ ਕੀਤਾ ਜਾਂਦਾ ਹੈ ਜੋ ਕਿ ਧੂਰੀ ਤੋਂ ਲਗਭਗ 15 ਕਿਲੋਮੀਟਰ ਦੂਰੀ ਤੇ ਹੈ।

ਸ਼੍ਰੀ ਦਲਵੀਰ ਸਿੰਘ ਗੋਲਡੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਵੀ ਕਰਨਾ ਚਾਹੁੰਦਾ ਹਾਂ ਕਿ ਧੂਰੀ ਹਸਪਤਾਲ ਵਿਚ ਕਾਫੀ ਮੁਸ਼ਕਲਾਂ ਸਨ, ਇਨ੍ਹਾਂ ਨੇ ਉਹ ਠੀਕ ਵੀ ਕਰਵਾਈਆਂ ਹਨ। ਪਰ ਸਰ, ਤੁਸੀਂ ਗਾਇਨੀ ਦਾ ਸਾਨੂੰ 10 ਬੈੱਡ ਦਾ ਹਸਪਤਾਲ ਦੇ ਦਿਉ ਕਿਉਂਕਿ ਉਥੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਬਹੁਤ ਮਹਿੰਗਾ ਹੈ। ਉਥੇ 74 ਪਿੰਡ ਪੈਂਦੇ ਹਨ। ਸਰ, ਜੇਕਰ ਕਿਰਪਾ ਕਰਕੇ ਤੁਸੀਂ ਆਉਣ ਵਾਲੇ ਸਮੇਂ ਵਿੱਚ ਕਰ ਦਿਉ ਤਾਂ ਇਹ ਧੂਰੀ ਲਈ ਬਹੁਤ ਹੀ ਫਾਇਦੇਮੰਦ ਰਹੇਗਾ। ਦੂਸਰਾ ਜੋ ਡਿਜੀਟਲ ਐਕਸ-ਰੇ ਮਸ਼ੀਨ ਦੀ ਗੱਲ ਕੀਤੀ ਗਈ ਹੈ, ਇਹ ਬਹੁਤ ਜ਼ਿਆਦਾ ਜ਼ਰੂਰੀ ਹੈ। ਤੁਸੀਂ ਇਸ ਬਾਰੇ ਸਾਨੂੰ ਵਿਸ਼ਵਾਸ ਵੀ ਦਿਵਾਇਆ ਹੈ ਕਿ ਆਉਣ ਵਾਲੇ ਸਮੇਂ ਵਿੱਚ ਹੋ ਜਾਵੇਗਾ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਇੱਕ ਹੋਰ ਗੱਲ ਕਰਨੀ ਚਾਹੁੰਦਾ ਹਾਂ ਕਿ ਪ੍ਰਾਈਵੇਟ ਹਸਪਤਾਲਾਂ ਵਿੱਚ ਜਿਹੜੇ ਵੈਂਟੀਲੇਟਰ ਹੁੰਦੇ ਹਨ, ਉਨ੍ਹਾਂ ਦਾ ਪ੍ਰਾਈਵੇਟ ਹਸਪਤਾਲ ਵਾਲੇ ਇੱਕ ਦਿਨ ਦਾ ਤਕਰੀਬਨ 50,000 ਰੁਪਿਆ ਕਿਰਾਇਆ ਲੈਂਦੇ ਹਨ ਤੇ ਕਈ ਵਾਰ ਤਾਂ ਇਹ ਵੀ ਵੇਖਿਆ ਗਿਆ ਹੈ ਕਿ ਬੰਦੇ ਵਿੱਚ ਜਾਨ ਨਹੀਂ ਹੁੰਦੀ ਪਰ ਉਹ ਉਸ ਬੰਦੇ ਨੂੰ ਪੰਜ-ਪੰਜ ਚਾਰ-ਚਾਰ ਦਿਨ ਵੈਂਟੀਲੇਟਰ ਉਤੇ ਰੱਖੀ ਰੱਖਦੇ ਹਨ ਅਤੇ ਇਸ ਤਰ੍ਹਾਂ ਲੋਕਾਂ ਦਾ ਬਹੁਤ ਨੁਕਸਾਨ ਹੁੰਦਾ ਹੈ। ਆਪਾਂ ਕੋਈ ਨਾ ਕੋਈ ਇਹੋ ਜਿਹੀ ਅਥਾਰਿਟੀ ਐਪੁਆਇੰਟ ਕਰੀਏ ਜਿਹੜੀ ਉਨ੍ਹਾਂ ਤੇ ਚੈੱਕ ਰੱਖ ਸਕੇ ਤਾਂ ਕਿ ਜਿਹੜੇ ਲੋਕ ਇਲਾਜ ਕਰਵਾਉਣ ਆਉਂਦੇ ਹਨ, ਉਨ੍ਹਾਂ ਦਾ ਫਾਇਦਾ ਹੋ ਸਕੇ। ਡਾਕਟਰ ਰੱਬ ਦਾ ਰੂਪ ਹੁੰਦੇ ਹਨ..

ਮਾਨਯੋਗ ਸਪੀਕਰ : ਤੁਸੀਂ ਸਵਾਲ ਕਰੋ। ਗੋਲਡੀ ਜੀ, ਸਵਾਲ ਪੁੱਛੋ।

ਸ਼੍ਰੀ ਦਲਵੀਰ ਸਿੰਘ ਗੋਲਡੀ : ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਵੈਂਟੀਲੇਟਰ ਉਤੇ ਵੀ ਜੇ ਆਪਾਂ ਗੌਰਮਿੰਟ ਹਸਪਤਾਲ ਵਿੱਚ ਜਾਂ ਇਨ੍ਹਾਂ ਉਪਰ ਚੈੱਕ ਰੱਖੀਏ ਤਾਂ ਜ਼ਿਆਦਾ ਵਧੀਆ ਗੱਲ ਹੈ ਤੇ ਉਨ੍ਹਾਂ ਦੀ ਜਿਹੜੀ ਕੀਮਤ ਹੈ, ਉਸ ਨੂੰ ਕਿਸੇ ਨਾ ਕਿਸੇ ਤਰ੍ਹਾਂ ਘਟਾ ਸਕੀਏ।

ਮਾਨਯੋਗ ਸਪੀਕਰ : ਵੈਂਟੀਲੇਟਰ ਤੇ ਚੈੱਕ ਰੱਖਣ ਲਈ ਗੌਰ ਕਰੋਗੇ?

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਦੋ ਗੱਲਾਂ ਹੋਰ ਵੀ ਕਹੀਆਂ ਹਨ। ਇਨ੍ਹਾਂ ਨੇ 15 ਬੈੱਡ ਦਾ ਹਸਪਤਾਲ ਕਿਹਾ ਹੈ। ਮੈਂ ਐਸ਼ੋਅਰ ਕਰਦਾ ਹਾਂ ਕਿ ਇਨ੍ਹਾਂ ਦਾ ਜਲਦੀ ਹੀ, ਜਿਸ ਦਿਨ ਸਾਡੀ ਡਾਕਟਰਾਂ ਦੀ ਕਮੀ ਪੂਰੀ ਹੋ ਗਈ, ਰਿਕਰੂਟਮੈਂਟ ਚੱਲ ਰਹੀ ਹੈ, ਜਲਦੀ ਸ਼ੁਰੂ ਹੋ ਜਾਣੀ ਹੈ, ਉਸ ਦਿਨ ਹੀ ਇਨ੍ਹਾਂ ਦਾ 15 ਬੈੱਡ ਦਾ ਹਸਪਤਾਲ ਕਰ ਦਿਆਂਗੇ। ਦੂਸਰਾ, ਡਿਜੀਟਲ ਐਕਸ-ਰੇ ਮਸ਼ੀਨਾਂ ਵਾਸਤੇ 41 ਦੇ ਕਰੀਬ ਟੈਂਡਰ ਫਲੋਟ ਕੀਤਾ ਹੋਇਆ ਹੈ। ਜਿਸ ਵੇਲੇ ਆ ਗਈਆਂ, ਜਿੱਥੇ ਬਾਕੀ ਹੋਰ ਹਸਪਤਾਲਾਂ ਨੂੰ ਵੀ ਦੇਣੀਆਂ ਹਨ, ਇੱਕ ਮਸ਼ੀਨ ਇਨ੍ਹਾਂ ਨੂੰ ਦੇ ਦਿੱਤੀ ਜਾਵੇਗੀ। ਜਿਥੋਂ ਤੱਕ ਇਨ੍ਹਾਂ ਨੇ ਪ੍ਰਾਈਵੇਟ ਹਸਪਤਾਲਾਂ ਵਿੱਚ ਵੈਂਟੀਲੇਟਰ ਦੀ ਮਿਸਯੂਜ਼ ਬਾਰੇ ਕਿਹਾ ਹੈ, ਮੈਂ ਕੱਲ੍ਹ ਵੀ ਇਸ ਪਵਿੱਤਰ ਸਦਨ ਨੂੰ ਇਹ ਜਾਣਕਾਰੀ ਦਿੱਤੀ ਸੀ ਕਿ ਬਹੁਤ ਜਲਦੀ ਕਲੀਨਿਕਲ ਐਸਟੈਬਲਿਸ਼ਮੈਂਟ ਐਕਟ ਲਿਆ ਰਹੇ ਹਾਂ, ਜਿਸ ਨਾਲ ਪ੍ਰਾਈਵੇਟ ਹਸਪਤਾਲਾਂ ਦੀ ਜਦੋਂ ਰੈਗੂਲੇਰਾਈਜ਼ੇਸ਼ਨ ਕਰਨੀ ਹੈ, ਉਸ ਵੇਲੇ ਅਸੀਂ ਇਹ ਇਸ਼ੂ ਖਾਸ ਤੌਰ ਤੇ ਦੇਖਣਾ ਹੈ ਕਿ ਜਿਹੜੀ ਪੇਸ਼ੈਂਟ ਨੂੰ ਵੈਂਟੀਲੇਟਰ ਤੇ ਲਗਾਉਣ ਦੀ ਆਮ ਗੱਲ ਆਉਂਦੀ ਹੈ, ਪੇਸ਼ੈਂਟ ਠੀਕ ਨਹੀਂ ਹੁੰਦਾ, ਬ੍ਰੇਨ ਡੈੱਡ ਹੁੰਦਾ ਹੈ ਪਰ ਉਸ ਨੂੰ ਵੈਂਟੀਲੇਟਰ ਤੇ ਲਗਾਈ ਰੱਖਦੇ ਹਨ ਅਤੇ ਜ਼ਿਆਦਾ ਪੈਸੇ ਚਾਰਜ ਕਰਦੇ ਹਨ। ਇਹ ਇੱਕ ਬਹੁਤ ਵੱਡੀ ਇਸ ਸਿਸਟਮ ਵਿੱਚ ਗਿਰਾਵਟ ਆਈ ਹੋਈ ਹੈ ਅਤੇ ਅਸੀਂ ਇਸ ਨੂੰ ਜਲਦੀ ਹੀ ਠੀਕ ਕਰਾਂਗੇ।

ਸਰਦਾਰ ਕੁਲਤਾਰ ਸਿੰਘ ਸੰਧਵਾਂ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਹੁਤ ਹੀ ਸਤਿਕਾਰਯੋਗ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਗਰੀਬ ਲੋਕ ਹਨ, ਉਹ ਜ਼ਿਆਦਾਤਰ ਸਰਕਾਰੀ ਹਸਪਤਾਲਾਂ ਵਿੱਚ ਹੀ ਜਾਂਦੇ ਹਨ। ਜਿਸ ਤਰ੍ਹਾਂ ਫਰੀਦਕੋਟ ਮੈਡੀਕਲ ਕਾਲਜ ਵਿੱਚ ਪਾਰਕਿੰਗ ਵਾਲੇ 10/- ਰੁਪਏ ਦੀ ਪਰਚੀ ਦੇ 30/- ਰੁਪਏ ਲੈਂਦੇ ਹਨ। ਕੀ ਇਸ ਹਸਪਤਾਲ, ਜਿਸ ਦੀ ਗੱਲ ਹੋ ਰਹੀ ਹੈ, ਉਥੇ ਵੀ ਇਹੀ ਸਿਸਟਮ ਹੈ? ਕੀ ਇਸ ਚੀਜ਼ ਤੇ ਚੈੱਕ ਰੱਖਣ ਦੀ ਕੋਈ ਤਜਵੀਜ਼ ਮੰਤਰੀ ਜੀ ਕੋਲ ਹੈ?

ਮੰਤਰੀ : ਸਪੀਕਰ ਸਾਹਿਬ, ਜਿੰਨੇ ਵੀ ਨਿਕੰਮੇ ਕੰਮ ਪਿਛਲੇ 10 ਸਾਲਾਂ ਵਿੱਚ ਹੋਏ ਸਨ, ਉਨ੍ਹਾਂ ਨੂੰ ਠੀਕ ਕਰਨ ਦੀ ਜ਼ਿੰਮੇਵਾਰੀ ਮੈਨੂੰ ਮਿਲੀ ਹੋਈ ਹੈ। (ਹਾਸਾ) ਪਾਰਕਿੰਗ ਦੀ ਫੀਸ ਵਾਲਾ ਸਭ ਤੋਂ ਜ਼ਿਆਦਾ ਨਿਕੰਮਾ ਕੰਮ ਪਿਛਲੀ ਸਰਕਾਰ ਕਰਕੇ ਗਈ ਹੈ। ਇਹ ਟੈਂਡਰ ਸਿਸਟਮ ਨਾਲ ਕੀਤਾ ਗਿਆ ਹੈ ਅਤੇ 31 ਮਾਰਚ, 2018 ਨੂੰ ਬਹੁਤ ਸਾਰੇ ਹਸਪਤਾਲਾਂ ਦੇ ਪਾਰਕਿੰਗ ਦੇ ਟੈਂਡਰ ਖਤਮ ਹੋਣੇ ਹਨ। ਨਵੇਂ ਟੈਂਡਰ ਲਿਆਂਦੇ ਜਾਣਗੇ ਅਤੇ ਬੜੀ ਸ਼ਰਾਫਤ, ਇਮਾਨਦਾਰੀ ਨਾਲ ਟੈਂਡਰ ਹੋਣਗੇ। ਇਸ ਵਿੱਚ ਅਸੀਂ ਰੇਟ ਵੀ ਘਟਾਉਣ ਦੀ ਸੋਚ ਰਹੇ ਹਾਂ।ਇਸ ਤੋਂ ਇਲਾਵਾ ਪੇਸ਼ੈਂਟ ਜਾਂ ਉਸ ਦੇ ਨਾਲ ਜਿਹੜਾ ਅਟੈਂਡੈਂਟ ਆਇਆ ਹੁੰਦਾ ਹੈ, ਉਸ ਦੀ ਇੱਜ਼ਤ ਕਰਨ, ਪਾਰਕਿੰਗ ਸਹੂਲਤ ਅੱਛੀ ਦੇਣ, ਪਾਰਕਿੰਗ ਦੇ ਪੈਸੇ ਘਟਾਏ ਜਾਣ ਬਾਰੇ ਵੀ ਸੋਚ ਰਹੇ ਹਾਂ। ਮੈਂ ਐਸ਼ੋਅਰ ਕਰਦਾ ਹਾਂ ਕਿ ਅਜਿਹਾ ਅਸੀਂ ਕਰਾਂਗੇ।

ਮਾਨਯੋਗ ਸਪੀਕਰ: ਅਗਲਾ ਸਵਾਲ। ਹਰਿੰਦਰਪਾਲ ਸਿੰਘ ਜੀ।

ਸ੍ਰੀ ਅਮਿਤ ਵਿਜ : ਸਪੀਕਰ ਸਾਹਿਬ, ਸਪਲੀਮੈਂਟਰੀ....

ਮਾਨਯੋਗ ਸਪੀਕਰ : ਬੈਠੋ ਜੀ। ਇਸ ਨੂੰ ਜਨਰੇਲਾਈਜ਼ ਨਾ ਕਰੋ।

ਸ੍ਰੀ ਅਮਿਤ ਵਿਜ : ਸਰ, ਇਸ ਦੇ ਨਾਲ ਹੀ ਰਿਲੇਟਿਡ ਹੈ।

ਮਾਨਯੋਗ ਸਪੀਕਰ : ਦੱਸੋ ਕੀ ਕਹਿਣਾ ਹੈ?

ਸ਼੍ਰੀ ਅਮਿਤ ਵਿਜ : ਸਰ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅੰਮ੍ਰਿਤਸਰ ਵਿਖੇ 40-50 ਸਾਲ ਪੁਰਾਣਾ ਟੀ.ਬੀ. ਹਸਪਤਾਲ ਹੈ...

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ।

ਸ਼੍ਰੀ ਅਮਿਤ ਵਿਜ: ਨਹੀਂ ਜੀ, ਮੈਂ ਉਸੇ ਪਾਸੇ ਹੀ ਆ ਰਿਹਾ ਹਾਂ। ਡਿਜੀਟਲ ਐਕਸ-ਰੇ ਮਸ਼ੀਨ ਜਿਹੜੀ ਮੰਤਰੀ ਜੀ ਨੇ ਕਹੀ ਹੈ, ਇਸ ਹਸਪਤਾਲ ਵਿੱਚ ਵੀ ਇਸ ਦੀ ਬਹੁਤ ਜ਼ਰੂਰਤ ਹੈ। ਮਨਿਸਟਰ ਸਾਹਿਬ ਨੂੰ ਅਸੀਂ ਕਹਿ ਚੁੱਕੇ ਹਾਂ ਕਿ ਇਹ ਉਸ ਹਸਪਤਾਲ ਵਾਸਤੇ ਵੀ ਦਿੱਤੀ ਜਾਵੇ।

ਮਾਨਯੋਗ ਸਪੀਕਰ : ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। ਅੰਗਦ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

ਸ਼੍ਰੀ ਅੰਗਦ ਸਿੰਘ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਐਕਸ-ਰੇ ਮਸ਼ੀਨ ਤਾਂ ਜ਼ਰੂਰੀ ਹੈ ਪਰ ਅੱਜ ਦੇ ਸਮੇਂ ਵਿੱਚ ਸੀ.ਟੀ. ਸਕੈਨ ਬਹੁਤ ਇੰਪਾਰਟੈਂਟ ਹੈ। ਜਿੱਥੇ ਤੱਕ ਦੁਆਬੇ ਦੀ ਗੱਲ ਹੈ, ਮੇਰੇ ਖਿਆਲ ਵਿੱਚ ਸਿਰਫ ਜਲੰਧਰ ਸ਼ਹਿਰ ਵਿੱਚ ਹੀ ਸੀ.ਟੀ. ਸਕੈਨ ਦੀ ਮਸ਼ੀਨ ਸਰਕਾਰੀ ਹਸਪਤਾਲ ਵਿੱਚ ਹੈ। ਕੀ ਸਰਕਾਰ ਦੀ ਕੋਈ ਪ੍ਰੋਪੋਜ਼ਲ ਹੈ ਕਿ ਜ਼ਿਲ੍ਹੇ ਦੇ ਜਿਹੜੇ ਡਿਸਟ੍ਰਿਕਟ ਹਸਪਤਾਲ ਹਨ, ਉਨ੍ਹਾਂ ਵਿੱਚ ਆਉਣ ਵਾਲੇ ਸਮੇਂ ਵਿੱਚ ਸੀ.ਟੀ. ਸਕੈਨ ਮਸ਼ੀਨ ਪ੍ਰੋਵਾਈਡ ਕਰਵਾਈ ਜਾਵੇਗੀ?

ਮਾਨਯੋਗ ਸਪੀਕਰ : ਵੱਖਰਾ ਸਵਾਲ ਬਣਦਾ ਹੈ। ਮੰਤਰੀ ਜੀ, ਤੁਸੀਂ ਜਵਾਬ ਦੇਣਾ ਚਾਹੋ ਤਾਂ ਦੇ ਸਕਦੇ ਹੋ। Otherwise it is not binding.

ਮੰਤਰੀ : ਸਪੀਕਰ ਸਾਹਿਬ, ਅਸੀਂ ਸੀ.ਟੀ. ਸਕੈਨ ਦੀਆਂ ਮਸ਼ੀਨਾਂ ਪਲੈਨ ਤਾਂ ਕਰ ਰਹੇ ਹਾਂ ਪਰ ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਇਹ ਗੱਲ ਕਹਿਣੀ ਚਾਹਾਂਗਾ ਕਿ ਜਿਹੜਾ ਇਨ੍ਹਾਂ ਦਾ ਦੁਆਬੇ ਦਾ ਇਲਾਕਾ ਹੈ, ਇਹ ਬੜਾ rich ਇਲਾਕਾ ਹੈ। ਬੜੇ ਐਨ.ਆਰ.ਆਈ. ਇੱਥੋਂ ਦੇ ਹਨ ਅਤੇ ਬੜੇ rich, ਅਮੀਰ ਐਨ.ਆਰ.ਆਈ. ਹਨ। ਇਹ ਕੋਈ ਪੀ.ਪੀ. ਮੋਡ ਵਿੱਚ ਪ੍ਰੋਪੋਜ਼ਲ ਬਣਾ ਦੇਣ, ਅਸੀਂ ਸੀ.ਟੀ. ਸਕੈਨ ਦੀ ਮਸ਼ੀਨ ਦੇ ਦਿਆਂਗੇ।

ਮਾਨਯੋਗ ਸਪੀਕਰ : ਅਗਲਾ ਸਵਾਲ, ਹਰਿੰਦਰਪਾਲ ਸਿੰਘ ਚੰਦੂਮਾਜਰਾ ਜੀ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਸਪੀਕਰ ਸਾਹਿਬ, ਇਹ ਬੜਾ ਸੀਰੀਅਸ ਮੈਟਰ ਹੈ...

ਮਾਨਯੋਗ ਸਪੀਕਰ : ਜੇਕਰ same ਇਸੇ ਦੇ ਨਾਲ ਦਾ ਹੈ, ਇਸ ਕੁਐਸਚਨ ਦਾ ਹਿੱਸਾ ਹੈ ਤਾਂ ਦੱਸੋ?

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਸਪੀਕਰ ਸਾਹਿਬ, ਇਹ ਮਸ਼ੀਨਾਂ ਨਾਲ ਹੀ ਸਬੰਧਿਤ ਹੈ। ਮੈਂ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ 26 ਅਕਤੂਬਰ ਨੂੰ ਮਾਨਸਾ ਵਿੱਚ ਇਕ ਫੇਮਸ ਟ੍ਰਾਂਸਪੋਰਟਰ ਦੀ ਡੈੱਥ ਹੋਈ ਸੀ। ਉਸ ਦੇ ਬੱਚਿਆਂ ਨੇ ਕੈਨੇਡਾ ਤੋਂ ਆਉਣਾ ਸੀ, 28 ਅਕਤੂਬਰ ਨੂੰ ਸਸਕਾਰ ਦੀ ਡੇਟ ਤੈਅ ਹੋ ਗਈ। ਉਨ੍ਹਾਂ ਨੇ ਹਸਪਤਾਲ ਦੇ ਫ੍ਰੀਜ਼ਰ ਵਿੱਚ ਬਾਡੀ ਰੱਖ ਦਿੱਤੀ ਪਰ ਮਸ਼ੀਨ ਦੇ ਡਿਫਾਲਟ ਕਰਕੇ ਤਿੰਨ ਦਿਨਾਂ ਵਿੱਚ ਲਾਸ਼ ਫੁਲ ਗਈ, ਜਿਸ ਕਾਰਨ ਪਰਿਵਾਰ ਨੂੰ ਬਿਨਾਂ ਰਸਮਾਂ ਤੋਂ ਸਸਕਾਰ ਕਰਨਾ ਪਿਆ ਅਤੇ ਡਿਊ ਟਾਈਮ ਤੋਂ ਇੱਕ ਘੰਟਾ ਪਹਿਲਾਂ ਕਰਨਾ ਪਿਆ। ਬੱਚੇ ਜਿਹੜੇ ਇੰਨੀ ਦੂਰ ਤੋਂ ਆਏ ਸਨ, ਉਸ ਦਾ ਮੂੰਹ ਵੀ ਨਹੀਂ ਦੇਖ ਸਕੇ। ਮੈਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ, ਕੀ ਉਹ ਦੱਸਣਗੇ ਕਿ ਇਸ ਚੀਜ਼ ਦੀ ਇਨਕੁਆਇਰੀ ਕਰਵਾਈ ਸੀ? ਜੇਕਰ ਕਰਵਾਈ ਸੀ ਤਾਂ....

ਮਾਨਯੋਗ ਸਪੀਕਰ : ਨਾਜਰ ਸਿੰਘ ਜੀ, ਇਹ ਵੱਖਰਾ ਸਵਾਲ ਬਣਦਾ ਹੈ। ਪਲੀਜ਼ ਬੈਠੋ। ਨੈਕਸਟ ਕੁਐਸਚਨ।

ਨਗਰ ਕੌਂਸਲ, ਸਨੌਰ, ਜ਼ਿਲ੍ਹਾ ਪਟਿਆਲਾ ਨੂੰ ਪ੍ਰਾਪਤ ਹੋਏ ਫੰਡਾਂ ਦਾ ਵੇਰਵਾ

*1250. **ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਕੌਂਸਲ, ਸਨੌਰ (ਜ਼ਿਲ੍ਹਾ ਪਟਿਆਲਾ) ਨੂੰ ਮਿਤੀ 1 ਜਨਵਰੀ, 2016 ਤੋਂ ਮਿਤੀ ਬੱਧ ਤੱਕ ਕਿਹੜੇ ਕਿਹੜੇ ਅਦਾਰਿਆਂ ਵੱਲੋਂ ਕਿਨ੍ਹਾਂ-ਕਿਨ੍ਹਾਂ ਕੰਮਾਂ ਲਈ ਫੰਡ ਮਨਜ਼ੂਰ ਕੀਤੇ ਗਏ ਸਨ ਅਤੇ ਇਨ੍ਹਾਂ ਫੰਡਾਂ ਵਿੱਚੋਂ ਕਿੰਨੇ ਫੰਡ ਨਗਰ ਕੌਂਸਲ, ਸਨੌਰ ਨੂੰ ਪ੍ਰਾਪਤ ਹੋ ਚੁੱਕੇ ਹਨ ਅਤੇ ਕਿੰਨੇ ਫੰਡ ਅਜੇ ਬਾਕੀ ਰਹਿੰਦੇ ਹਨ, ਵੇਰਵੇ ਸਹਿਤ ਦੱਸਿਆ ਜਾਵੇ?

ਸਰਦਾਰ ਨਵਜੋਤ ਸਿੰਘ ਸਿੱਧੂ : ਨਗਰ ਕੌਂਸਲ, ਸਨੌਰ (ਜ਼ਿਲ੍ਹਾ ਪਟਿਆਲਾ) ਨੂੰ ਮਿਤੀ 01 ਜਨਵਰੀ, 2016 ਤੋਂ ਮਿਤੀ ਬੱਧ ਤੱਕ ਨਿਮਨ-ਲਿਖਤ ਅਦਾਰਿਆਂ ਵੱਲੋਂ ਵਿਕਾਸ ਦੇ ਕੰਮਾਂ ਲਈ ਮਨਜ਼ੂਰ ਕੀਤੇ ਗਏ, ਜਾਰੀ ਕੀਤੇ ਗਏ ਅਤੇ ਲੰਬਿਤ ਫੰਡਾਂ ਦਾ ਵੇਰਵਾ ਨਿਮਨ ਅਨੁਸਾਰ ਦਿੱਤਾ ਜਾਂਦਾ ਹੈ:-

(ਰਕਮ ਲੱਖਾਂ ਵਿਚ)

ਲੜੀ ਨੰ:	ਅਦਾਰੇ ਦਾ ਨਾਮ	ਮਨਜ਼ੂਰ	ਪ੍ਰਾਪਤ ਫੰਡ	ਫੰਡ ਪ੍ਰਾਪਤ ਮਿਤੀ	ਬਾਕੀ
1	ਅਰਬਨ ਮਿਸ਼ਨ, ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ, ਚੰਡੀਗੜ੍ਹ				
	PIDB-i	122.00	120.18	120.18 (1/16-3/17)	--
	PIDB-ii	106.11	71.69	37.27 (1/16-3/17) 34.42 (2017-18)	34.42
2	ਪੰਜਾਬ ਮਿਉਂਸਿਪਲ ਇੰਫਰਾਸਟਰੱਕਚਰ ਡਿਵੈਲਪਮੈਂਟ ਕੰਪਨੀ, ਚੰਡੀਗੜ੍ਹ, ਐਸ.ਬੀ.ਐਮ (ਸਵੱਛ ਭਾਰਤ ਮਿਸ਼ਨ)	16.05	7.26	3.34 (1/16-3/17) 3.92 (2017-18)	8.82

ਲੜੀ ਨੰ:	ਅਦਾਰੇ ਦਾ ਨਾਮ	ਮਨਜ਼ੂਰ	ਪ੍ਰਾਪਤ ਫੰਡ	ਫੰਡ ਪ੍ਰਾਪਤ ਮਿਤੀ	ਬਾਕੀ
3	ਐਮ.ਪੀ ਗ੍ਰਾਂਟ/ ਅਨਟਾਇਡ ਫੰਡ (ਰਾਹੀਂ ਡਿਪਟੀ ਕਮਿਸ਼ਨਰ, ਪਟਿਆਲਾ)	6.36	6.36	6.36 (1/16-3/17)	--
4	ਭਾਰਤ ਸਰਕਾਰ ਵੱਲੋ 14ਵਾਂ ਵਿੱਤ ਕਮਿਸ਼ਨ ਅਧੀਨ ਜਾਰੀ ਕੀਤੀ ਗਈ ਰਾਸ਼ੀ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ, ਚੰਡੀਗੜ੍ਹ)	78.49	78.49	78.49 (2017-18)	--
5	ਪ੍ਰਧਾਨ ਮੰਤਰੀ ਸ਼ਹਿਰੀ ਆਵਾਸ ਯੋਜਨਾ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ, ਚੰਡੀਗੜ੍ਹ)	37.85	37.85	37.82 (2017-18)	--
6	ਵੈਟ/ਪੀ.ਐਮ.ਐਫ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ ਚੰਡੀਗੜ੍ਹ)	88.02	88.02	53.78 (1/16-3/17) 34.24 (2017-18)	
7	ਟੈਕਸਾਈਜ਼ ਡਿਊਟੀ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ, ਚੰਡੀਗੜ੍ਹ)	90.99	90.99	64.16 (1/16-3/17) 26.83 (2017-18)	
	ਕੁੱਲ	**545.87**	**500.84**	**500.84**	**43.24**

ਨੋਟ:- ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ ਵੱਲੋਂ 71.69 ਲੱਖ ਰੁਪਏ ਵਿੱਚੋਂ 28.52 ਲੱਖ ਦੀ ਗ੍ਰਾਂਟ ਡਿਪਟੀ ਕਮਿਸ਼ਨਰ, ਪਟਿਆਲਾ ਨੂੰ ਜਾਰੀ ਕੀਤੀ ਗਈ ਹੈ ਜੋ ਕਿ ਜ਼ਿਲ੍ਹਾ ਪੱਧਰ ਤੇ ਪਈ ਹੈ।

2. ਨਗਰ ਕੌਂਸਲ, ਸਨੌਰ ਵੱਲੋਂ ਉਕਤ ਅਦਾਰਿਆਂ ਪਾਸੋਂ ਪ੍ਰਾਪਤ ਕੀਤੇ ਗਏ ਫੰਡਾਂ ਨਾਲ ਕੀਤੇ ਗਏ ਵਿਕਾਸ ਦੇ ਕੰਮਾਂ ਤੇ ਖਰਚ ਕੀਤੀ ਰਾਸ਼ੀ ਦਾ ਵੇਰਵਾ ਨਿਮਨ ਅਨੁਸਾਰ ਦਰਸਾਇਆ ਜਾਂਦਾ ਹੈ ਜੀ:-

ਲੜੀ ਨੰ:	ਅਦਾਰੇ ਦਾ ਨਾਮ	ਪ੍ਰਾਪਤ ਗ੍ਰਾਂਟ	ਫੰਡ ਪ੍ਰਾਪਤ ਮਿਤੀ	ਕੰਮਾਂ ਦੀ ਗਿਣਤੀ	ਖਰਚ ਕੀਤੀ ਰਾਸ਼ੀ	ਅਨੁਲੱਗ
1	ਅਰਬਨ ਮਿਸ਼ਨ, ਪੰਜਾਬ ਬੁਨਿਆਦੀ ਢਾਂਚਾ ਵਿਕਾਸ ਬੋਰਡ, ਚੰਡੀਗੜ੍ਹ PIDB-i PIDB-ii	 120.18 71.69	 120.18 (1/16-3/17) 37.27 (1/16-3/17) 34.42 (2017-18)	 17 25	 110.18 68.66	 A-1 A-2
2	ਪੰਜਾਬ ਮਿਉਂਸਿਪਲ ਇੰਫਰਾਸਟਰੱਕਚਰ ਡਿਵੈਲਪਮੈਟ ਕੰਪਨੀ, ਚੰਡੀਗੜ੍ਹ, ਐਸ.ਬੀ.ਐਮ (ਸਵੱਛ ਭਾਰਤ ਮਿਸ਼ਨ)	7.26	3.34 (1/16-3/17) 3.92 (2017-18)	114 IHHL 3 CT/PT	3.34	A-3

[ਸਥਾਨਕ ਸਰਕਾਰ ਮੰਤਰੀ]

ਲੜੀ ਨੰ:	ਅਦਾਰੇ ਦਾ ਨਾਮ	ਪ੍ਰਾਪਤ ਗ੍ਰਾਂਟ	ਫੰਡ ਪ੍ਰਾਪਤ ਮਿਤੀ	ਕੰਮਾਂ ਦੀ ਗਿਣਤੀ	ਖਰਚ ਕੀਤੀ ਰਾਸ਼ੀ	ਅਨੁਲੱਗ
3	ਐਮ.ਪੀ ਗ੍ਰਾਂਟ/ ਅਨਟਾਇਡ ਫੰਡ (ਰਾਹੀਂ ਡਿਪਟੀ ਕਮਿਸ਼ਨਰ, ਪਟਿਆਲਾ)	6.36	6.36 (1/16-3/17)	3	6.26	A-3
4	ਭਾਰਤ ਸਰਕਾਰ ਵੱਲੋਂ 14ਵੇਂ ਵਿੱਤ ਕਮਿਸ਼ਨ ਅਧੀਨ ਜਾਰੀ ਕੀਤੀ ਗਈ ਰਾਸ਼ੀ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ, ਚੰਡੀਗੜ੍ਹ)	78.49	78.49 (2017-18)	20	67.56	A-4
5	ਪ੍ਰਧਾਨ ਮੰਤਰੀ ਸ਼ਹਿਰੀ ਆਵਾਸ ਯੋਜਨਾ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ, ਚੰਡੀਗੜ੍ਹ)	37.85	37.82 (2017-18)	79 ਲਾਭਪਾਤਰੀ	ਇਹ ਰਾਸ਼ੀ ਆਨਲਾਈਨ ਲਾਭਪਾਤਰੀਆਂ ਦੇ ਖਾਤੇ ਵਿੱਚ ਜਮ੍ਹਾਂ ਕਰਵਾਈ ਜਾ ਰਹੀ ਹੈ।	---
6	ਵੈਟ/ਪੀ.ਐਮ.ਐਫ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ ਚੰਡੀਗੜ੍ਹ)	88.02	53.78 (1/16-3/17) 34.24 (2017-18)	---	88.02	ਇਸ ਰਾਸ਼ੀ ਰਾਹੀਂ ਤਨਖਾਹਾਂ/ ਵਾਟਰ ਸਪਲਾਈ ਮੋਟਰਾਂ/ ਬਿਜਲੀ ਬਿਲਾਂ/ ਕਮਿਟਡ ਖਰਚਿਆਂ ਦੀ ਅਦਾਇਗੀ ਕੀਤੀ ਗਈ ਹੈ।
7	ਐਕਸਾਈਜ਼ ਡਿਊਟੀ (ਰਾਹੀਂ ਡਾਇਰੈਕਟਰ, ਸਥਾਨਕ ਸਰਕਾਰ, ਚੰਡੀਗੜ੍ਹ)	90.99	64.16 (1/16-3/17) 26.83 (2017-18)	---	90.99	ਇਸ ਰਾਸ਼ੀ ਰਾਹੀਂ ਤਨਖਾਹਾਂ/ ਵਾਟਰ ਸਪਲਾਈ ਮੋਟਰਾਂ/ ਬਿਜਲੀ ਬਿਲਾਂ/ ਕਮਿਟਡ ਖਰਚਿਆਂ ਦੀ ਅਦਾਇਗੀ ਕੀਤੀ ਗਈ ਹੈ।
	ਕੁੱਲ	500.84	500.84		435.01	

3. ਨਗਰ ਕੌਂਸਲ, ਸਨੌਰ ਵੱਲੋਂ ਵਿਕਾਸ ਦੇ ਕੰਮਾਂ ਲਈ ਪ੍ਰਾਪਤ ਕੀਤੀ ਗਈ ਰਾਸ਼ੀ ਰਾਹੀਂ ਕਰਵਾਏ ਗਏ ਮੁਕੰਮਲ ਕੰਮ ਅਤੇ ਚੱਲ ਰਹੇ ਕੰਮਾਂ ਦੀਆਂ ਲਿਸਟਾਂ ਬਤੌਰ ਅਨੈਕਸਚਰ ਏ -1 ਤੋਂ ਏ-4 ਨਾਲ ਨੱਥੀ ਹਨ।

ਅਨੁਲੱਗ-ਏ 1

ਪੀ.ਆਈ.ਡੀ.ਬੀ.-1 ਦੇ ਮੁਕੰਮਲ ਕੰਮ
ਨਗਰ ਕੌਂਸਲ ਸਨੌਰ — ਅਰਬਨ ਮਿਸ਼ਨ ਗ੍ਰਾਂਟ-26.00 ਲੱਖ ਵਰਕਸ
ਅਰਬਨ ਮਿਸ਼ਨ ਗ੍ਰਾਂਟ-94.18 ਲੱਖ ਵਰਕਸ

ਲੜੀ ਨੰ.	ਕੰਮ ਦਾ ਨਾਮ	ਕੰਮ ਦਾ ਤਖਮੀਨਾ	ਟੈਂਡਰ ਦੀ ਰਕਮ	ਹੁਣ ਤੱਕ ਦਾ ਖਰਚਾ
1	ਵਾਰਡ ਨੰ: 1 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	13.83	11.89	11.23
2	ਵਾਰਡ ਨੰ: 2 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	6.46	5.95	5.68
3	ਵਾਰਡ ਨੰ: 3 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	6.18	5.28	5.28
4	ਵਾਰਡ ਨੰ: 4 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	1.19	1.15	1.06
5	ਵਾਰਡ ਨੰ: 5 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	6.89	6.68	6.68
6	ਵਾਰਡ ਨੰ: 6 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	13.28	12.62	12.62
7	ਵਾਰਡ ਨੰ: 7 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	13.19	11.41	11.31
8	ਵਾਰਡ ਨੰ: 8 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	9.03	8.32	8.32
9	ਵਾਰਡ ਨੰ: 9 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	10.59	10.05	9.83
10	ਵਾਰਡ ਨੰ: 10 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	2.90	2.75	2.10
11	ਬੁੱਧ ਰਾਮ ਖੂਹੀ ਵਾਰਡ ਨੰ: 12 ਦੇ ਘਰ ਤੋਂ ਸੀ.ਸੀ. ਫਲੋਰਿੰਗ ਅਤੇ ਨਾਲੀਆਂ ਦੀ ਮੁਰੰਮਤ।	0.57	0.54	0.54
12	ਵਾਰਡ ਨੰ: 13 ਵਿੱਚ ਵੱਖ-ਵੱਖ ਥਾਵਾਂ ਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	6.73	6.39	6.39
13	ਵਾਰਡ ਨੰ: 14 ਵਿੱਚ ਵੱਖ-ਵੱਖ ਥਾਵਾਂ ਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	5.13	4.92	4.21
14	ਹਰਬੰਸ ਸਿੰਘ ਅਤੇ ਸਰਵਜੀਤ ਸਿੰਘ ਵਾਰਡ ਨੰ:15 ਦੇ ਨੇੜੇ ਸੀ.ਸੀ. ਫਲੋਰਿੰਗ	7.39	7.02	6.83
15	ਵਾਰਡ ਨੰ: 15 ਵਿੱਚ ਵੱਖ-ਵੱਖ ਥਾਵਾਂ ਅਤੇ ਗਲੀਆਂ ਅਤੇ ਨਾਲੀਆਂ ਬਣਾਉਣਾ।	15.93	14.68	14.68
16	ਸੈਨੀਟੇਸ਼ਨ ਟੈਂਕ ਦੀ ਖਰੀਦ।	1.95	1.62	1.62
17	ਹਾਈਡਰੋਲਿਕ ਟਰਾਲੀ ਦੀ ਖਰੀਦ।	2.00	1.80	1.80
	ਕੁੱਲ	**123.24**	**113.07**	**110.18**

[ਸਥਾਨਕ ਸਰਕਾਰ ਮੰਤਰੀ]

ਕੰਮ ਦਾ ਨਾਮ	ਕੰਮ ਦਾ ਤਖਮੀਨਾ	ਟੈਂਡਰ ਦੀ ਰਕਮ	ਹੁਣ ਤੱਕ ਦਾ ਖਰਚਾ
ਤਖਮੀਨੇ ਦੀ ਰਕਮ	123.24	ਹੈੱਡ	ਉਪਲੱਬਧ ਫੰਡ
ਕੰਮ ਅਲਾਟ ਕਰਨ ਦੀ ਰਕਮ	113.07	ਪੀ.ਆਈ.ਡੀ.ਬੀ. ਦੇ ਕੰਮ	26
ਬਚਤ	10.17	14ਵੇਂ ਵਿੱਤ ਕਮਿਸ਼ਨ ਦੇ ਕੰਮ	94.18
		ਕੁੱਲ	120.18
ਕੁੱਲ ਰਕਮ	17		
ਮੁਕੰਮਲ ਕੰਮ	17		
ਪ੍ਰਗਤੀ ਅਧੀਨ ਕੰਮ	0		

ਅਨੁਲੱਗ-ਏ 2

ਨਗਰ ਕੌਂਸਲ, ਸਨੌਰ ਪੀ.ਆਈ.ਡੀ.ਬੀ. ਗ੍ਰਾਂਟ ਗ੍ਰਾਂਟ ਲਿਸਟ 106.11 ਲੱਖ

(ਰੁਪਏ ਲੱਖਾਂ ਵਿੱਚ)

ਲੜੀ ਨੰ:	ਕੰਮ ਦਾ ਨਾਮ	ਤਖਮੀਨੇ ਦੀ ਰਕਮ	ਟੈਂਡਰ ਦੀ ਰਕਮ	ਭੁਗਤਾਨ ਕੀਤੀ ਰਕਮ	ਟਿੱਪਣੀ
	ਮੁਕੰਮਲ ਕੰਮ				
1	ਪਿਆਰਾ ਸਿੰਘ, ਈਸ਼ਰ ਸਿੰਘ, ਹਰਜੀਤ ਸਿੰਘ, ਦਰਸ਼ਨ ਸਿੰਘ ਅਤੇ ਹਰਮੇਸ਼ ਸਿੰਘ ਵਾਰਡ ਨੰ:5 ਦੀ ਗਲੀ ਵਿੱਚ ਨਾਲੀਆਂ ਅਤੇ ਇੰਟਰਲਾਕਿੰਗ ਟਾਈਲਾਂ ਲਗਾਉਣਾ।	7.42	6.67	7.15	ਮੁਕੰਮਲ
2	ਸਿਵ ਕਲੋਨੀ ਵਾਰਡ ਨੰ:3 ਵਿੱਚ ਗਲੀ ਨੰ: 2,3 ਅਤੇ 4 ਵਿਖੇ ਨਾਲੀਆਂ ਅਤੇ ਇੱਟਾਂ ਲਗਾਉਣ ਦਾ ਕੰਮ।	3.26	2.87	3.34	ਮੁਕੰਮਲ
3	ਵਾਰਡ ਨੰ:6 ਵਿਖੇ ਮੋਹਨ ਸਿੰਘ ਦੇ ਮਕਾਨ ਨੇੜੇ ਗਲੀਆਂ ਬਣਾਉਣਾ ਅਤੇ ਇੱਟਾਂ ਦਾ ਫਰਸ਼ ਲਗਾਉਣਾ।	1.70	1.53	1.53	ਮੁਕੰਮਲ
4	ਮੁਹੱਲਾ ਟਿਬਿਆਂਵਾਲਾ ਵਾਰਡ ਨੰ:11 ਵਿਖੇ ਲਾਲਾ ਬੇਦਾਂ ਮਾਲ ਚੌਂਕ ਵਿਖੇ 60 ਐੱਮ.ਐੱਮ. ਦੀਆਂ ਇੰਟਰਲਾਕਿੰਗ ਟਾਈਲਾਂ ਲਗਾਉਣਾ।	2.90	2.67	2.66	ਮੁਕੰਮਲ
5	ਵਾਰਡ ਨੰ:5 ਵਿਖੇ ਵਿਸ਼ਵਕਰਮਾ ਮੰਦਰ ਅਤੇ ਸਰਕਾਰੀ ਸਕੂਲ ਨੇੜੇ ਗਲੀਆਂ ਬਣਾਉਣਾ ਅਤੇ ਇੰਟਰਲਾਕਿੰਗ ਟਾਈਲਾਂ ਲਗਾਉਣ ਦਾ ਕੰਮ	14.65	12.50	10.81	ਮੁਕੰਮਲ
	ਪ੍ਰਗਤੀ ਅਧੀਨ ਕੰਮ				
6	ਵਾਰਡ ਨੰ:2 ਵਿਖੇ ਪ੍ਰਿਥੀ ਸਿੰਘ ਸਿਨੇਮਾ ਕਲੋਨੀ ਅਤੇ ਅਮਰ ਸਿੰਘ ਦੀ ਗਲੀ ਵਿੱਚ ਨਾਲੀਆਂ ਅਤੇ ਇੱਟਾਂ ਦਾ ਫਰਸ਼ ਅਤੇ ਇੰਟਰਲਾਕਿੰਗ ਟਾਈਲਾਂ ਦਾ ਕੰਮ।	9.35	8.22	2.43	ਪ੍ਰਗਤੀ ਅਧੀਨ ਕੰਮ
7	ਵਾਰਡ ਨੰ:6 ਵਿਖੇ ਕਰਮ ਸਿੰਘ ਅਤੇ ਜਸਪਾਲ ਸਿੰਘ ਦੀ ਗਲੀ ਵਿੱਚ ਨਾਲੀਆਂ ਅਤੇ ਇੱਟਾਂ ਦਾ ਕੰਮ।	8.46	7.61	6.52	ਪ੍ਰਗਤੀ ਅਧੀਨ ਕੰਮ

ਲੜੀ ਨੰ:	ਕੰਮ ਦਾ ਨਾਮ	ਤਖਮੀਨੇ ਦੀ ਰਕਮ	ਟੈਂਡਰ ਦੀ ਰਕਮ	ਭੁਗਤਾਨ ਕੀਤੀ ਰਕਮ	ਟਿੱਪਣੀ
8	ਵਾਰਡ ਨੰ:7 ਵਿਖੇ ਜੁਗਲ ਸ਼ਟਰਿੰਗ ਸਟੋਰ ਦੀ ਦੁਕਾਨ ਨੇੜੇ ਨਾਲੀਆਂ ਅਤੇ ਇੱਟਾਂ ਲਗਾਉਣ ਦਾ ਕੰਮ।	5.72	5.15	5.09	ਪ੍ਰਗਤੀ ਅਧੀਨ ਕੰਮ
9	ਵਾਰਡ ਨੰ:13 ਚਰਨ ਦਾਸ ਚੁੰਗੀਵਾਲਾ ਅਤੇ ਸੁਰਜੀਤ ਸਿੰਘ ਗੈਸ ਵਾਲੇ ਦੀ ਗਲੀ ਵਿੱਚ 60 ਐੱਮ.ਐੱਮ. ਇੰਟਰਲਾਕਿੰਗ ਟਾਈਲਾਂ ਲਗਾਉਣਾ।	5.88	4.99	4.79	ਪ੍ਰਗਤੀ ਅਧੀਨ ਕੰਮ
10	ਵਾਰਡ ਨੰ:14 ਮੁਖਤਿਆਰ ਸਿੰਘ, ਗੋਗੀ ਕੇਵਲ ਅਤੇ ਗੁਰਜੀਤ ਸਿੰਘ ਦੇ ਸੁੱਖੀ ਸਟੂਡੀਓ ਦੇ ਮਕਾਨ ਨੇੜੇ ਗਲੀ ਵਿੱਚ ਇੱਟਾਂ ਲਗਾਉਣਾ।	8.26	7.44	5.50	ਪ੍ਰਗਤੀ ਅਧੀਨ ਕੰਮ
11	ਵਾਰਡ ਨੰ:15 ਵਿਖੇ ਸੁਨੀਲ ਅਤੇ ਦਰਸ਼ਨ ਬਾਤਿਸ਼, ਭੋਲਾ ਸਿੰਘ ਦੇ ਮਕਾਨ ਨੇੜੇ 60 ਐੱਮ.ਐੱਮ. ਦੀਆਂ ਇੰਟਰਲਾਕਿੰਗ ਟਾਈਲਾਂ ਲਗਾਉਣਾ।	4.19	3.77	0.00	ਪ੍ਰਗਤੀ ਅਧੀਨ ਕੰਮ
12	ਵਾਰਡ ਨੰ:13 ਪ੍ਰਦੀਪ ਕੁਮਾਰ, ਮਸੀਤ, ਇਕਵਾਲ ਸਿੰਘ, ਸ਼ੰਕਰ ਆਇਸਕਰੀਮ ਦੇ ਮਕਾਨ ਨੇੜੇ ਗਲੀ ਵਿੱਚ 60 ਐਮ.ਐਮ. ਦੀਆਂ ਇੰਟਰਲਾਕਿੰਗ ਟਾਈਲਾਂ ਲਗਾਉਣਾ।	5.42	4.67	0.00	ਪ੍ਰਗਤੀ ਅਧੀਨ ਕੰਮ
13	ਬਲਦੇਵ ਸਿੰਘ ਮਾਸਟਰ ਦੇ ਘਰ ਤੋਂ ਭਾਨ ਸਿੰਘ ਨੇੜੇ ਸ਼ਨੀ ਮੰਦਰ ਦੇ ਘਰ ਤੱਕ ਗਲੀ ਵਿੱਚ 60 ਐਮ.ਐਮ. ਦੀਆਂ ਟਾਈਲਾਂ ਅਤੇ ਨਾਲੀਆਂ ਲਗਾਉਣ ਦਾ ਕੰਮ।	2.21	1.90	0.00	ਪ੍ਰਗਤੀ ਅਧੀਨ ਕੰਮ
14	ਵਾਰਡ ਨੰ:2 ਵਿਖੇ ਮੋਹਰ ਸਿੰਘ ਦੇ ਘਰ ਤੋਂ ਹਨਸਾ ਸਿੰਘ ਬੋਸਰ ਰੋਡ ਵਿੱਖੇ ਇੱਟਾਂ ਲਗਾਉਣ ਦਾ ਕੰਮ।	1.68	1.51	0.00	ਪ੍ਰਗਤੀ ਅਧੀਨ ਕੰਮ
15	ਵਾਰਡ ਨੰ: 6 ਵਿਖੇ ਗੁਰਮੇਲ ਸਿੰਘ ਦੇ ਘਰ ਤੋਂ ਬਹਾਦਰ ਸਿੰਘ ਦੇ ਘਰ ਤੱਕ ਇੱਟਾਂ ਲਗਾਉਣ ਦਾ ਕੰਮ।	0.96	0.86	0.00	ਪ੍ਰਗਤੀ ਅਧੀਨ ਕੰਮ
16	ਵਾਰਡ ਨੰ: 6 ਵਿਖੇ ਰਾਜ ਗੁਜਰ ਦੇ ਮਕਾਨ ਨੇੜੇ ਨਾਲੀਆਂ ਅਤੇ ਇੱਟਾਂ ਲਗਾਉਣ ਦਾ ਕੰਮ।	4.25	3.82	3.45	ਪ੍ਰਗਤੀ ਅਧੀਨ ਕੰਮ
17	ਵਾਰਡ ਨੰ: 6 ਵਿਖੇ ਭੋਰੀ ਦੇ ਮਕਾਨ ਤੋਂ ਮਹਿੰਦਰ ਸਿੰਘ ਦੇ ਮਕਾਨ ਨੇੜੇ ਇੱਟਾਂ ਲਗਾਉਣ ਦਾ ਕੰਮ।	1.73	1.56	0.00	ਪ੍ਰਗਤੀ ਅਧੀਨ ਕੰਮ
18	ਵਾਰਡ ਨੰ: 6 ਅਤੇ 7 ਵਿਖੇ ਸੰਤ ਈਸ਼ਰ ਸਿੰਘ ਸਕੂਲ ਨੇੜੇ ਗਲੀ ਵਿੱਚ ਨਾਲੀਆਂ ਅਤੇ ਇੱਟਾਂ ਲਗਾਉਣ ਦਾ ਕੰਮ।	5.58	5.01	4.25	ਪ੍ਰਗਤੀ ਅਧੀਨ ਕੰਮ
19	ਵਾਰਡ ਨੰ: 6 ਵਿਖੇ ਲਾਭ ਸਿੰਘ ਦੇ ਮਕਾਨ ਨੇੜੇ ਨਾਲੀਆਂ ਅਤੇ ਇੱਟਾਂ ਲਗਾਉਣ ਦਾ ਕੰਮ।	1.44	1.30	0.00	ਪ੍ਰਗਤੀ ਅਧੀਨ ਕੰਮ
20	ਵਾਰਡ ਨੰ: 7 ਵਿਖੇ ਸ਼ਮਸ਼ਾਨਘਾਟ ਅਤੇ ਬਲਜਿੰਦਰ ਸਿੰਘ ਦੇ ਨੇੜੇ ਨਾਲੀਆਂ ਅਤੇ ਇੱਟਾਂ ਲਗਾਉਣ ਦਾ ਕੰਮ।	1.82	1.64	0.00	ਪ੍ਰਗਤੀ ਅਧੀਨ ਕੰਮ

[ਸਥਾਨਕ ਸਰਕਾਰ ਮੰਤਰੀ]

ਲੜੀ ਨੰ:	ਕੰਮ ਦਾ ਨਾਮ	ਤਖਮੀਨੇ ਦੀ ਰਕਮ	ਟੈਂਡਰ ਦੀ ਰਕਮ	ਭੁਗਤਾਨ ਕੀਤੀ ਰਕਮ	ਟਿੱਪਣੀ
21	ਵਾਰਡ ਨੰ: 9 ਵਿਖੇ ਗੁਜਾਰ, ਸੰਕਰ, ਰਾਜ ਕਿਰੀਆਨਾ, ਰਾਮਾ ਚੋਪੜਾ ਹਾਊਸ ਸਟਰੀਟ ਵਿਖੇ 60 ਐਮ.ਐਮ. ਦੀਆਂ ਟਾਈਲਾਂ ਲਗਾਉਣ ਦਾ ਕੰਮ।	6.01	5.11	4.55	ਪ੍ਰਗਤੀ ਅਧੀਨ ਕੰਮ
22	ਵਾਰਡ ਨੰ: 10 ਵਿਖੇ ਸੁਸੀਲ ਗਰਗ, ਬੀਰਭਾਨ, ਹਨੂਮਾਨ ਮੰਦਰ, ਮੀਹਨ ਸਿੰਘ 60 ਐਮ.ਐਮ. ਇੰਟਰਲਾਕਿੰਗ ਟਾਈਲਾਂ ਲਗਾਉਣਾ।	4.70	3.95	3.35	ਪ੍ਰਗਤੀ ਅਧੀਨ ਕੰਮ
23	ਵਾਰਡ ਨੰ: 14 ਵਿਖੇ ਮੁਨਸ਼ੀ ਰਾਮ, ਨਰੈਣ, ਗਿਰਧਾਰੀ ਲਾਲ, ਰੈਡ ਰੋਜ਼ ਸਕੂਲ ਨੇੜੇ ਗਲੀ ਵਿੱਚ 60 ਐਮ.ਐਮ. ਦੀਆਂ ਟਾਈਲਾਂ ਲਗਾਉਣ ਦਾ ਕੰਮ।	4.80	4.10	0.00	ਪ੍ਰਗਤੀ ਅਧੀਨ ਕੰਮ
24	ਵਾਰਡ ਨੰ: 7 ਵਿਖੇ ਮਹਿੰਦਰ ਸਿੰਘ ਤੋਂ ਜਸਵੀਰ ਸਿੰਘ ਕੰਟਰੈਕਟਰ ਦੀ ਗਲੀ ਦੇ ਮੋੜ ਤੇ ਨਾਲੀਆਂ ਅਤੇ ਇੱਟਾਂ ਲਗਾਉਣ ਦਾ ਕੰਮ।	4.57	4.09	3.24	ਪ੍ਰਗਤੀ ਅਧੀਨ ਕੰਮ
25	ਵਾਰਡ ਨੰ: 13 ਵਿਖੇ ਦਰਸਨ ਪਟਵਾਰੀ ਦੇ ਘਰ ਤੋਂ ਪਰਦੀਪ ਕੁਮਾਰ ਬੱਸ ਸਟੈਂਡ ਸਨੌਰ ਦੇ ਸਾਹਮਣੇ 60 ਐਮ.ਐਮ. ਟਾਈਲਾਂ ਲਗਾਉਣ ਦਾ ਕੰਮ।	3.54	3.17	0.00	ਪ੍ਰਗਤੀ ਅਧੀਨ ਕੰਮ
	ਕੁੱਲ ਜੋੜ	**120.50**	**106.11**	**68.66**	

ਅਨੁਲੱਗ-ਏ 3

ਵਿਕਾਸ ਦੇ ਕੰਮਾਂ ਦਾ ਵੇਰਵਾ -ਪੀ.ਐਮ.ਆਈ.ਡੀ.ਸੀ. ਅਤੇ ਐਮ.ਪੀ.ਗ੍ਰਾਂਟ

ਲੜੀ ਨੰ:	ਕੰਮ ਦਾ ਨਾਮ	ਤਖਮੀਨੇ ਦੀ ਰਕਮ	ਭੁਗਤਾਨ ਕੀਤਾ	ਟਿੱਪਣੀ
	ਪੀ.ਐਮ.ਆਈ.ਡੀ.ਸੀ.			
1	ਬੋਸਾਰ ਰੋਡ ਅਤੇ ਬੁਲਾਰ ਰੋਡ ਵਿਖੇ ਸੀ.ਟੀ. ਅਤੇ ਪੀ.ਟੀ. ਪਖਾਨੇ ਬਣਾਉਣਾ।	7.39	0.00	ਪ੍ਰਗਤੀ ਅਧੀਨ
2	ਆਈ.ਈ.ਸੀ. ਵਾਸਤੇ ਉਪਲੱਬਧ ਫੰਡ।	1.06	1.06	ਮੁਕੰਮਲ
3	ਆਈ.ਐਚ.ਐਚ.ਐਲ ਪਖਾਨਿਆਂ ਦੀ ਉਸਾਰੀ	7.60	2.28	ਪ੍ਰਗਤੀ ਅਧੀਨ
	ਕੁੱਲ	**16.05**	**3.34**	
	ਐਮ.ਪੀ.ਗ੍ਰਾਂਟ ਅਤੇ ਅਨਟਾਈਡ ਫੰਡ			
1	ਸਨੌਰ ਵਿਖੇ ਨਾਲਾ ਬਣਾਉਣਾ।	2.00	2.00	ਮੁਕੰਮਲ
2	ਕਮਿਊਨਟੀ ਸੈਂਟਰ ਬਣਾਉਣਾ।	2.50	2.50	ਮੁਕੰਮਲ
3	ਕਮਿਊਨਟੀ ਸੈਂਟਰ ਵਿਖੇ ਸ਼ੈਡ ਬਣਾਉਣਾ।	1.86	1.76	ਮੁਕੰਮਲ
	ਕੁੱਲ	**6.36**	**6.26**	

ਅਨੁਲੱਗ-ਏ 4

14ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ ਰਾਹੀਂ ਕੰਮਾਂ ਦਾ ਵੇਰਵਾ				ਗ੍ਰਾਂਟ 52.89 ਲੱਖ
ਲੜੀ ਨੰ.	ਕੰਮ ਦਾ ਨਾਮ	ਤਖਮੀਨੇ ਦੀ ਰਕਮ	ਵਿੱਤੀ ਭੁਗਤਾਨ	ਟਿੱਪਣੀ
	14ਵੇਂ ਵਿੱਤ ਕਮਿਸ਼ਨ ਦੀ ਗ੍ਰਾਂਟ ਰਾਹੀਂ ਮੁਕੰਮਲ ਕੰਮ।			
1	ਵਾਰਡ ਨੰ:8 ਵਿਖੇ ਗੁਰਪਾਲ ਸਿੰਘ ਐਮ.ਸੀ. ਦੇ ਮਕਾਨ ਅਤੇ ਪ੍ਰਾਇਮਰੀ ਸਕੂਲ ਦੀ ਗਲੀ ਵਿਖੇ ਨਾਲੀਆਂ ਇੱਕ ਅਤੇ ਦੋ ਟਾਈਪ ਬਣਾਉਣਾ।	1.75	1.45	ਮੁਕੰਮਲ
2	ਵਾਰਡ ਨੰ:9 ਵਿਖੇ ਓਮ ਪ੍ਰਕਾਸ਼ ਦੇ ਘਰ ਤੋਂ ਰਮੇਸ਼ ਚਾਟ ਵਾਲੇ ਦੇ ਘਰ ਤੱਕ ਇੰਟਰਲਾਕਿੰਗ ਟਾਈਲ ਲਗਾਉਣਾ।	1.57	1.34	ਮੁਕੰਮਲ
3	ਵਾਰਡ ਨੰ:10 ਮਹਿੰਗਾ ਵੈਦ ਤੋਂ ਹਟਨਵਾਲਾ ਚੌਂਕ ਅਤੇ ਹਨੂਮਾਨ ਮੰਦਰ ਵਾਲੀ ਗਲੀ ਵਿਖੇ ਇੰਟਰਲਾਕਿੰਗ ਟਾਈਲ ਲਗਾਉਣਾ।	2.14	2.33	ਮੁਕੰਮਲ
4	ਵਾਰਡ ਨੰ:13 ਕਾਕਾ ਵਰਫ ਵਾਲਾ ਤੋਂ ਨਰੇਸ਼ ਗੋਇਲ ਮਹਲਾ ਖਤਰੀਆਂ ਵਿਖੇ ਇੰਟਰਲਾਕਿੰਗ ਟਾਈਲ ਲਗਾਉਣਾ।	1.92	1.85	ਮੁਕੰਮਲ
5	ਵਾਰਡ ਨੰ:15 ਵਿਖੇ ਮਕਾਨ ਜੀਤ ਸਿੰਘ ਪਵਾਰ ਐਕਸ ਐਮ.ਸੀ. ਦੀ ਗਲੀ ਵਿਖੇ ਇੰਟਰਲਾਕਿੰਗ ਟਾਈਲ ਲਗਾਉਣਾ।	3.50	3.36	ਮੁਕੰਮਲ
6	ਸਿਵ ਕਲੋਨੀ ਵਿਖੇ ਨਾਲੀਆਂ ਅਤੇ ਸੜਕ ਦਾ ਫਰਸ਼ ਲਗਾਉਣਾ।	8.07	7.58	ਮੁਕੰਮਲ
7	ਪਾਣੀ ਦੇ ਬਿੱਲ ਅਤੇ ਹੋਰ ਲੰਮੀ ਦੇਣਦਾਰੀ ਦਾ ਭੁਗਤਾਨ ਕਰਨਾ।	25.60	25.60	ਮੁਕੰਮਲ
8	ਕਿਰਪਾਲ ਸਿੰਘ ਟੀ.ਬੀ. ਵਾਲਾ ਅਤੇ ਸੁਦੇਸੀ ਫੋਟੋਗਰਾਫਰ ਮੇਨ ਬਜ਼ਾਰ ਦੀ ਦੁਕਾਨ ਨੇੜੇ ਇੰਟਰਲਾਕਿੰਗ ਟਾਈਲ ਲਗਾਉਣਾ।	7.20	7.07	ਮੁਕੰਮਲ
	14ਵੀਂ ਵਿੱਤ ਕਮਿਸ਼ਨ ਦੀ ਗ੍ਰਾਂਟ ਅਧੀਨ ਚੱਲ ਰਹੇ ਕੰਮ।			
9	ਵਾਰਡ ਨੰ:1 ਹਰਬੰਸ ਸਿੰਘ ਦੇ ਘਰ ਤੋਂ ਸਰੂਪ ਸਿੰਘ ਦੇ ਘਰ ਤੱਕ ਇੰਟਰਲਾਕਿੰਗ ਟਾਈਲ ਲਗਾਉਣਾ।	3.59	3.41	ਪ੍ਰਗਤੀ ਅਧੀਨ
10	ਵਾਰਡ ਨੰ:2 ਸਵਿੰਦਰ ਸਿੰਘ ਦਾਣਾ ਮੰਡੀ ਤੋਂ ਗਲੀ ਨੰ:2 ਸਿਨੇਮਾ ਕਲੋਨੀ ਵਿਖੇ ਇੰਟਰਲਾਕਿੰਗ ਟਾਈਲ ਲਗਾਉਣਾ।	3.73	0.00	ਪ੍ਰਗਤੀ ਅਧੀਨ
11	ਵਾਰਡ ਨੰ:5 ਚਰਨ ਸਿੰਘ ਗੁਰਦੁਆਰਾ ਸਾਹਿਬ ਦੇ ਘਰ ਤੋਂ ਗੱਪੀ ਵਾਲੀ ਗਲੀ ਵਿਖੇ ਇੰਟਰਲਾਕਿੰਗ ਟਾਈਲ ਲਗਾਉਣਾ।	2.27	1.72	ਪ੍ਰਗਤੀ ਅਧੀਨ
12	ਵਾਰਡ ਨੰ:6 ਕਾਕਾ ਸਿੰਘ ਦੇ ਘਰ ਤੋਂ ਤਰਲੋਕ ਸਿੰਘ ਪੱਤਰਕਾਰ ਸੈਲਰ ਵਾਲੀ ਗਲੀ ਵਿਖੇ ਇੱਟਾਂ ਦਾ ਫਰਸ਼ ਲਗਾਉਣਾ।	3.43	1.97	ਪ੍ਰਗਤੀ ਅਧੀਨ

[ਸਥਾਨਕ ਸਰਕਾਰ ਮੰਤਰੀ]

ਲੜੀ ਨੰ.	ਕੰਮ ਦਾ ਨਾਮ	ਤਖਮੀਨੇ ਦੀ ਰਕਮ	ਵਿੱਤੀ ਭੁਗਤਾਨ	ਟਿੱਪਣੀ
13	ਵਾਰਡ ਨੰ:7 ਗੁਰਦੇਵ ਸਿੰਘ, ਦਰਸਨ ਸਿੰਘ, ਭੋਲਾ ਸਿੰਘ ਦੀ ਗਲੀ ਵਿੱਚ ਇੱਟਾਂ ਦਾ ਫਰਸ਼ ਅਤੇ ਨਾਲੀ ਬਣਾਉਣੀ।	1.15	0.00	ਪ੍ਰਗਤੀ ਅਧੀਨ
14	ਵਾਰਡ ਨੰ:7 ਵਿਖੇ ਸ਼ਮਸ਼ਾਨਘਾਟ ਫਤੇਹਪੁਰ ਰੋੜ ਲਈ ਜੀ.ਆਈ.ਸੀਟ ਦੀ ਖਰੀਦ ਅਤੇ ਫਿਕਸ ਕਰਨਾ।	1.62	0.00	ਪ੍ਰਗਤੀ ਅਧੀਨ
15	ਵਾਰਡ ਨੰ:14 ਜਸਵੰਤ ਸਿੰਘ ਐਕਸ ਐਮ.ਪੀ., ਜਸਵੀਰ ਸਿੰਘ, ਦਲੀਪ ਸਿੰਘ ਮਾਸਟਰ ਦੇ ਘਰ ਨੇੜੇ ਇੰਟਰਲਾਕਿੰਗ ਟਾਈਲ ਲਗਾਉਣਾ।	4.04	3.14	ਪ੍ਰਗਤੀ ਅਧੀਨ
16	ਬੋਲਾਰ ਚੌਂਕ ਵਿਖੇ ਨਾਲਾ ਚੌੜਾ ਕਰਨ ਦੀ ਉਸਾਰੀ।	1.14	0.00	ਪ੍ਰਗਤੀ ਅਧੀਨ
17	ਛੋਟੀ ਟਰਾਲੀ ਅਤੇ ਕੂੜੇਦਾਨ ਦੀ ਖਰੀਦ ਲਈ।	4.25	0.00	ਪ੍ਰਗਤੀ ਅਧੀਨ
18	ਸਨੌਰ ਬੱਸ ਸਟੈਂਡ ਦੀ ਛੱਤ ਤੇ ਟਾਈਲਾਂ ਲਗਾਉਣਾ।	2.10	1.67	ਪ੍ਰਗਤੀ ਅਧੀਨ
19	ਬੱਸ ਸਟੈਂਡ ਸਨੌਰ ਵਿਖੇ ਪਬਲਿਕ ਟੋਆਇਲਟ ਦੀ ਮੁਰੰਮਤ।	2.07	0.00	ਪ੍ਰਗਤੀ ਅਧੀਨ
20	ਵਾਰਡ ਨੰ:12 ਮੋਹਰ ਸਿੰਘ ਦੇ ਘਰ ਨੇੜੇ ਇੰਟਰਲਾਕਿੰਗ ਟਾਈਲ ਲਗਾਉਣਾ।	6.17	5.07	ਪ੍ਰਗਤੀ ਅਧੀਨ
	ਕੁੱਲ	87.31	67.56	

ਕੁੱਲ ਕੰਮ: 20
ਮੁਕੰਮਲ: 8
ਪ੍ਰਗਤੀ ਅਧੀਨ: 12

ਸਹੀ/-
ਕਾਰਜਸਾਧਕ ਅਫਸਰ
ਨਗਰ ਕੌਂਸਲ, ਸਨੌਰ

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : ਸਪੀਕਰ ਸਾਹਿਬ, ਹੋ ਸਕਦਾ ਹੈ ਕਿ ਮੈਨੂੰ ਸੁਣਨ ਵਿੱਚ ਗਲਤੀ ਲੱਗੀ ਹੋਵੇ। ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ 5 ਕਰੋੜ 87 ਲੱਖ ਰੁਪਿਆ ਆਇਆ ਅਤੇ 5 ਕਰੋੜ 84 ਲੱਖ ਰੁਪਿਆ ਅਸੀਂ ਖਰਚ ਚੁੱਕੇ ਹਾਂ।

ਮੰਤਰੀ : 5 ਕਰੋੜ 45 ਲੱਖ ਅਤੇ 87 ਹਜ਼ਾਰ ਰੁਪਿਆ ਆਇਆ ਅਤੇ 5 ਕਰੋੜ 84 ਲੱਖ ਰੁਪਿਆ ਖਰਚ ਹੋ ਗਿਆ ਹੈ। 43 ਲੱਖ 24 ਹਜ਼ਾਰ ਰੁਪਿਆ ਬਚਦਾ ਹੈ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : ਸਰ, ਇਹ ਜਿਹੜਾ ਪੈਸਾ ਹੈ, ਜਿਸ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ, ਮੈਂ ਸਮਝਦਾ ਹਾਂ ਕਿ ਇਕ ਸਾਲ ਦਾ ਵਕਫ਼ਾ ਬਹੁਤ ਵੱਡਾ ਸਮਾਂ ਹੁੰਦਾ ਹੈ, ਮੈਂ ਸਮਝਦਾ ਹਾਂ ਕਿ ਜਿਹੜੀਆਂ ਪੁਰਾਣੀਆਂ ਕਿਸ਼ਤਾਂ ਹਨ, ਉਨ੍ਹਾਂ ਵਿੱਚ ਇੰਨੀ ਦੇਰੀ ਕਿਉਂ ਹੋਈ ਹੈ? ਮੈਨੂੰ ਦੇਰੀ ਦੇ ਕਾਰਨ ਸਮਝ ਨਹੀਂ ਆ ਰਹੇ ਜਦੋਂ ਕਿ ਇਹ ਪ੍ਰਾਜੈਕਟ ਪਿਛਲੇ ਸਾਲ ਤੋਂ ਚੱਲ ਰਹੇ ਹਨ। ਸਪੀਕਰ ਸਾਹਿਬ, ਇਕ ਤਾਂ ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਤੋਂ ਇਸ ਦੇਰੀ ਦੇ ਕਾਰਨ ਪੁੱਛਣੇ ਚਾਹੁੰਦਾ ਹਾਂ, ਜਿਸ ਦੇ ਕਾਰਨ ਆਪਾਂ ਮਨਜ਼ੂਰ ਹੋਏ ਫੰਡ ਵੀ ਪ੍ਰੋਵਾਈਡ ਨਹੀਂ ਕਰ ਸਕੇ। ਦੂਜਾ, ਕੁਝ ਅਜਿਹੇ ਪ੍ਰਾਜੈਕਟ ਵੀ ਸੀ ਜਿਨ੍ਹਾਂ ਦੀਆਂ ਪ੍ਰਪੋਜ਼ਲਾਂ ਨਗਰ ਕੌਂਸਲ ਵਲੋਂ ਭੇਜੀਆਂ ਗਈਆਂ ਸਨ, ਜਿਨ੍ਹਾਂ ਵਿੱਚ

ਇਕ ਕਰੋੜ ਰੁਪਏ ਦੇ ਲਗਭਗ ਕਮਿਊਨਿਟੀ ਸੈਂਟਰ, ਸਨੌਰ ਵਿਚ ਬਣਨ ਦੀਆਂ ਪ੍ਰੋਪੋਜ਼ਲਾਂ ਸੀ ਅਤੇ ਸਵਾ ਕਰੋੜ ਰੁਪਏ ਦੇ ਕਰੀਬ ਸਨੌਰ ਦੇ ਸੁੰਦਰੀਕਰਨ ਦਾ ਪ੍ਰੋਜੈਕਟ ਸੀ। ਕੀ ਉਨ੍ਹਾਂ ਤੇ ਵੀ ਸਰਕਾਰ ਵਿਚਾਰ ਕਰ ਰਹੀ ਹੈ?

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫ਼ਤ ਆਨਰੇਬਲ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਔਰ ਵੰਡ ਕੇ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਸਰਕਾਰ ਦੇ ਦੌਰਾਨ ਮਿਤੀ 1.1.2016 ਤੋਂ ਮਿਤੀ 31.3.2017 ਤੱਕ 2 ਕਰੋੜ 85 ਲੱਖ ਅਤੇ 12 ਹਜ਼ਾਰ ਰੁਪਏ ਆਏ। ਉਸ ਤੋਂ ਬਾਅਦ ਸਾਡੀ ਸਰਕਾਰ ਆਈ। ਪਹਿਲੇ ਤਿੰਨ ਚਾਰ ਮਹੀਨੇ ਰਿਵਿਊ ਹੋਇਆ। ਕੈਬਨਿਟ ਨੇ ਡਿਸੀਜ਼ਨ ਦਿੱਤਾ ਅਤੇ ਉਸ ਤੋਂ ਬਾਅਦ ਇਮੀਜੀਏਟਲੀ 2 ਕਰੋੜ 15 ਲੱਖ 72 ਹਜ਼ਾਰ ਰੁਪਏ ਜਾਰੀ ਕੀਤੇ ਗਏ। ਮੇਰੇ ਹਿਸਾਬ ਨਾਲ ਸਿਰਫ 43 ਲੱਖ ਬਕਾਇਆ ਹੈ। ਉਹ ਐਮ.ਐਲ.ਏ. ਸਾਹਿਬ ਨੂੰ ਜਲਦੀ ਤੋਂ ਜਲਦੀ ਭੇਜ ਦਿਆਂਗੇ। ਕੋਈ ਵੀ ਡਿਮਾਂਡ ਇਨ੍ਹਾਂ ਦੀ ਹੈ, ਇਹ ਮੈਨੂੰ ਹਾਲੇ ਤੱਕ ਆ ਕੇ ਮਿਲੇ ਨਹੀਂ, ਜਿਸ ਦਿਨ ਵੀ ਇਹ ਚਾਹੁਣ, ਮੈਨੂੰ ਆ ਕੇ ਮਿਲਣ, ਹਰੇਕ ਚੀਜ਼ ਵਿਚਾਰ ਅਧੀਨ ਹੈ। ਜਿਹੜੀ ਚੀਜ਼ ਅਸੀਂ ਮੁਕੰਮਲ ਕਰ ਸਕਾਂਗੇ, ਅਸੀਂ ਜੀ ਸਦਕੇ ਪੂਰੀ ਕਰਾਂਗੇ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਪੈਸਿਆਂ ਬਾਰੇ ਦੱਸਿਆ ਹੈ ਪਰ ਜਦੋਂ ਮੰਤਰੀ ਜੀ ਨੇ ਮਿਲਣ ਦੀ ਗੱਲ ਹੀ ਕਹਿ ਦਿੱਤੀ ਤਾਂ ਮੈਂ ਧੰਨਵਾਦੀ ਹਾਂ ਅਤੇ ਮਿਲ ਕੇ ਆਪਣੇ ਹਲਕੇ ਦੀਆਂ ਗੱਲਾਂ ਦੱਸ ਦੇਵਾਂਗਾ।

ਸ਼੍ਰੀ ਬੁੱਧ ਰਾਮ : ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਮਾਨਯੋਗ ਲੋਕਲ ਗੌਰਮਿੰਟ ਮਨਿਸਟਰ ਨਾਲ ਫੰਡਾਂ ਦੇ ਸਬੰਧ ਵਿਚ ਗੱਲ ਕਰਨੀ ਚਾਹੁੰਦਾ ਹਾਂ ਜੀ। ਸਾਡੇ ਹਲਕੇ ਬੁਢਲਾਡਾ ਦੇ ਵਿਚ ਲੋਕਲ ਗੌਰਮਿੰਟ ਮਹਿਕਮੇ ਲਈ ਐਮ.ਪੀ. ਲੈਡ ਵਿਚੋਂ ਕਾਫ਼ੀ ਫੰਡ ਆਏ। ਉਨ੍ਹਾਂ ਫੰਡਾਂ ਨੂੰ ਗਰੀਬ ਅਤੇ ਸਲੱਮ ਬਸਤੀਆਂ ਵਿਚ ਖਰਚ ਕਰਨ ਵਾਸਤੇ ਪਿਛਲੇ ਇਕ ਸਾਲ ਤੋਂ ਟੈਂਡਰ ਪਾਸ ਹੋਏ ਪ੍ਰੰਤੂ ਇਸ ਦੇ ਬਾਵਜੂਦ ਵੀ ਸਬੰਧਿਤ ਠੇਕੇਦਾਰ ਉਥੇ ਕੰਮ ਨਹੀਂ ਕਰਵਾ ਰਿਹਾ। ਉਥੇ ਪੁਰਾਣੇ ਲੋਕਾਂ ਅਤੇ ਠੇਕੇਦਾਰ ਦੇ ਵਿੱਚ ਨੈਕਸਸ ਹੈ, ਮੈਂ ਬੇਨਤੀ ਕਰਦਾ ਹਾਂ ਕਿ ਇਸ ਸਬੰਧੀ ਸਟਰਿਕਟ ਐਕਸ਼ਨ ਲੈ ਕੇ ਸਬੰਧਿਤ ਠੇਕੇਦਾਰ ਨੂੰ ਬਲੈਕਲਿਸਟ ਕਰੋ ਤਾਂ ਕਿ ਮੌਕੇ ਤੇ ਉਹ ਫੰਡਜ਼ ਖਰਚ ਕੀਤੇ ਜਾ ਸਕਣ।

ਮਾਨਯੋਗ ਸਪੀਕਰ : ਬੁੱਧ ਰਾਮ ਜੀ, ਇਸ ਵਾਸਤੇ ਵੱਖਰਾ ਸਵਾਲ ਬਣਦਾ ਹੈ ਜੀ।

ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਹ ਮੈਨੂੰ ਲਿਖਤ ਰੂਪ ਵਿਚ ਇਸ ਸਬੰਧ ਵਿੱਚ ਆਪਣੀ ਸ਼ਿਕਾਇਤ ਦੇਣ। ਅਸੀਂ ਇਨਕੁਆਰੀ ਮਾਰਕ ਕਰਵਾਵਾਂਗੇ ਔਰ ਜੋ ਕੁਝ ਵੀ ਹੋ ਸਕਿਆ, ਉਹ ਮੁਕੰਮਲ ਕਰਕੇ ਦੇਵਾਂਗੇ।

ਸ਼੍ਰੀ ਬੁੱਧ ਰਾਮ : ਸਪੀਕਰ ਸਾਹਿਬ, ਮੈਂ ਲਿਖ ਕੇ ਦੇ ਚੁੱਕਿਆ ਹਾਂ ਜੀ। ਸ਼੍ਰੀ ਕਰੁਨੇਸ਼ ਕੁਮਾਰ ਜੀ ਨੂੰ ਅਤੇ ਡਾਇਰੈਕਟਰ ਨੂੰ ਦੋ ਵਾਰੀ ਲਿਖ ਕੇ ਦੇ ਚੁੱਕਿਆ ਹਾਂ। ਮੈਂ ਉਨ੍ਹਾਂ ਨੂੰ ਮਿਲ ਵੀ ਚੁੱਕਿਆ ਹਾਂ।

ਮਾਨਯੋਗ ਸਪੀਕਰ : ਅਗਲਾ ਸਵਾਲ।

ਹਲਕਾ ਨਕੋਦਰ ਦੇ ਪਿੰਡਾਂ ਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਭਰਨਾ

*1292. **ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਗਰ ਪੰਚਾਇਤ ਬਿਲਗਾ ਅਤੇ ਹਲਕਾ ਨਕੋਦਰ ਦੇ ਪਿੰਡ ਤਲਵਣ, ਉਮਰਪੁਰ, ਗੁਮਟਾਲਾ, ਚੀਮਾਂ ਕਲਾਂ, ਸਰੀਂਹ, ਸ਼ੰਕਰ, ਕਾਂਗਣਾਂ, ਉੱਗੀ ਅਤੇ ਨੂਰਪੁਰ ਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਕਿੰਨੀਆਂ ਅਸਾਮੀਆਂ ਖਾਲੀ ਹਨ ਅਤੇ ਇਹ ਕਦੋਂ ਤੱਕ ਭਰੀਆਂ ਜਾਣਗੀਆਂ?

ਸ਼੍ਰੀਮਤੀ ਅਰੁਨਾ ਚੌਧਰੀ : ਨਗਰ ਪੰਚਾਇਤ ਬਿਲਗਾ ਅਤੇ ਹਲਕਾ ਨਕੋਦਰ ਦੇ ਪਿੰਡ ਤਲਵਣ, ਉਮਰਪੁਰ, ਗੁਮਟਾਲਾ, ਚੀਮਾਂ ਕਲਾਂ, ਸਰੀਂਹ, ਸ਼ੰਕਰ, ਕਾਂਗਣਾਂ, ਉੱਗੀ ਅਤੇ ਨੂਰਪੁਰ ਦੇ ਸਕੂਲਾਂ ਵਿੱਚ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਅਨੁਲੱਗ-ਓ ਅਨੁਸਾਰ ਹਨ। ਇਨ੍ਹਾਂ ਖਾਲੀ ਆਸਾਮੀਆਂ ਨੂੰ ਜਲਦੀ ਭਰਿਆ ਜਾਵੇਗਾ।

ਅਨੁਲੱਗ-ਓ

ਲੜੀ ਨੰ:	ਪਿੰਡ ਦਾ ਨਾਮ	ਸਕੂਲ ਦਾ ਪੱਧਰ	ਵਿਦਿਆਰਥੀਆਂ ਦੀ ਗਿਣਤੀ	ਅਧਿਆਪਕਾਂ ਦੀਆਂ ਅਸਾਮੀਆਂ		
				ਮਨਜ਼ੂਰ	ਭਰੀਆਂ	ਖਾਲੀ
1	ਬਿਲਗਾ	ਪ੍ਰਾਇਮਰੀ (ਕੰ)	167	7	6	1
		ਪ੍ਰਾਇਮਰੀ (ਮੁੰ)	190	7	6	1
		ਸੀਨੀਅਰ ਸੈਕੰਡਰੀ (ਕੰ)	388	21	15	6
		ਸੀਨੀਅਰ ਸੈਕੰਡਰੀ (ਮੁੰ)	349	27	9	18
2	ਤਲਵਣ	ਪ੍ਰਾਇਮਰੀ (ਕੰ)	89	5	2	3
		ਪ੍ਰਾਇਮਰੀ (ਮੁੰ)	85	5	3	2
		ਹਾਈ (ਕੰ)	270	16	11	5
		ਸੀਨੀਅਰ ਸੈਕੰਡਰੀ	184	14	6	8
3	ਉਮਰਪੁਰ	ਪ੍ਰਾਇਮਰੀ	47	3	2	1
		ਸੀਨੀਅਰ ਸੈਕੰਡਰੀ	391	22	13	9
4	ਗੁਮਟਾਲਾ	ਪ੍ਰਾਇਮਰੀ	55	3	2	1
		ਸੀਨੀਅਰ ਸੈਕੰਡਰੀ	198	16	6	10
5	ਚੀਮਾ ਕਲਾਂ	ਪ੍ਰਾਇਮਰੀ	16	4	3	1
		ਸੀਨੀਅਰ ਸੈਕੰਡਰੀ	326	19	10	9
6	ਸਰੀਂਹ	ਪ੍ਰਾਇਮਰੀ (ਕੰ)	62	3	3	0
		ਪ੍ਰਾਇਮਰੀ (ਮੁੰ)	50	2	2	0
		ਸੀਨੀਅਰ ਸੈਕੰਡਰੀ (ਕੰ)	111	15	7	8
		ਸੀਨੀਅਰ ਸੈਕੰਡਰੀ (ਮੁੰ)	132	21	11	10
7	ਸ਼ੰਕਰ	ਪ੍ਰਾਇਮਰੀ (ਕੰ)	95	3	3	0
		ਪ੍ਰਾਇਮਰੀ (ਮੁੰ)	82	3	3	0
		ਹਾਈ	208	13	11	2
		ਸੀਨੀਅਰ ਸੈਕੰਡਰੀ (ਕੰ)	376	19	16	3
8	ਕਾਂਗਣਾ	ਪ੍ਰਾਇਮਰੀ	109	5	3	2
		ਹਾਈ	114	10	2	8
9	ਉੱਗੀ	ਪ੍ਰਾਇਮਰੀ	129	6	5	1
		ਹਾਈ	335	16	12	4
10	ਨੂਰਪਰ	ਪ੍ਰਾਇਮਰੀ	279	2	2	0
		ਹਾਈ	265	16	8	8
		ਕੁੱਲ	**5102**	**303**	**182**	**121**

ਮਾਨਯੋਗ ਸਪੀਕਰ : ਵਡਾਲਾ ਸਾਹਿਬ, ਇਨ੍ਹਾਂ ਅਸਾਮੀਆਂ ਨੂੰ ਜਲਦੀ ਭਰਿਆ ਜਾਵੇਗਾ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ : ਸਪੀਕਰ ਸਾਹਿਬ, ਸਪਲੀਮੈਂਟਰੀ ਜੀ। ਇਨ੍ਹਾਂ ਦਾ ਜਵਾਬ ਆ ਗਿਆ ਹੈ ਜੀ, ਮੰਤਰੀ ਜੀ ਦਾ ਬਹੁਤ ਧੰਨਵਾਦ। ਲੇਕਿਨ ਮੈਂ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਲਦੀ ਕਦੋਂ ਤੱਕ ਭਰੀਆਂ ਜਾਣਗੀਆਂ? ਸਪੀਕਰ ਸਾਹਿਬ, ਇਕ ਬੜਾ ਇੰਪੌਰਟੈਂਟ ਇਸ਼ੂ ਹੈ, ਸੀ.ਐਮ. ਸਾਹਿਬ ਵੀ ਇੱਥੇ ਬੈਠੇ ਹਨ ਕਿ ਜਿਹੜੇ ਵੀ ਇਸ ਕੁਐਸਚਨ ਵਿਚ ਪਿੰਡਾਂ ਦੇ ਸਕੂਲ ਮੈਨਸ਼ਨਡ ਹਨ, ਇਹ ਬੜੇ ਵੱਡੇ ਪਿੰਡ ਹਨ ਅਤੇ ਇਹ ਡਿਸਟ੍ਰਿਕਟ ਹੈਡਕੁਆਰਟਰਜ਼ ਤੋਂ ਅਤੇ ਸਬ ਡਵੀਜ਼ਨ ਸਿਟੀਜ਼ ਤੋਂ ਬੜੇ ਦੂਰ ਹਨ। ਮੰਤਰੀ ਜੀ, ਪੇਂਡੂ ਏਰੀਆਜ਼ ਦੇ ਸਕੂਲਾਂ ਸਬੰਧੀ ਟੀਚਰਜ਼ ਦੀ ਨਾਰਮਲੀ ਟੈਂਡੈਂਸੀ ਇਹ ਹੈ ਕਿ ਸ਼ਹਿਰ ਦੇ 10 ਕਿਲੋਮੀਟਰ ਦੇ ਏਰੀਏ ਵਿੱਚ 80% ਤੋਂ 90% ਪੋਸਟਾਂ ਭਰੀਆਂ ਹੋਈਆਂ ਹਨ। ਜਿਵੇਂ ਜਿਵੇਂ ਆਪਾਂ ਪਿੰਡਾਂ ਵੱਲ ਵਧਦੇ ਹਾਂ, ਉਵੇਂ ਉਵੇਂ ਟੀਚਰਾਂ ਦੀ ਗਿਣਤੀ ਘਟੀ ਜਾਂਦੀ ਹੈ। ਸਾਨੂੰ ਜ਼ਰੂਰ ਆਸ ਹੈ ਕਿ ਤੁਸੀਂ ਇਹ ਭਰ ਦਿਉਗੇ ਪਰ ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰ ਦੇਣਗੇ, ਇਹ ਦੱਸ ਦਿੱਤਾ ਜਾਵੇ। ਇਸ ਦੇ ਨਾਲ ਹੀ ਮੈਂ ਇਹ ਵੀ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਰੈਸ਼ਨੇਲਾਈਜ਼ੇਸ਼ਨ ਦੀ ਵੀ ਕੋਈ ਪਾਲਿਸੀ ਲੈ ਕੇ ਆ ਰਹੇ ਹਨ ਕਿ ਜਿਹੜੇ ਟੀਚਰਜ਼ ਨੂੰ 10-10 ਸਾਲ ਸ਼ਹਿਰਾਂ ਦੇ ਸਕੂਲਾਂ ਵਿੱਚ ਨੌਕਰੀ ਕਰਦੇ ਹੋਏ ਹੋ ਗਏ ਹਨ, ਉਹ ਟੀਚਰਜ਼ ਪਿੰਡਾਂ ਵਿਚ ਜਾ ਕੇ ਕਿਉਂ ਨਹੀਂ ਪੜ੍ਹਾ ਸਕਦੇ? ਆਪਾਂ ਐਜੂਕੇਸ਼ਨ ਦਾ ਮਿਆਰ ਇੰਪਰੂਵ ਕਰਨਾ ਚਾਹੁੰਦੇ ਹਾਂ ਪਰ ਜਦੋਂ ਉਥੇ 100% ਟੀਚਰਜ਼ ਹੋਣਗੇ, ਇਹ ਤਾਂ ਹੀ ਪੌਸੀਬਲ ਹੈ। ਜਦੋਂ ਆਪਾਂ ਰੈਸ਼ਨੇਲਾਈਜੇਸ਼ਨ ਕਰਕੇ ਸ਼ਹਿਰਾਂ ਵਿਚੋਂ ਟੀਚਰਜ਼ ਨੂੰ ਕੱਢ ਕੇ ਪਿੰਡਾਂ ਵਿੱਚ ਭੇਜਾਂਗੇ, ਉਥੇ ਵਿੱਦਿਆ ਦਾ ਮਿਆਰ ਤਾਂ ਹੀ ਉੱਚਾ ਚੁੱਕਿਆ ਜਾ ਸਕਦਾ ਹੈ। ਮੇਰਾ ਸਵਾਲ ਇਹ ਹੈ ਜੀ।

ਮਾਨਯੋਗ ਸਪੀਕਰ : ਮੰਤਰੀ ਜੀ, ਕੀ ਰੈਸ਼ਨੇਲਾਈਜੇਸ਼ਨ ਵਿਚਾਰ ਅਧੀਨ ਹੈ ਜੀ?

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦੀ ਹਾਂ ਕਿ ਇਹ ਜਿਹੜੀਆਂ ਅਸਾਮੀਆਂ ਖਾਲੀ ਹੋਈਆਂ ਹਨ, ਇਹ due to retirement ਜਾਂ ਕਿਸੇ ਨੇ ਆਪਣੀ ਮਰਜ਼ੀ ਨਾਲ ਰਿਟਾਇਰਮੈਂਟ ਲੈ ਲਈ, ਜਾਂ ਫਿਰ ਅਸੀਂ ਕਾਫ਼ੀ ਤਰੱਕੀਆਂ ਕੀਤੀਆਂ ਹਨ, ਜਾਂ ਉਹ ਆਪਣੀ ਬਦਲੀ ਕਰਵਾ ਕੇ ਚਲੇ ਗਏ ਹਨ, ਉਸ ਦੇ ਕਾਰਨ ਇਹ ਅਸਾਮੀਆਂ ਖਾਲੀ ਹੋਈਆਂ ਹਨ। ਬਾਕੀ ਅਸੀਂ ਬਹੁਤ ਜਲਦ ਇਹ ਭਰ ਰਹੇ ਹਾਂ। ਇਸ ਤੋਂ ਇਲਾਵਾ 3582 ਨਵੀਆਂ ਪੋਸਟਾਂ ਭਰਨ ਦੀ ਪ੍ਰਕਿਰਿਆ ਚੱਲ ਰਹੀ ਹੈ। ਮੈਂ ਤੁਹਾਨੂੰ ਯਕੀਨ ਦਿਵਾਉਂਦੀ ਹਾਂ ਅਸੀਂ ਬਹੁਤ ਜਲਦ ਟੀਚਰਾਂ ਦੀ ਘਾਟ ਨੂੰ ਪੂਰਾ ਕਰ ਦਿਆਂਗੇ। ਮੈਂ ਤੁਹਾਡੇ ਨਾਲ ਸਹਿਮਤ ਹਾਂ ਕਿਉਂਕਿ ਮੈਂ ਵੀ ਬਾਰਡਰ ਏਰੀਏ ਨਾਲ ਸਬੰਧਿਤ ਹਾਂ। ਅਸੀਂ ਇਸ ਬਾਰੇ ਜਲਦ ਹੀ ਉਪਰਾਲੇ ਕਰ ਰਹੇ ਹਾਂ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ : ਸਪੀਕਰ ਸਾਹਿਬ, ਦੂਜੀ ਸਪਲੀਮੈਂਟਰੀ ਇਹ ਹੈ ਕਿ ਜਿੱਥੇ ਟੀਚਰਾਂ ਦੀ 50 ਫੀਸਦੀ ਤੋਂ ਵੱਧ ਸ਼ਾਰਟੇਜ ਹੈ, ਘੱਟੋ ਘੱਟ ਉਥੇ ਤਾਂ ਆਪਾਂ ਰੈਸ਼ਨਲਾਈਜੇਸ਼ਨ ਕਰਕੇ ਟੀਚਰਾਂ ਦੀ ਘਾਟ ਪੂਰੀ ਕਰੀਏ। ਸਾਡੇ ਸਕੂਲਾਂ ਵਿਚ 250-300 ਵਿਦਿਆਰਥੀਆਂ ਦੀ ਸਟਰੈਂਥ ਹੁੰਦੀ ਹੈ ਅਤੇ ਟੀਚਰ ਘੱਟ ਹਨ।

ਮਾਨਯੋਗ ਸਪੀਕਰ : ਵਡਾਲਾ ਜੀ, ਮੰਤਰੀ ਜੀ ਨੇ ਆਸ਼ਵਾਸ਼ਨ ਦੇ ਦਿੱਤਾ ਹੈ।

ਸਰਦਾਰ ਗੁਰਪ੍ਰਤਾਪ ਸਿੰਘ ਵਡਾਲਾ : ਸਪੀਕਰ ਸਾਹਿਬ, ਠੀਕ ਹੈ ਪਰ ਜਿੱਥੇ 50 ਫੀਸਦੀ ਤੋਂ ਵੀ ਘੱਟ ਟੀਚਰ ਹਨ, ਉਥੇ ਜ਼ਰੂਰ ਟੀਚਰ ਭੇਜੇ ਜਾਣ।

ਰਾਜ ਮੰਤਰੀ : ਠੀਕ ਹੈ ਜੀ।

ਸ਼੍ਰੀ ਅਰੁਣ ਨਾਰੰਗ : ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ ਪਿੰਡ ਪੱਟੀਵਿਲਾ ਵਿਚ ਪ੍ਰਾਇਮਰੀ ਸਕੂਲ ਚੱਲ ਰਿਹਾ ਹੈ, ਉਸ ਸਕੂਲ ਦੀ ਸਾਰੀ ਬਿਲਡਿੰਗ ਡੈਮੇਜ ਹੋ ਚੁੱਕੀ ਹੈ।

ਮਾਨਯੋਗ ਸਪੀਕਰ : ਨਾਰੰਗ ਜੀ, ਤੁਸੀਂ ਪਰਟੀਕੁਲਰ ਸਕੂਲ ਦੀ ਗੱਲ ਕਰ ਰਹੇ ਹੋ, ਇਹ ਵੱਖਰਾ ਸਵਾਲ ਬਣਦਾ ਹੈ।

ਸ਼੍ਰੀ ਅਰੁਣ ਨਾਰੰਗ : ਸਪੀਕਰ ਸਾਹਿਬ, ਪ੍ਰਾਇਮਰੀ ਸਕੂਲ ਦੇ ਬੱਚਿਆਂ ਨਾਲ ਸਬੰਧਿਤ ਹੈ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਸ ਸਕੂਲ ਦੀ ਬਿਲਡਿੰਗ ਕਦੋਂ ਤੱਕ ਬਣਾ ਦੇਣਗੇ?

ਮਾਨਯੋਗ ਸਪੀਕਰ : ਨਹੀਂ ਜੀ, ਇਹ ਵੱਖਰਾ ਸਵਾਲ ਬਣਦਾ ਹੈ। ਹਾਂ ਜੀ ਚੰਦੂਮਾਜਰਾ ਜੀ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : ਸਪੀਕਰ ਸਾਹਿਬ, ਮੇਰੇ ਹਲਕੇ ਸਨੌਰ ਦੇ ਵਿਚ ਗੋਲੜਕਲਾਂ ਪਿੰਡ ਵਿਚ ਸਕੂਲ ਹੈ।

ਮਾਨਯੋਗ ਸਪੀਕਰ : ਇਹ ਵੀ ਵੱਖਰਾ ਸਵਾਲ ਬਣਦਾ ਹੈ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : ਸਪੀਕਰ ਸਾਹਿਬ, ਇਹ ਵੀ ਅਸਾਮੀਆਂ ਨਾਲ ਜੁੜਿਆ ਹੋਇਆ ਸਵਾਲ ਹੈ।

ਮਾਨਯੋਗ ਸਪੀਕਰ : ਨਹੀਂ ਜੀ, ਇਹ ਵੱਖਰਾ ਸਵਾਲ ਬਣਦਾ ਹੈ।

ਨਿਸ਼ਾਨ ਵਾਲਾ ਪ੍ਰਸ਼ਨ ਨੰ: 1310

(ਸਬੰਧਿਤ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

ਬਲਾਕ ਨੂਰਪੁਰ ਬੇਦੀ ਦੇ ਹਸਪਤਾਲ ਵਿੱਚ ਡਾਕਟਰਾਂ ਦੀ ਘਾਟ ਪੂਰੀ ਕਰਨਾ

*988. **ਸਰਦਾਰ ਅਮਰਜੀਤ ਸਿੰਘ ਸੰਦੋਆ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬਲਾਕ ਨੂਰਪੁਰ ਬੇਦੀ ਵਿੱਚ ਪੈਂਦੇ 150 ਪਿੰਡਾਂ ਨੂੰ ਫੀਡ ਕਰਨ ਵਾਲੇ ਇੱਕੋ ਇੱਕ ਹਸਪਤਾਲ ਵਿੱਚ ਡਾਕਟਰਾਂ ਦੀ ਭਾਰੀ ਘਾਟ ਹੈ; ਜੇਕਰ ਅਜਿਹਾ ਹੈ ਤਾਂ ਡਾਕਟਰਾਂ ਦੀਆਂ ਖਾਲੀ ਪਈਆਂ ਅਸਾਮੀਆਂ ਨੂੰ ਕਦੋਂ ਤੱਕ ਭਰੇ ਜਾਣ ਦੀ ਸੰਭਾਵਨਾ ਹੈ?

ਸ਼੍ਰੀ ਬ੍ਰਹਮ ਮਹਿੰਦਰਾ : ਸ਼੍ਰੀਮਾਨ ਜੀ, ਹਾਂ ਜੀ। ਵਿਧਾਨ ਸਭਾ ਹਲਕਾ ਬਲਾਕ ਨੂਰਪੁਰ ਬੇਦੀ ਦੇ ਹਸਪਤਾਲ ਵਿੱਚ ਮੈਡੀਕਲ ਅਫਸਰਾਂ ਦੀਆਂ ਕੁੱਲ 06 ਆਸਾਮੀਆਂ ਮਨਜ਼ੂਰਸ਼ੁਦਾ ਹਨ, ਜਿਨ੍ਹਾਂ ਵਿੱਚੋਂ 05 ਆਸਾਮੀਆਂ ਭਰੀਆਂ ਹੋਈਆਂ ਹਨ ਅਤੇ 01 ਆਸਾਮੀ ਖਾਲੀ ਹੈ। ਮੈਡੀਕਲ ਅਫਸਰ (ਜਨਰਲ) ਦੀਆਂ 306 ਖਾਲੀ ਆਸਾਮੀਆਂ ਨੂੰ ਭਰਨ ਲਈ ਵਿਭਾਗ ਵੱਲੋਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ ਰਾਹੀਂ ਵਿਗਿਆਪਨ ਦੇ ਦਿੱਤਾ ਗਿਆ ਹੈ, ਇਨ੍ਹਾਂ ਖਾਲੀ ਆਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਜਲਦ ਪੂਰੀ ਕਰ ਲਈ ਜਾਵੇਗੀ।

ਸਰਦਾਰ ਅਮਰਜੀਤ ਸਿੰਘ ਸੰਦੋਆ : ਸਪੀਕਰ ਸਾਹਿਬ, ਸਾਡਾ ਨੂਰਪੁਰ ਬੇਦੀ ਬਲਾਕ ਬਹੁਤ ਗਰੀਬ ਬਲਾਕ ਹੈ। ਉਥੇ 150 ਪਿੰਡਾਂ ਨੂੰ ਕੇਵਲ ਇਕ ਹੀ ਹਸਪਤਾਲ ਹੈ। ਉਥੇ ਹਫਤੇ ਵਿਚ ਇਕ ਵਾਰ ਡਾਕਟਰ ਆਉਂਦਾ ਹੈ। ਉਥੇ ਕੇਵਲ ਦੋ ਡਾਕਟਰ ਹਨ। ਮੈਂ ਪਰਸੋਂ ਹੀ ਉਥੇ ਹਸਪਤਾਲ ਵਿਚ ਪਤਾ ਕਰਕੇ ਆਇਆ ਹਾਂ। ਇਸ ਲਈ ਮੇਰੀ ਬੇਨਤੀ ਹੈ ਕਿ ਉਥੇ ਡਾਕਟਰ ਜ਼ਰੂਰ ਲਗਾਓ। ਇਸ ਤੋਂ ਇਲਾਵਾ ਉਥੇ ਐਂਬੂਲੈਂਸ ਗਈ ਹੋਈ ਹੈ ਪਰ ਡਰਾਈਵਰ ਹੀ ਨਹੀਂ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਐਂਬੂਲੈਂਸ ਲਈ ਡਰਾਈਵਰ ਭੇਜੋਗੇ? ਇਸ ਦੇ ਨਾਲ ਮੇਰੀ ਬੇਨਤੀ ਹੈ ਕਿ ਹਸਪਤਾਲ ਵਿਚ ਦਵਾਈਆਂ ਅਤੇ ਡਾਕਟਰ ਵੀ ਪੂਰੇ ਕਰ ਦਿਓ।

ਮਾਨਯੋਗ ਸਪੀਕਰ : ਮੰਤਰੀ ਜੀ, ਡਾਕਟਰ ਬਾਰੇ ਤੁਸੀਂ ਕਹਿ ਦਿੱਤਾ ਹੈ, ਜੇਕਰ ਐਂਬੂਲੈਂਸ ਬਾਰੇ ਕੁਝ ਕਹਿਣਾ ਹੈ ਤਾਂ ਕਹਿ ਸਕਦੇ ਹੋ।

ਮੰਤਰੀ : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਨੋਟਿਸ ਵਿਚ ਇਹ ਗੱਲ ਲਿਆਂਦੀ ਹੈ, ਮੈਂ ਇਸ ਨੂੰ ਸਟੱਡੀ ਕਰ ਲੈਂਦਾ ਹਾਂ ਜੀ।

ਮਾਨਯੋਗ ਸਪੀਕਰ : ਧੰਨਵਾਦ ਜੀ।

ਸਰਦਾਰ ਅਮਰਜੀਤ ਸਿੰਘ ਸੰਦੋਆ : ਸਪੀਕਰ ਸਾਹਿਬ।

ਮਾਨਯੋਗ ਸਪੀਕਰ : ਮੰਤਰੀ ਜੀ ਦੀ ਐਸ਼ੋਰੈਂਸ ਆ ਗਈ ਹੈ। ਹਾਂ ਜੀ, ਸਰਦਾਰ ਜਗਦੇਵ ਸਿੰਘ ਜੀ।

ਸਰਦਾਰ ਜਗਦੇਵ ਸਿੰਘ : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਕਈ ਵਾਰ ਮੰਤਰੀ ਜੀ ਨੂੰ ਕਿਹਾ ਹੈ, ਮੌੜ ਹਸਪਤਾਲ ਬਾਰੇ ਕੱਲ੍ਹ ਮੰਤਰੀ ਜੀ ਨੇ ਕਿਹਾ ਸੀ ਕਿ ਉਥੇ ਐਸ.ਐਮ.ਓ. ਦੀ ਪੋਸਟ ਹੈ।

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ।

ਸਰਦਾਰ ਜਗਦੇਵ ਸਿੰਘ : ਇਕ ਮਿੰਟ ਜੀ, ਮੈਂ ਆਪਣੀ ਗੱਲ ਤਾਂ ਕਹਿ ਲਵਾਂ। (ਹਾਸਾ) ਉਥੇ ਜਿਹੜਾ ਡਾਕਟਰ ਜਾਂਦਾ ਹੈ, ਉਹ ਸਿਰਫ ਕਾਗਜ਼ੀ ਕਾਰਵਾਈ ਹੀ ਕਰਦਾ ਹੈ, ਉਹ ਮਰੀਜ਼ਾਂ ਨੂੰ ਨਹੀਂ ਦੇਖਦਾ। ਇਸ ਲਈ ਬੇਨਤੀ ਹੈ ਕਿ ਉਥੇ ਜ਼ਰੂਰ ਡਾਕਟਰ ਭੇਜੋ।

ਮਾਨਯੋਗ ਸਪੀਕਰ : ਤੁਸੀਂ ਆਪਣੀ ਗੱਲ ਕਹਿ ਲਈ, ਹੁਣ ਬੈਠੋ। ਅਗਲਾ ਸਵਾਲ।

ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦਗਾਰ ਦਾ ਕੰਮ ਸੰਪੂਰਨ ਕਰਨਾ

*880. **ਸਰਦਾਰ ਨਿਰਮਲ ਸਿੰਘ** : ਕੀ ਸੱਭਿਆਚਾਰਕ ਮਾਮਲੇ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

ੳ) ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਬਣਾਈ ਜਾ ਰਹੀ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦਗਾਰ ਦਾ ਕੰਮ ਕਦੋਂ ਤੋਂ ਬੰਦ ਪਿਆ ਹੈ ਅਤੇ ਇਸ ਤੇ ਕਿੰਨੇ ਫੰਡਜ਼ ਖਰਚ ਹੋਏ ਹਨ;

ਅ) ਇਸ ਪਾਵਨ ਯਾਦਗਾਰ ਦੇ ਬਾਕੀ ਰਹਿੰਦੇ ਕਾਰਜ ਨੂੰ ਕੀ ਸਰਕਾਰ ਵਿੱਤੀ ਸਾਲ 2018–19 ਦੌਰਾਨ ਸੰਪੂਰਨ ਕਰਨ ਦਾ ਆਸ਼ਵਾਸਨ ਦੇਵੇਗੀ?

ਸਰਦਾਰ ਨਵਜੋਤ ਸਿੰਘ ਸਿੱਧੂ : (ੳ) ਹਾਂ ਜੀ, ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਬਣਾਈ ਜਾ ਰਹੀ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦਗਾਰ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਇਸ ਕੰਮ ਲਈ 3.50 ਕਰੋੜ ਰੁਪਏ ਖਰਚ ਹੋ ਚੁੱਕੇ ਹਨ ਜੀ। ਇਹ ਕੰਮ ਫਿਲਹਾਲ ਬੰਦ ਹੈ।

(ਅ) ਵਿਭਾਗ ਦੇ ਵਿੱਤੀ ਸਾਲ 2018–19 ਦੇ ਬਜਟ ਵਿੱਚ ਪ੍ਰਾਪਤ ਹੋਣ ਵਾਲੀ ਰਾਸ਼ੀ ਵਿੱਚੋਂ ਇਸ ਪ੍ਰੋਜੈਕਟ ਨੂੰ ਮੁਕੰਮਲ ਕਰਨ ਹਿਤ ਉਪਰਾਲੇ ਕੀਤੇ ਜਾਣਗੇ ਅਤੇ ਫੰਡਜ਼ ਦੀ ਉਪਲਬਧਤਾ ਹੋਣ ਤੇ ਇਸ ਸਮਾਰਕ ਨੂੰ ਕਾਰਜਕਾਰੀ ਏਜੰਸੀ, ਲੋਕ ਨਿਰਮਾਣ ਵਿਭਾਗ (ਬੀ. ਐਂਡ ਆਰ.) ਪਾਸੋਂ ਕਰਵਾਇਆ ਜਾਵੇਗਾ।

ਸਰਦਾਰ ਨਿਰਮਲ ਸਿੰਘ : ਸਪੀਕਰ ਸਾਹਿਬ, ਪਹਿਲਾਂ ਤਾਂ ਮੈਨੂੰ ਇਸ ਗੱਲ ਦੀ ਖੁਸ਼ੀ ਹੈ ਅਤੇ ਮਾਣ ਵੀ ਹੈ ਕਿ ਜਦੋਂ ਕੈਪਟਨ ਸਾਹਿਬ ਦੀ ਪਿਛਲੀ ਸਰਕਾਰ ਸੀ, ਉਸ ਸਮੇਂ ਇਨ੍ਹਾਂ ਨੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਦੇ ਵਿਚ ਜੋ ਗੇਟ ਉਸਾਰਿਆ ਸੀ, ਉਸ ਯਾਦਗਾਰ ਨੂੰ ਬਣਾਉਣ ਲਈ ਅੱਜ ਪੰਜਾਬ ਦੇ ਸਾਰੇ ਲੋਕ ਮਹਾਰਾਜਾ ਕੈਪਟਨ ਅਮਿਰੰਦਰ ਸਿੰਘ ਜੀ ਦੀ ਤਾਰੀਫ ਕਰ ਰਹੇ ਹਨ। ਸੋ, ਮੈਂ ਆਪਣੇ ਦਿਲ ਦੀਆਂ ਗਹਿਰਾਈਆਂ ਤੋਂ ਕੈਪਟਨ ਸਾਹਿਬ ਦਾ ਵੀ ਧੰਨਵਾਦੀ ਹਾਂ। ਮੈਂ ਤੁਹਾਡੇ ਜ਼ਰੀਏ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਬਾਬਾ ਮੋਤੀ ਰਾਮ ਮਹਿਰਾ ਜੀ ਉਹ ਸ਼ਖਸੀਅਤ ਹੋਏ ਹਨ, ਜਿਨ੍ਹਾਂ ਨੇ ਜਦੋਂ ਹਿੰਦੁਸਤਾਨ ਵਿੱਚ ਭਿਆਨਕ ਸਮੇਂ ਵਿੱਚ ਮੁਗਲਾਂ ਦਾ ਦੌਰ ਸੀ, ਉਦੋਂ ਉਨ੍ਹਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ, ਜਿਨ੍ਹਾਂ ਨੂੰ ਠੰਢੇ ਬੁਰਜ ਦੇ ਵਿੱਚ ਕੈਦ ਕੀਤਾ ਹੋਇਆ ਸੀ, ਦੇ ਲਈ ਦੁੱਧ ਦੀ ਸੇਵਾ ਕੀਤੀ ਸੀ, ਉਹ ਇੱਕ ਵਿਲੱਖਣ ਸੇਵਾ ਸੀ। ਉਸ ਭਿਆਨਕ ਸਮੇਂ ਦੌਰਾਨ ਬਾਬਾ ਮੋਤੀ ਰਾਮ ਮਹਿਰਾ ਜੀ ਨੇ ਆਪਣੇ ਜੀਵਨ ਨੂੰ ਜੋਖ਼ਮ ਵਿੱਚ ਪਾ ਕੇ ਸੇਵਾ ਕੀਤੀ ਤੇ ਉਨ੍ਹਾਂ ਦਾ ਸਾਰਾ ਪਰਿਵਾਰ ਸ਼ਹੀਦ ਹੋਇਆ। ਮੈਂ ਮੰਤਰੀ ਜੀ ਨੂੰ ਤੁਹਾਡੇ ਜ਼ਰੀਏ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਉਨ੍ਹਾਂ ਦੀ ਜਿਹੜੀ ਯਾਦਗਾਰ ਹੈ, ਉਸ ਨੂੰ ਢੁੱਕਵੇਂ ਸਮੇਂ ਦੇ ਵਿੱਚ ਬਣਾਇਆ ਜਾਵੇ ਅਤੇ ਉਸ ਲਈ ਫੰਡ ਰੱਖੇ ਜਾਣ।

ਮੰਤਰੀ : ਮਾਨਯੋਗ ਸਪੀਕਰ ਸਾਹਿਬ, ਇਹ ਮੁੱਦਾ ਬੜਾ ਹੀ ਭਾਵਨਾਤਮਕ ਹੈ, ਲੋਕਾਂ ਦੇ ਦਿਲਾਂ ਨਾਲ ਜੁੜਿਆ ਹੋਇਆ ਹੈ। ਇਸ ਵਿੱਤੀ ਸਾਲ ਦੇ ਵਿੱਚ 43 ਕਰੋੜ ਰੁਪਏ ਐਫ.ਐਮ. ਸਾਹਿਬ ਨੇ ਰਿਲੀਜ਼ ਕੀਤੇ ਹਨ। ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਜਿਵੇਂ ਹੀ ਫੰਡ ਰਿਲੀਜ਼ ਹੁੰਦੇ ਹਨ, ਇਹ ਕੰਮ ਨੂੰ ਪੂਰਨ ਰੂਪ ਵਿੱਚ ਮੁਕੰਮਲ ਕਰਵਾਇਆ ਜਾਵੇਗਾ।

ਸਰਦਾਰ ਨਿਰਮਲ ਸਿੰਘ : ਮੰਤਰੀ ਜੀ ਦਾ ਧੰਨਵਾਦ।

ਸਰਦਾਰ ਮਨਜੀਤ ਸਿੰਘ : ਸਪੀਕਰ ਸਾਹਿਬ, ਧੰਨਵਾਦ। ਸਰਦਾਰ ਨਿਰਮਲ ਸਿੰਘ ਐਮ.ਐਲ.ਏ ਨੇ ਬੜਾ ਵਧੀਆ ਮੁੱਦਾ ਉਠਾਇਆ ਹੈ। ਬਾਬਾ ਮੋਤੀ ਰਾਮ ਮਹਿਰਾ ਜੀ ਦੇ ਸਾਕੇ ਤੋਂ ਬਾਅਦ ਜਦੋਂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਾਛੀਵਾੜੇ ਦੇ ਜੰਗਲਾਂ ਵਿੱਚੋਂ ਹੁੰਦੇ ਹੋਏ ਮੇਰੇ ਹਲਕੇ ਦੇ ਵਿੱਚ ਦੀਨਾ ਸਾਹਿਬ ਪਹੁੰਚੇ ਸਨ ਤੇ ਉਥੇ ਉਨ੍ਹਾਂ ਨੂੰ ਇਸ ਸਾਰੇ ਸਾਕੇ ਦਾ ਪਤਾ ਲੱਗਾ। ਉਥੇ 3 ਮਹੀਨੇ 13 ਦਿਨ ਗੁਰੂ ਸਾਹਿਬ ਰਹੇ ਸਨ। ਸਪੀਕਰ ਸਾਹਿਬ, ਉਥੇ ਵੀ ਢੁੱਕਵੀਂ ਯਾਦਗਾਰ ਬਣਾਈ ਜਾਵੇ।

ਮਾਨਯੋਗ ਸਪੀਕਰ : ਇਸ ਬਾਰੇ ਵੱਖਰਾ ਸਵਾਲ ਦਿਓ ਜੀ।

ਧਰਮਪੁਰਾ ਪਿੰਡ ਦੇ ਵਸਨੀਕਾਂ ਨੂੰ ਪਾਣੀ ਦੀ ਸਪਲਾਈ ਦੇਣਾ

*1024. **ਸ਼੍ਰੀ ਨੱਥੂ ਰਾਮ :** ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਬੱਲੂਆਣਾ ਹਲਕੇ ਵਿੱਚ ਪਿੰਡ ਧਰਮਪੁਰਾ ਦੇ ਵਸਨੀਕਾਂ ਨੂੰ ਪਾਣੀ ਦੀ ਸਪਲਾਈ ਕਰਨ ਲਈ ਵਾਟਰ ਵਰਕਸ, ਧਰਮਪੁਰਾ ਵਿਖੇ ਵਿਛਾਈਆਂ ਗਈਆਂ ਪਾਣੀ ਦੀਆਂ ਪਾਈਪਾਂ ਦੀ ਸਮਰੱਥਾ ਨਾਕਾਫੀ ਹੈ; ਜੇਕਰ ਅਜਿਹਾ ਹੋਵੇ ਤਾਂ ਕੀ ਸਰਕਾਰ ਇਸ ਸਬੰਧ ਵਿੱਚ ਪੜਤਾਲ ਕਰਕੇ ਉਚਿਤ ਕਾਰਵਾਈ ਕਰੇਗੀ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਇਹ ਠੀਕ ਹੈ ਕਿ ਬੱਲੂਆਣਾ ਹਲਕੇ ਵਿੱਚ ਪਿੰਡ ਧਰਮਪੁਰਾ ਦੇ ਵਸਨੀਕਾਂ ਨੂੰ ਪਾਣੀ ਦੀ ਸਪਲਾਈ ਕਰਨ ਲਈ ਵਾਟਰ ਵਰਕਸ, ਪਾਈਪ ਲਾਈਨਾਂ ਦੀ ਸਮਰੱਥਾ ਨਾਕਾਫ਼ੀ ਹੈ। ਇਸ ਸਕੀਮ ਤੇ ਵਾਟਰ ਵਰਕਸ ਅਤੇ ਪਾਈਪ ਲਾਈਨਾਂ ਮਾਰਚ, 1997 ਵਿੱਚ ਵਿਭਾਗ ਦੇ ਉਸ ਸਮੇਂ ਦੇ ਨਿਯਮਾਂ ਅਨੁਸਾਰ ਡਿਜ਼ਾਈਨ ਕੀਤੀਆਂ ਗਈਆਂ ਸਨ। ਇਸ ਸਕੀਮ ਤੇ ਧਰਤੀ ਹੇਠਲੇ ਪਾਣੀ ਦਾ ਪੱਧਰ ਉੱਚਾ ਅਤੇ ਸੇਮ ਪ੍ਰਭਾਵਿਤ ਹੋਣ ਕਾਰਨ ਪਹਿਲਾਂ ਬਣੇ ਕੁਝ ਸਟਰਕਚਰ ਡੈਮੇਜ ਹੋ ਗਏ ਹਨ। ਇਸ ਸਬੰਧੀ ਵਿਭਾਗ ਵੱਲੋਂ ਪੜਤਾਲ ਕੀਤੀ ਗਈ ਅਤੇ ਪਾਇਆ ਗਿਆ ਕਿ ਇਸ ਸਕੀਮ ਦੀ ਆਗੁਮੈਂਟੇਸ਼ਨ ਕਰਨ ਦੀ ਜ਼ਰੂਰਤ ਹੈ ਅਤੇ 2.92 ਕਰੋੜ ਰੁਪਏ ਦੀ ਲਾਗਤ ਦਾ ਨਵਾਂ ਤਖਮੀਨਾ ਤਿਆਰ ਕੀਤਾ ਗਿਆ ਹੈ, ਜਿਸ ਦਾ ਕੰਮ ਅਗਲੇ ਵਿੱਤੀ ਸਾਲ 2018-19 ਦੌਰਾਨ ਹੋਣ ਦੀ ਸੰਭਾਵਨਾ ਹੈ।

ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਪਿੰਡ ਵਿੱਚ 1997 ਵਿੱਚ ਪਾਈਪ ਲਾਈਨ ਵਿਛਾਈ ਗਈ ਸੀ। ਉਦੋਂ ਜਿੰਨੀ ਰਿਕੁਆਇਰਮੈਂਟ ਸੀ, ਉਸ ਮੁਤਾਬਿਕ ਪਾਈਪ ਲਾਈਨ ਵਿਛਾਈ ਗਈ ਸੀ। ਹੁਣ 2.92 ਕਰੋੜ ਰੁਪਿਆ ਖਰਚ ਕੇ ਅਸੀਂ ਨਵਾਂ ਸਿਸਟਮ ਤੇ ਪਾਈਪਾਂ ਵੀ ਨਵੀਆਂ ਲਗਾਵਾਂਗੇ। ਇਸ ਪਿੰਡ ਦੀ ਕੋਈ ਪ੍ਰਾਬਲਮ ਨਹੀਂ ਰਹੇਗੀ।

ਸ਼੍ਰੀ ਨੱਥੂ ਰਾਮ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ। ਜੋ ਇਨ੍ਹਾਂ ਨੇ ਆਪਣੀ ਲਿਖਤੀ ਸਟੇਟਮੈਂਟ ਦਿੱਤੀ ਹੈ, ਇਸ ਦੇ ਵਿੱਚ ਆਗਮੈਂਟੇਸ਼ਨ ਦਾ ਐਸਟੀਮੇਟ 2.92 ਲੱਖ ਰੁਪਏ ਦਾ ਰੱਖਿਆ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਨੇ ਸੰਭਾਵਨਾ ਵੀ ਲਿਖੀ ਹੈ ਕਿ 2018 ਵਿੱਚ ਬਜਟ ਪਾਸ ਕਰਵਾ ਕੇ ਸਾਰਾ ਕੰਮ ਕਰਵਾ ਦਿੱਤਾ ਜਾਵੇਗਾ, ਕੀ ਇਹ ਕੰਮ ਕਰਵਾ ਦਿੱਤਾ ਜਾਵੇਗਾ?

ਮਾਨਯੋਗ ਸਪੀਕਰ : ਕੀ ਸਾਲ 2018 ਵਿੱਚ ਕੰਮ ਹੋ ਸਕੇਗਾ ਜੀ?

ਮੰਤਰੀ : ਹਰ ਹਾਲਤ ਵਿੱਚ ਹੋ ਜਾਵੇਗਾ।

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਦੇ ਧਿਆਨ ਦੇ ਵਿੱਚ ਇਸ ਸਬੰਧ ਦੇ ਵਿੱਚ ਇੱਕ ਚੀਜ਼ ਲਿਆਉਣੀ ਚਾਹੁੰਦਾ ਹਾਂ ਕਿ ਗਵਰਨਰ ਐਡਰੈਸ ਦੇ ਪੁਆਇੰਟ ਨੰ. 48 ਦੇ ਵਿੱਚ ਇਹ ਲਿਖਿਆ ਗਿਆ ਸੀ ਕਿ 100% ਅਚੀਵਮੈਂਟ ਦਾ ਟਾਰਗੈਟ ਹੈ ਤੇ 99.96% ਅਚੀਵ ਹੋ ਚੁੱਕਿਆ ਹੈ। ਬਜਟ ਪੜ੍ਹਦੇ ਹਾਂ ਉਸ ਦੇ ਵਿੱਚ ਲਿਖਿਆ ਜਾਂਦਾ ਹੈ ਕਿ ਸਾਲ 2021 ਤੱਕ ਕੰਪਲੀਟ ਕਰਨ ਦੇ ਲਈ 1489 ਕਰੋੜ ਰੁਪਿਆ ਰਿਜ਼ਰਵ ਰੱਖਿਆ ਗਿਆ ਹੈ।

ਮਾਨਯੋਗ ਸਪੀਕਰ: ਤੁਸੀਂ ਬਜਟ ਤੇ ਕਹਿ ਲੈਣਾ। ਕੀ ਇਸ ਵਿੱਚ ਕੋਈ ਸਪਲੀਮੈਂਟਰੀ ਹੈ?

ਸ਼੍ਰੀ ਅਮਨ ਅਰੋੜਾ : ਸਰ, ਮੈਂ ਸਿਰਫ ਇਹ ਜਾਣਨਾ ਚਾਹੁੰਦਾ ਹਾਂ ਕਿ ਜਿਹੜਾ ਗਵਰਨਰ ਐਡਰੈਸ ਦੇ ਵਿੱਚ ਲਿਖਿਆ ਹੈ, ਉਹ ਸੱਚ ਹੈ ਜਾਂ ਜਿਹੜਾ ਇਸ ਬਜਟ ਦੇ ਵਿੱਚ 2021 ਦਾ ਟਾਰਗੈਟ ਰੱਖਿਆ ਹੈ, ਉਹ ਸੱਚ ਹੈ। ਮੇਰੀ ਬੇਨਤੀ ਸੁਣ ਲਓ ਜੀ।

ਮਾਨਯੋਗ ਸਪੀਕਰ : ਮੈਂ ਗੱਲ ਸੁਣ ਲਈ ਹੈ। ਤੁਸੀਂ ਬਜਟ ਤੇ ਬੋਲਣਾ ਹੈ।

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਪੂਰੇ ਪੰਜਾਬ ਦੇ ਵਿੱਚ ਪਾਈਪ ਲਾਈਨਾਂ ਨਾਕਾਫ਼ੀ ਹਨ। ਅਸੀਂ, ਸੱਚ ਕੀ ਹੈ, ਉਹ ਜਾਣਨਾ ਚਾਹੁੰਦੇ ਹਾਂ?

ਮਾਨਯੋਗ ਸਪੀਕਰ : ਤੁਸੀਂ ਬਜਟ ਤੇ ਬੋਲੋਗੇ। ਬਜਟ ਤੇ ਬੋਲੋਗੇ।

ਸ਼੍ਰੀ ਅਮਨ ਅਰੋੜਾ : ਧੰਨਵਾਦ ਜੀ।

ਬਲਾਚੌਰ ਹਲਕੇ ਦੇ ਸਕੂਲਾਂ/ਕਾਲਜਾਂ ਵਿੱਚ ਵੋਕੇਸ਼ਨਲ, ਸਾਇੰਸ ਅਤੇ ਕਮਰਸ ਸਟਰੀਮ ਚਲਾਉਣਾ

*972. **ਸ਼੍ਰੀ ਦਰਸ਼ਨ ਲਾਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਕੀ ਇਹ ਠੀਕ ਹੈ ਕਿ ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਮੌਜੂਦਾ ਸਰਕਾਰੀ ਕਾਲਜਾਂ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੋਕੇਸ਼ਨਲ, ਸਾਇੰਸ ਅਤੇ ਕਮਰਸ ਦੀਆਂ ਕਲਾਸਾਂ ਨਹੀਂ ਹਨ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕਾਰਨ ਕੀ ਹਨ;

(ਅ) ਕੀ ਅਗਲੇ ਅਕਾਦਮਿਕ ਸਾਲ ਤੋਂ ਉਪਰੋਕਤ ਦਰਸਾਏ ਗਏ ਸਕੂਲਾਂ ਅਤੇ ਕਾਲਜਾਂ ਵਿੱਚ ਇਹ ਕਲਾਸਾਂ ਸ਼ੁਰੂ ਕਰਨ ਲਈ ਸਰਕਾਰ ਵਿਚਾਰ ਕਰੇਗੀ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

ਸ਼੍ਰੀਮਤੀ ਅਰੁਨਾ ਚੌਧਰੀ : (ੳ) ਪੰਜਾਬ ਵਿਧਾਨ ਸਭਾ ਹਲਕਾ ਬਲਾਚੌਰ ਵਿਖੇ ਸਰਕਾਰੀ ਕਾਲਜ ਨਹੀਂ ਹੈ ਪ੍ਰੰਤੂ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਕਾਂਸਟੀਚਿਊਟ ਕਾਲਜ ਹੈ, ਜਿਸ ਵਿੱਚ ਇਸ ਸਮੇਂ ਵੋਕੇਸ਼ਨਲ ਅਤੇ ਸਾਇੰਸ ਦੀਆਂ ਕਲਾਸਾਂ ਨਹੀਂ ਚੱਲ ਰਹੀਆਂ। ਇਸ ਕਾਲਜ ਵਿਖੇ ਕਾਮਰਸ ਦੀਆਂ ਕਲਾਸਾਂ ਚੱਲ ਰਹੀਆਂ ਹਨ।

ਬਲਾਚੌਰ ਹਲਕੇ ਅਧੀਨ ਪੈਂਦੇ ਕੁੱਲ 12 ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚੋਂ 6 ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ ਅਤੇ ਇੱਕ ਸਕੂਲ ਵਿੱਚ ਸਾਇੰਸ ਅਤੇ ਕਾਮਰਸ ਦੀਆਂ ਕਲਾਸਾਂ ਚੱਲ ਰਹੀਆਂ ਹਨ।

(ਅ) ਹਾਂ ਜੀ। ਸਬੰਧਿਤ ਯੂਨੀਵਰਸਿਟੀ ਨਾਲ ਇਸ ਬਾਰੇ ਕਾਰਵਾਈ ਕਰਨ ਲਈ ਸਰਕਾਰ ਵਿਚਾਰ ਕਰੇਗੀ।

ਅਗਲੇ ਅਕਾਦਮਿਕ ਸਾਲ ਤੋਂ ਸਰਕਾਰ ਦੀ ਸਿੱਖਿਆ ਯੋਜਨਾ ਦੇ ਸਨਮੁੱਖ ਬਲਾਚੌਰ ਹਲਕੇ ਦੇ ਰਹਿੰਦੇ ਸਕੂਲਾਂ ਵਿੱਚ ਵੋਕੇਸ਼ਨਲ ਸਿੱਖਿਆ, ਸਾਇੰਸ ਤੇ ਕਾਮਰਸ ਗਰੁੱਪ ਦੀਆਂ ਕਲਾਸਾਂ ਸ਼ੁਰੂ ਕਰਨ ਹਿਤ ਵਿਚਾਰ ਕੀਤਾ ਜਾਵੇਗਾ।

ਸ਼੍ਰੀ ਦਰਸ਼ਨ ਲਾਲ : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਜਾਣੂ ਕਰਵਾਉਣਾ ਚਾਹੁੰਦਾ ਹਾਂ ਕਿ ਮੇਰੇ ਹਲਕੇ ਦੇ 205 ਪਿੰਡ ਹਨ। ਕਿਸੇ ਵੀ ਹਾਇਰ ਸੈਕੰਡਰੀ ਸਕੂਲ ਵਿੱਚ ਨਾ ਕਾਮਰਸ ਹੈ ਅਤੇ ਨਾ ਸਾਇੰਸ ਹੈ। ਪਿਛਲੀ ਸਰਕਾਰ ਨੇ ਤਾਂ ਬਲਾਚੌਰ ਨੂੰ ਅਣਗੌਲਿਆ ਕੀਤਾ ਹੀ ਕੀਤਾ ਸੀ ਪਰ ਮੈਨੂੰ ਤਾਂ ਇਹ ਵੀ ਜਾਪਦਾ ਹੈ ਕਿ ਮੰਤਰੀ ਜੀ ਇਸ ਬਾਰੇ ਸੋਚ ਨਹੀਂ ਰਹੇ ਹਨ। ਮੰਤਰੀ ਜੀ, ਮੈਂ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਹਲਕੇ ਦੇ ਬੱਚੇ ਡਾਕਟਰ, ਇੰਜੀਨੀਅਰ ਅਤੇ ਸੀ.ਏ. ਬਣਨਾ ਚਾਹੁੰਦੇ ਹਨ ਪਰ ਜੇਕਰ ਸਾਇੰਸ ਜਾਂ ਕਾਮਰਸ ਗਰੁੱਪ ਹੀ ਨਹੀਂ ਹੋਵੇਗਾ ਤਾਂ ਸਾਡੇ ਬੱਚੇ ਕਿਸ ਤਰ੍ਹਾਂ ਅੱਗੇ ਵਧ ਸਕਦੇ ਹਨ, ਇਸ ਕਰਕੇ ਵਿਚਾਰ ਕਰਕੇ ਜੇ ਦੋ ਨਹੀਂ ਤਾਂ ਇੱਕ-ਇੱਕ ਬਲਾਕ ਵਿੱਚ ਸਾਇੰਸ ਅਤੇ ਕਾਮਰਸ ਗਰੁੱਪ ਦਿੱਤੇ ਜਾਣ ਤਾਂ ਕਿ ਸਾਡੇ ਬੱਚੇ ਵੀ ਡਾਕਟਰ, ਇੰਜੀਨੀਅਰ ਅਤੇ ਸੀ.ਏ. ਬਣ ਸਕਣ।

ਮਾਨਯੋਗ ਸਪੀਕਰ : ਕੀ ਵਿਚਾਰ ਕਰੋਗੇ ਜੀ? ਇਹ ਕਹਿੰਦੇ ਹਨ ਕਿ ਜੇ ਦੋ-ਦੋ ਨਹੀਂ ਦੇ ਸਕਦੇ ਤਾਂ ਇੱਕ-ਇੱਕ ਦੇ ਦਿਉ।

ਰਾਜ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਕਹਿਣਾ ਚਾਹੁੰਦੀ ਹਾਂ ਕਿ ਸਕੂਲਾਂ ਬਾਰੇ ਸਾਇੰਸ ਅਤੇ ਕਾਮਰਸ ਗਰੁੱਪ ਦੀ ਇਨਫਰਮੇਸ਼ਨ ਮੰਗਵਾ ਲੈਂਦੇ ਹਾਂ ਅਤੇ ਜੇਕਰ ਅਗਲੇ ਦਸਾਂ ਦਿਨਾਂ ਵਿੱਚ ਇਨ੍ਹਾਂ ਕੋਲ 20-20 ਸਟੂਡੈਂਟ ਹੋ ਜਾਂਦੇ ਹਨ ਤਾਂ ਅਸੀਂ ਜਲਦੀ ਹੀ ਫ਼ੈਸਲਾ ਲੈ ਲਵਾਂਗੇ।

ਮਾਨਯੋਗ ਸਪੀਕਰ : ਮੰਤਰੀ ਜੀ ਦਾ ਧੰਨਵਾਦ ਕਰੋ ਜੀ।

ਸ਼੍ਰੀ ਦਰਸ਼ਨ ਲਾਲ : ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇਕਰ ਪਹਿਲਾਂ ਟੀਚਰ ਜਾਣਗੇ ਤਾਂ ਹੀ ਇਹ ਕੰਮ ਹੋ ਸਕਦਾ ਹੈ। ਜੇਕਰ ਬੱਚਿਆਂ ਨੂੰ ਭਰੋਸਾ ਹੀ ਨਹੀਂ ਹੋਵੇਗਾ ਕਿ ਉੱਥੇ ਸਾਇੰਸ ਦੇ ਟੀਚਰ ਹੋਣਗੇ ਤਾਂ ਉਹ ਕਿਵੇਂ ਜਾਣਗੇ। 20 ਜਾਂ 22 ਬੱਚੇ ਤਾਂ ਪੂਰੇ ਹੋ ਜਾਣਗੇ ਪਰ ਇਹ ਮੈਨੂੰ ਭਰੋਸਾ ਦਿਵਾਉਣ ਕਿ ਇਸੇ ਸੈਸ਼ਨ ਵਿੱਚ ਇਹ ਸਾਇੰਸ ਅਤੇ ਕਾਮਰਸ ਚਾਲੂ ਕਰ ਦੇਣਗੇ ਤਾਂ ਕਿ ਅਸੀਂ ਬੱਚਿਆਂ ਨੂੰ ਉਨ੍ਹਾਂ ਸਕੂਲਾਂ ਵਿੱਚ ਭੇਜ ਸਕੀਏ। ਮੈਡਮ ਜੀ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਜਿਹੜਾ ਮਹਿੰਦੀਪੁਰ ਵਿੱਚ ਸਕੂਲ ਹੈ.....

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ ਜੀ।

ਸ਼੍ਰੀ ਦਰਸ਼ਨ ਲਾਲ : ਇਹ ਬਹੁਤ ਹੀ ਇਤਿਹਾਸਕ ਸਕੂਲ ਹੈ। ਤੁਸੀਂ ਇਸ ਵੱਲ ਜ਼ਰੂਰ ਗੌਰ ਕਰੋ ਤਾਂ ਕਿ ਸਾਡੇ ਬੱਚਿਆਂ ਦਾ ਭਵਿੱਖ ਵੀ ਵਧੀਆ ਬਣ ਸਕੇ।

ਰਾਜ ਮੰਤਰੀ : ਮੈਂ ਪਹਿਲਾਂ ਹੀ ਕਹਿ ਚੁੱਕੀ ਹਾਂ ਕਿ ਇਸ ਬਾਰੇ ਵਿੱਚ ਵਿਚਾਰ ਕੀਤਾ ਜਾਵੇਗਾ।

ਹਲਕਾ ਬੰਗਾ ਦੇ ਲੋਕਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣਾ

*1139. **ਡਾਕਟਰ ਸੁਖਵਿੰਦਰ ਕੁਮਾਰ** : ਕੀ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿੱਚ ਹੈ ਕਿ ਵਿਧਾਨ ਸਭਾ ਹਲਕਾ ਬੰਗਾ ਦਾ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਰਿਹਾ; ਜੇਕਰ ਅਜਿਹਾ ਹੋਵੇ ਤਾਂ ਇਲਾਕੇ ਦੇ ਲੋਕਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ ਵੱਲੋਂ ਕੀ ਪ੍ਰਬੰਧ ਕੀਤੇ ਜਾ ਰਹੇ ਹਨ?

ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ : ਵਿਧਾਨ ਸਭਾ ਹਲਕਾ ਬੰਗਾ ਵਿੱਚ ਜ਼ਮੀਨੀ ਪਾਣੀ ਦੀ ਕੁਆਲਿਟੀ ਪੀਣ ਯੋਗ ਹੈ। ਇਸ ਹਲਕੇ ਵਿੱਚ 100 ਜਲ ਸਪਲਾਈ ਸਕੀਮਾਂ ਰਾਹੀਂ 140 ਪਿੰਡਾਂ ਨੂੰ ਪੀਣ ਵਾਲਾ ਪਾਣੀ ਮੁਹੱਈਆ ਕੀਤਾ ਜਾ ਰਿਹਾ ਹੈ। ਸਾਰੀਆਂ ਸਕੀਮਾਂ ਦੀ ਪਾਣੀ ਦੀ ਗੁਣਵੱਤਾ ਸਹੀ ਹੈ। ਸਿਰਫ 3 ਪਿੰਡਾਂ ਦੀ ਗੁਣਵੱਤਾ ਠੀਕ ਨਹੀਂ ਹੈ। ਉਨ੍ਹਾਂ ਵਿੱਚ ਸਿਲੇਨੀਅਮ ਦੀ ਮਾਤਰਾ ਨਿਰਧਾਰਿਤ ਸੀਮਾ ਤੋਂ ਵੱਧ ਪਾਈ ਗਈ ਹੈ। 3 ਪਿੰਡਾਂ ਨੂੰ ਇੱਕ ਸਕੀਮ ਰਾਹੀਂ ਪਾਣੀ ਦਿੱਤਾ ਜਾ ਰਿਹਾ ਹੈ। ਵਿਭਾਗ ਵੱਲੋਂ ਮਾਰਚ,2019 ਤੱਕ ਸਕੀਮ ਪੁਨੀਆਂ ਉਤੇ ਟ੍ਰੀਟਮੈਂਟ ਪਲਾਂਟ ਰੈਟਰੋਫਿੱਟ ਕੀਤਾ ਜਾਵੇਗਾ, ਜਿਸ ਨਾਲ ਤਿੰਨ ਪਿੰਡਾਂ ਨੂੰ ਪੀਣ ਯੋਗ ਪਾਣੀ ਮੁਹੱਈਆ ਕੀਤਾ ਜਾ ਸਕੇਗਾ।

ਡਾਕਟਰ ਸੁਖਵਿੰਦਰ ਕੁਮਾਰ : ਸਪੀਕਰ ਸਾਹਿਬ ਸਾਡੇ ਗੁਰੂਆਂ ਪੀਰਾਂ ਨੇ ਫ਼ਰਮਾਇਆ ਹੈ:-

ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।।

ਅੱਜ ਪੰਜਾਬ ਦਾ ਖਾਸ ਕਰਕੇ ਮਾਲਵੇ ਦਾ ਜਿਹੜਾ ਗਰਾਊਂਡ ਵਾਟਰ ਹੈ, ਉਹ ਹੈਵੀ ਮੈਟਲ ਨਾਲ ਇੰਨਾ ਦੂਸ਼ਿਤ ਹੋ ਗਿਆ ਹੈ ਕਿ ਉਹ ਪੀਣ ਯੋਗ ਨਹੀਂ ਰਿਹਾ। ਪਿੱਛੇ ਜਿਹੇ 2102 ਪਿੰਡਾਂ ਦਾ ਸਰਵੇ ਕੀਤਾ ਗਿਆ। ਉਸ ਵਿੱਚ ਪੰਜਾਬ ਦਾ 44% ਏਰੀਆ ਕਵਰ ਕੀਤਾ ਗਿਆ ਅਤੇ ਪਾਇਆ ਗਿਆ ਕਿ Lead, Chromium, Arsenic, Mercury, Zinc, Copper, Cobalt ਅਤੇ ਇਸ ਤਰ੍ਹਾਂ ਦੀਆਂ ਕਈ ਹੋਰ ਹੈਵੀ ਮੈਟਲਜ਼ ਹਨ, ਜਿਨ੍ਹਾਂ ਨਾਲ ਪਾਣੀ ਦੂਸ਼ਿਤ ਹੈ। ਆਰਸੈਨਿਕ ਉਹ ਪੁਆਇਜ਼ਨ ਹੈ, ਜਿਸ ਨਾਲ ਮਾਲਵੇ ਵਿੱਚ ਬਹੁਤ ਜ਼ਿਆਦਾ ਕੈਂਸਰ ਦੇ ਪੇਸ਼ੈਂਟ ਪਾਏ ਜਾਂਦੇ ਹਨ। ਇਸੇ ਕਾਰਨ ਹੀ ਬਠਿੰਡੇ ਤੋਂ ਇੱਕ ਟਰੇਨ ਰਾਜਸਥਾਨ ਜਾਂਦੀ ਹੈ, ਉਸ ਦਾ ਨਾਂ ਹੀ ਕੈਂਸਰ ਟਰੇਨ ਹੈ। ਮੈਂ ਮੰਤਰੀ ਸਾਹਿਬ ਤੋਂ ਇਹ ਜਾਣਨਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਦੀ ਕੋਈ ਸਕੀਮ ਹੈ, ਜਿਸ ਤਰ੍ਹਾਂ ਮਾਲਵੇ ਵਿੱਚ ਅੱਜ ਪਾਣੀ ਦੂਸ਼ਿਤ ਹੋ ਗਿਆ ਹੈ ਅਤੇ ਪੀਣ ਯੋਗ ਨਹੀਂ ਰਿਹਾ ਹੈ, ਇਸ ਨੂੰ ਰੋਕਿਆ ਜਾਵੇ। ਅੱਜ ਅਸੀਂ ਪੰਜਾਬ ਦੇ ਕਿਸਾਨ ਨੂੰ ਬਚਾਉਣ ਦੀ ਗੱਲ ਕਰਦੇ ਹਾਂ, ਅੱਜ ਅਸੀਂ ਦੂਸਰੀਆਂ ਅਲਾਮਤਾਂ

ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਕੀ ਪੰਜਾਬ ਦਾ ਪਾਣੀ ਬਚਾਉਣ ਲਈ ਅਤੇ ਖਾਸ ਕਰਕੇ ਬੰਗਾ ਸ਼ਹਿਰ ਦਾ ਪਾਣੀ ਵੀ ਮਾਲਵੇ ਵਰਗਾ ਨਾ ਹੋ ਜਾਵੇ, ਕੀ ਇਨ੍ਹਾਂ ਦੀ ਇਹੋ ਜਿਹੀ ਕੋਈ ਸਕੀਮ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਫ ਸੁਥਰਾ ਪੀਣ ਵਾਲਾ ਪਾਣੀ ਦੇ ਸਕੀਏ ?

ਮੰਤਰੀ : ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਮਾਝੇ ਤੋਂ ਤੁਰਿਆ ਸੀ ਤੇ ਉਨ੍ਹਾਂ ਨੇ ਉਸ ਵਿੱਚ ਸਾਰਾ ਮਾਲਵਾ ਵੀ ਕਵਰ ਕਰ ਦਿੱਤਾ ਹੈ। ਸਵਾਲ ਇਨ੍ਹਾਂ ਦਾ ਆਪਣੇ ਹਲਕੇ ਬਾਰੇ ਹੈ ਤੇ ਮੈਂ ਦੱਸ ਦਿੱਤਾ ਹੈ ਕਿ ਤੁਹਾਡੇ ਹਲਕੇ ਦਾ ਪਾਣੀ ਬਹੁਤ ਵਧੀਆ ਹੈ ਤੇ ਜਿਨ੍ਹਾਂ ਪਿੰਡਾਂ ਦੇ ਪਾਣੀ ਵਿੱਚ ਖਰਾਬੀ ਹੈ, ਉੱਥੇ ਅਸੀਂ ਠੀਕ ਕਰ ਦਿਆਂਗੇ। ਬਾਕੀ ਸੀ.ਐਮ. ਸਾਹਿਬ ਦੀ ਨਜ਼ਰ ਸਾਰੇ ਪੰਜਾਬ ਤੇ ਹੈ ਅਤੇ ਸਾਰੇ ਪੰਜਾਬ ਵਿੱਚ ਅਸੀਂ ਵਧੀਆ ਪਾਣੀ ਦੇਣਾ ਹੈ। ਐਸੀ ਕੋਈ ਗੱਲ ਨਹੀਂ ਹੈ ਕਿ ਮੈਨੂੰ ਮਾਝੇ ਦਾ ਫਿਕਰ ਨਹੀਂ ਹੈ ਤੇ ਮੇਰੇ ਹਲਕੇ ਦੇ ਲੋਕ ਚੰਗਾ ਪਾਣੀ ਪੀਣ, ਇਹੋ ਜਿਹੀ ਕੋਈ ਗੱਲ ਨਹੀਂ ਹੈ। ਸਾਰੇ ਪੰਜਾਬ ਵਿੱਚ ਬਹੁਤ ਵਧੀਆ ਪਾਣੀ ਦਿੱਤਾ ਜਾਵੇਗਾ।

ਡਾਕਟਰ ਸੁਖਵਿੰਦਰ ਕੁਮਾਰ: ਸਪੀਕਰ ਸਾਹਿਬ, ਪਾਣੀ ਬਾਹਰੋਂ ਦੇਣਾ ਤਾਂ ਵੱਖਰੀ ਗੱਲ ਹੈ, ਮੈਂ ਤਾਂ ਗਰਾਊਂਡ ਵਾਟਰ ਦੀ ਗੱਲ ਕਰਦਾ ਹਾਂ ਜਿਸ ਵਿੱਚ chemical fertilizers ਮਿਲ ਕੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੇ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਦੀ ਰੋਕਥਾਮ ਲਈ ਕੀ ਸਰਕਾਰ ਕੋਈ ਉਪਰਾਲਾ ਕਰ ਰਹੀ ਹੈ?

ਮਾਨਯੋਗ ਸਪੀਕਰ : ਕੀ ਗਰਾਊਂਡ ਵਾਟਰ ਨੂੰ ਠੀਕ ਕਰਨ ਵਾਸਤੇ ਉਪਰਾਲੇ ਕੀਤੇ ਜਾ ਰਹੇ ਹਨ?

ਮੰਤਰੀ : ਹਾਂ ਜੀ, ਗਰਾਊਂਡ ਵਾਟਰ ਨੂੰ ਠੀਕ ਕਰਨ ਵਾਸਤੇ ਉਪਰਾਲੇ ਕੀਤੇ ਜਾ ਰਹੇ ਹਨ। ਬਹੁਤ ਵਧੀਆ ਪਾਣੀ ਬਹੁਤ ਛੇਤੀ ਸਾਰੇ ਪਿੰਡਾਂ ਵਿੱਚ ਪਹੁੰਚਾਇਆ ਜਾਵੇਗਾ।

ਸਰਦਾਰ ਬਲਬੀਰ ਸਿੰਘ ਸਿੱਧੂ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਤੇ ਇਹ ਪੁੱਛਣਾ ਵੀ ਚਾਹੁੰਦਾ ਹਾਂ ਕਿ ਅੱਗੇ ਤਾਂ ਗਰਮੀ ਬਹੁਤ ਜ਼ਿਆਦਾ ਸ਼ੁਰੂ ਹੋ ਰਹੀ ਹੈ ਤੇ ਗਰਮੀਆਂ ਵਿੱਚ ਬਹੁਤ ਸਾਰੇ ਟਿਊਬਵੈੱਲ ਤੇ ਮੋਟਰਾਂ ਖਰਾਬ ਹੋ ਜਾਂਦੀਆਂ ਹਨ ਤੇ ਲੋਕਾਂ ਨੂੰ ਪੰਪ ਦਾ ਪਾਣੀ ਪੀਣਾ ਪੈਂਦਾ ਹੈ। ਮੈਂ ਪਹਿਲਾਂ ਵੀ ਇੱਕ ਸੁਜੈਸ਼ਨ ਦਿੱਤੀ ਸੀ ਕਿ ਤੁਸੀਂ ਇੱਕ ਬਲਾਕ ਵਿੱਚ ਘੱਟੋ-ਘੱਟ ਦੋ ਜਾਂ ਤਿੰਨ ਸਪੇਅਰ ਮੋਟਰਾਂ ਜ਼ਰੂਰ ਲੈ ਕੇ ਰੱਖੋ ਤਾਂ ਜੋ ਅਗਰ ਕੋਈ ਮੋਟਰ ਖਰਾਬ ਹੁੰਦੀ ਹੈ ਤਾਂ ਸਪੇਅਰ ਮੋਟਰ ਵਰਤੀ ਜਾ ਸਕੇ। ਕੀ ਇਸ ਤਰ੍ਹਾਂ ਦੀ ਕੋਈ ਪ੍ਰਪੋਜ਼ਲ ਵਿਚਾਰ ਅਧੀਨ ਹੈ?

ਮਾਨਯੋਗ ਸਪੀਕਰ : ਕੀ ਸਪੇਅਰ ਮੋਟਰਾਂ ਵਾਸਤੇ ਕੋਈ ਪ੍ਰਪੋਜ਼ਲ ਹੈ?

ਮੰਤਰੀ : ਹਾਂ ਜੀ, ਸਪੇਅਰ ਮੋਟਰਾਂ ਵਾਸਤੇ ਪ੍ਰਪੋਜ਼ਲ ਹੈ ਅਤੇ ਹਰ ਬਲਾਕ ਵਿੱਚ ਸਪੇਅਰ ਮੋਟਰਾਂ ਰੱਖੀਆਂ ਜਾਣਗੀਆਂ ਤਾਂ ਜੋ ਇੱਕ ਮੋਟਰ ਖਰਾਬ ਹੋਣ ਤੇ immediately ਉਸ ਨੂੰ ਬਦਲ ਲਿਆ ਜਾਵੇ।

ਸਰਦਾਰ ਬਲਬੀਰ ਸਿੰਘ ਸਿੱਧੂ : ਧੰਨਵਾਦ ਸਰ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : ਸਪੀਕਰ ਸਾਹਿਬ, ਇਹ ਪਾਣੀ ਨਾਲ ਜੁੜਿਆ ਹੋਇਆ ਮੁੱਦਾ ਹੈ ਤੇ ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਸੀ.ਐਮ. ਸਾਹਿਬ ਆਪ ਇਸ ਮਸਲੇ ਤੇ ਬਹੁਤ ਗੰਭੀਰ ਹਨ ਤੇ ਇਸ ਮਸਲੇ ਤੇ ਨਿਗਾਹ ਰੱਖ ਰਹੇ ਹਨ। ਵੈਸੇ ਤਾਂ ਇਹ ਸਾਰੇ ਪੰਜਾਬ ਦੀ ਹੀ ਲੋੜ ਹੈ ਪਰ ਮੈਂ ਸੀ.ਐਮ. ਸਾਹਿਬ ਦੇ ਆਪਣੇ ਜ਼ਿਲ੍ਹੇ ਦੀ ਹੀ ਗੱਲ ਕਰਦਾ ਹਾਂ ਕਿ ਜਿਹੜੇ ਆਰ.ਓ. ਸਿਸਟਮਜ਼ ਪਿੰਡਾਂ ਵਿੱਚ ਲਗਾਏ ਜਾ ਰਹੇ ਸਨ, ਉਨ੍ਹਾਂ ਦਾ ਕੰਮ ਵਿੱਚ ਹੀ ਰੋਕ ਦਿੱਤਾ ਗਿਆ ਹੈ। ਮੈਂ ਉਸ ਦਾ ਕਾਰਨ ਜਾਣਨਾ ਚਾਹੁੰਦਾ ਹਾਂ ਕਿ ਕਿਸ ਕਾਰਨ ਕਰਕੇ ਇਹ ਕੰਮ ਰੋਕ ਦਿੱਤਾ ਗਿਆ ਹੈ ਤੇ ਕਈ ਥਾਵਾਂ ਤੇ ਪੈਸੇ ਮਨਜ਼ੂਰ ਹੋਣ ਤੋਂ ਬਾਅਦ ਵੀ ਆਰ.ਓ. ਲੱਗਣੇ ਸ਼ੁਰੂ ਹੀ ਨਹੀਂ ਹੋਏ ਹਨ, ਉਸ ਦਾ ਕੀ ਕਾਰਨ ਹੈ? ਇਹ ਜੋ ਜਨਰਲ ਸਮੱਸਿਆ ਧਿਆਨ ਵਿੱਚ ਆਈ ਹੈ, ਇਹ ਮਾਨਯੋਗ ਮੁੱਖ ਮੰਤਰੀ ਜੀ ਦੇ ਆਪਣੇ ਜ਼ਿਲ੍ਹੇ ਦੀ ਵੀ ਸਮੱਸਿਆ ਹੈ ਤੇ ਸਾਰੇ ਪੰਜਾਬ ਦੀ ਵੀ ਸਮੱਸਿਆ ਹੈ।

ਮਾਨਯੋਗ ਸਪੀਕਰ : ਇਹ ਕਹਿੰਦੇ ਹਨ ਕਿ ਬਹੁਤੀ ਜਗ੍ਹਾ ਤੇ ਆਰ.ਓ. ਤੇ ਕੰਮ ਸ਼ੁਰੂ ਨਹੀਂ ਹੋਇਆ ਹੈ।

ਮੰਤਰੀ : ਜਿਹੜੇ ਪਿੰਡਾਂ ਵਿੱਚ ਕੰਮ ਸ਼ੁਰੂ ਨਹੀਂ ਹੋਇਆ ਹੈ, ਉਹ ਦੱਸ ਦਿਓ, ਛੇਤੀ ਸ਼ੁਰੂ ਕਰਵਾ ਦਿੱਤਾ ਜਾਵੇਗਾ।

ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ : ਕਈ ਥਾਵਾਂ ਤੇ ਕੰਮ ਸ਼ੁਰੂ ਹੋ ਚੁੱਕਿਆ ਹੈ ਪਰ ਵਿੱਚ ਹੀ ਰੋਕ ਦਿੱਤਾ ਗਿਆ ਹੈ।

ਮੰਤਰੀ : ਜਿਹੜੇ ਸਪੈਸ਼ਲ ਪਿੰਡਾਂ ਵਿੱਚ ਰੁਕਿਆ ਹੋਇਆ ਹੈ, ਉਨ੍ਹਾਂ ਦੇ ਨਾਮ ਦੱਸ ਦਿਓ। ਅਸੀਂ ਕੰਮ ਸ਼ੁਰੂ ਕਰਵਾ ਦਿਆਂਗੇ।

ਪ੍ਰੋਫੈਸਰ ਬਲਜਿੰਦਰ ਕੌਰ : ਸਪੀਕਰ ਸਾਹਿਬ, ਵੈਸੇ ਤਾਂ ਸਾਰੇ ਮਾਨਯੋਗ ਮੈਂਬਰ ਸਾਹਿਬਾਨਾਂ ਦਾ ਸਵਾਲ ਕਾਫੀ ਦਿਸ਼ਾ ਵਿੱਚ ਘੁੰਮ ਚੁੱਕਿਆ ਹੈ ਤੇ ਜੋ ਮੈਂ ਪੁੱਛਣਾ ਚਾਹੁੰਦੀ ਸੀ, ਉਸ direction ਵਿੱਚ ਸਵਾਲ almost ਚਲਾ ਗਿਆ ਹੈ ਪਰ ਫਿਰ ਵੀ ਮੈਂ ਕਹਿਣਾ ਚਾਹੁੰਦੀ ਹਾਂ ਕਿ ਮੈਨੂੰ ਇਹ ਮਹਿਸੂਸ ਹੁੰਦਾ ਹੈ ਕਿ ਪੰਜਾਬ ਵਿੱਚ ਕੁਝ ਹਲਕੇ ਐਸੇ ਹਨ, ਜਿਨ੍ਹਾਂ ਬਾਰੇ ਸਰਕਾਰ ਦਾ particular ਹੋਣਾ ਬੜਾ ਲਾਜ਼ਮੀ ਹੈ। ਤਖਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ ਇੱਕ ਅਜਿਹੀ ਧਰਤੀ ਹੈ, ਜਿਹੜੀ ਸਾਡੇ ਸਮੂਹ ਪੰਜਾਬੀਅਤ ਦਾ ਮਾਣ ਹੈ ਔਰ ਜਦੋਂ ਡਾਕਟਰ ਸਾਹਿਬ ਬਠਿੰਡਾ ਡਿਸਟ੍ਰਿਕਟ ਨੂੰ ਲੈ ਕੇ ਜ਼ਿਕਰ ਕਰ ਰਹੇ ਸੀ, I think Talwandi Sabo is one of them ਕਿ ਜਿੱਥੇ ਇਸ ਵੇਲੇ ਕੈਂਸਰ ਸਭ ਤੋਂ ਜ਼ਿਆਦਾ ਹੈ। ਇੱਕ ਗੱਲ ਮੈਂ ਜ਼ਰੂਰ ਧਿਆਨ ਵਿੱਚ ਲਿਆਉਣਾ ਚਾਹਾਂਗੀ ਤੇ ਸੀ.ਐਮ. ਸਾਹਿਬ ਵੀ ਇੱਥੇ ਬੈਠੇ ਹਨ ਜੋ ਕਿ ਖੁਦ 1985 ਵਿੱਚ ਤਲਵੰਡੀ ਸਾਬੋ ਤੋਂ ਇਲੈਕਸ਼ਨ ਕੰਟੈਸਟ ਕਰਕੇ ਆਏ ਹਨ। ਉੱਥੋਂ ਦੇ ਲੋਕਾਂ ਦੀ ਇੱਕ ਬੜੀ ਵੱਡੀ ਸਮੱਸਿਆ ਹੈ ਕਿ ਉਹ ਇਸ ਗੱਲ ਨੂੰ ਪਸੰਦ ਨਹੀਂ ਕਰਦੇ ਜਾਂ ਚੰਗਾ ਨਹੀਂ ਸਮਝਦੇ, ਹੋ ਸਕਦਾ ਹੈ ਕਿ ਅੱਜ ਹਾਊਸ ਦੇ ਵਿੱਚ ਰੱਖੀ ਗਈ ਗੱਲ ਵੀ ਉਨ੍ਹਾਂ ਨੂੰ ਚੰਗੀ ਨਾ ਲੱਗੇ ਕਿ ਜਦੋਂ ਇਹ ਕਿਹਾ ਜਾਂਦਾ ਹੈ ਕਿ ਉੱਥੇ ਕੈਂਸਰ ਦੀ ਬੜੀ ਵੱਡੀ ਬਿਮਾਰੀ ਫੈਲ ਗਈ ਹੈ ਤੇ ਕੈਂਸਰ ਦੀ ਬਿਮਾਰੀ ਨੇ ਉਨ੍ਹਾਂ ਨੂੰ ਜਕੜ ਲਿਆ ਹੈ। ਉਨ੍ਹਾਂ ਦੀ ਇੱਕ ਧਾਰਨਾ ਬਣ ਗਈ ਸੀ ਕਿ ....

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ, ਸਵਾਲ।

ਪ੍ਰੋਫੈਸਰ ਬਲਜਿੰਦਰ ਕੌਰ : ਸਰ, ਬੱਸ ਇੱਕ ਮਿੰਟ। ਇਹ ਸਵਾਲ ਰੱਖਣਾ ਬਹੁਤ ਲਾਜ਼ਮੀ ਸੀ। Just give me one minute. ਉਨ੍ਹਾਂ ਦੀ ਧਾਰਨਾ ਬਣ ਗਈ ਕਿ ਜੇ ਕੈਂਸਰ ਦੀ ਗੱਲ ਬਾਰੇ ਸਾਡਾ ਜ਼ਿਕਰ ਕੀਤਾ ਜਾਵੇਗਾ ਤਾਂ ਇੱਕ perception ਬਣ ਗਈ ਕਿ ਸਾਡੇ ਇੱਥੇ ਮੁੰਡੇ ਕੁੜੀਆਂ ਦੇ ਵਿਆਹ ਨਹੀਂ ਹੋਣਗੇ। ਸੋ, ਕਹਿਣ ਦਾ ਮਤਲਬ ਹੈ ਕਿ ਕੀ ਸਰਕਾਰ ਤਖਤ ਸ਼੍ਰੀ ਦਮਦਮਾ ਸਾਹਿਬ ਦੀ ਧਰਤੀ ਤੇ ਪਾਣੀ ਮੁਹੱਈਆ ਕਰਵਾਉਣ ਬਾਰੇ ਕੁਝ ਵਿਚਾਰ ਕਰ ਰਹੀ ਹੈ?

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ।

ਪ੍ਰੋਫੈਸਰ ਬਲਜਿੰਦਰ ਕੌਰ : ਸਰ, ਮੈਂ ਪਹਿਲਾਂ ਹੀ ਮਾਫੀ ਮੰਗੀ ਹੈ ਕਿ ਸਵਾਲ ਕਿਸੇ ਅਲੱਗ ਡਾਇਰੈਕਸ਼ਨ ਵਿੱਚ ਘੁੰਮਦਾ ਸੀ ਪਰ ਮੇਰਾ ਇਹ ਪੁੱਛਣਾ ਲਾਜ਼ਮੀ ਸੀ।

ਸਰਦਾਰ ਕੁਲਵੰਤ ਸਿੰਘ ਪੰਡੋਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਾਡੇ ਬਰਨਾਲੇ ਜ਼ਿਲ੍ਹੇ ਵਿੱਚ ਇੱਕ ਟ੍ਰਾਈਡੈਂਟ ਫੈਕਟਰੀ ਲੱਗੀ ਹੈ ਤੇ ਅੱਜ ਤੋਂ ਪੰਜ ਸਾਲ ਪਹਿਲਾਂ ਇਲਾਕੇ ਦੇ ਪਾਣੀ ਦਾ ਟੀ.ਡੀ.ਐਸ. ਵੱਖਰਾ ਹੁੰਦਾ ਸੀ....

ਮਾਨਯੋਗ ਸਪੀਕਰ : ਕੁਲਵੰਤ ਸਿੰਘ ਜੀ, ਇਹ ਵੱਖਰਾ ਸਵਾਲ ਬਣਦਾ ਹੈ।

ਸਰਦਾਰ ਕੁਲਵੰਤ ਸਿੰਘ ਪੰਡੋਰੀ: ਸਰ, ਇਸ ਦੇ ਨਾਲ ਹੀ ਮਿਲਦਾ ਹੈ।

ਮਾਨਯੋਗ ਸਪੀਕਰ : ਨਹੀਂ, ਨਹੀਂ ਇਸ ਨਾਲ ਨਹੀਂ ਮਿਲਦਾ।

ਸਰਦਾਰ ਕੁਲਵੰਤ ਸਿੰਘ ਪੰਡੋਰੀ : ਸਰ, ਇੱਕ ਮਿੰਟ ਬਹੁਤ ਜ਼ਰੂਰੀ ਹੈ ਜੀ। ਵਰਮੇ ਨਾਲ ਬੋਰ ਕਰਕੇ ਫੈਕਟਰੀ ਦਾ ਗੰਦਾ ਕੈਮੀਕਲ ਵਾਲਾ ਪਾਣੀ ਪਾਇਆ ਜਾਂਦਾ ਹੈ। ਉਹ ਗੰਦਾ ਪਾਣੀ ਡਰੇਨਾਂ ਰਾਹੀਂ ਵੀ ਜਾ ਰਿਹਾ ਹੈ।

ਮਾਨਯੋਗ ਸਪੀਕਰ: ਵੱਖਰਾ ਸਵਾਲ ਬਣਦਾ ਹੈ ਜੀ।

ਸਰਦਾਰ ਕੁਲਵੰਤ ਸਿੰਘ ਪੰਡੋਰੀ : ਇਸ ਨਾਲ ਬੋਰ ਕਰਨ ਵਾਲੇ ਪਾਈਪ ਵੀ ਸੜ ਚੁੱਕੇ ਹਨ।

ਮਾਨਯੋਗ ਸਪੀਕਰ : ਇਹ ਵੱਖਰਾ ਸਵਾਲ ਬਣਦਾ ਹੈ। ਅਗਲਾ ਸਵਾਲ।

ਛੋਟੇ ਸ਼ਹਿਰਾਂ ਦੇ ਠੋਸ ਰਹਿੰਦ-ਖੂੰਹਦ ਦਾ ਨਿਪਟਾਰਾ ਕਰਨਾ

*1368. **ਸਰਦਾਰ ਸੰਗਤ ਸਿੰਘ ਗਿਲਜੀਆਂ** : ਕੀ ਸਥਾਨਕ ਸਰਕਾਰ ਮੰਤਰੀ ਦੱਸਣਗੇ ਕਿ ਸਰਕਾਰ ਛੋਟੇ ਸ਼ਹਿਰਾਂ ਵਿੱਚ ਠੋਸ ਰਹਿੰਦ-ਖੂੰਹਦ ਦੇ ਨਿਪਟਾਰੇ ਅਤੇ ਇਸ ਸਮੱਸਿਆ ਦੇ ਨਿਪਟਾਰੇ ਲਈ ਛੋਟੇ ਪੱਧਰ ਦੇ ਠੋਸ ਰਹਿੰਦ-ਖੂੰਹਦ ਪ੍ਰਬੰਧਨ ਪਲਾਂਟ ਸ਼ੁਰੂ ਕਰਨ ਦੀ ਤਜਵੀਜ਼ ਬਣਾਉਣ ਦਾ ਵਿਚਾਰ ਰੱਖਦੀ ਹੈ ; ਜੇਕਰ ਅਜਿਹਾ ਹੋਵੇ, ਤਾਂ ਇਸ ਦੇ ਵੇਰਵੇ ਕੀ ਹਨ?

ਸਰਦਾਰ ਨਵਜੋਤ ਸਿੰਘ ਸਿੱਧੂ : ਸਰਕਾਰ ਛੋਟੇ ਸ਼ਹਿਰਾਂ ਵਿੱਚ ਠੋਸ ਰਹਿੰਦ ਖੂੰਹਦ (ਕੂੜਾ) ਦਾ ਸੁਚੱਜੇ ਢੰਗ ਨਾਲ ਨਿਪਟਾਰਾ ਕਰਵਾਉਣ ਦੀ ਤਜਵੀਜ਼ ਰੱਖਦੀ ਹੈ। ਸੋਲਿਡ ਵੇਸਟ ਰੂਲਜ਼, 2016 ਤਹਿਤ ਡੀਸੈਂਟਰੇਲਾਈਜ਼ ਅਪਰੋਚ (ਵਿਕੇਂਦਰੀਕਰਨ ਵਿਧੀ) ਨੂੰ ਅਪਣਾਉਂਦਿਆਂ ਪੰਜਾਬ ਦੇ ਕਈ ਸ਼ਹਿਰਾਂ ਵਿੱਚ 100% ਡੋਰ-ਟੂ-ਡੋਰ ਗਿੱਲਾ ਸੁੱਕਾ ਕੂੜਾ ਅਲੱਗ-ਅਲੱਗ ਇਕੱਠਾ ਕਰਨਾ, 100% ਅਲੱਗ-ਅਲੱਗ ਕੂੜਾ ਟਰਾਂਸਪੋਰਟ ਕਰਕੇ ਪ੍ਰੋਸੈਸਿੰਗ ਸਾਈਟਾਂ ਤੇ ਪਹੁੰਚਾਉਣਾ ਅਤੇ ਫਿਰ ਗਿੱਲੇ ਕੂੜੇ ਤੋਂ ਖਾਦ ਤਿਆਰ ਕਰਨਾ ਅਤੇ ਸੁੱਕੇ ਕੂੜੇ ਨੂੰ ਰੀਸਾਈਕਲ ਕਰਵਾਉਣ ਦਾ ਪ੍ਰੋਜੈਕਟ ਨਵਾਂ ਸ਼ਹਿਰ, ਮੂਣਕ, ਭਾਦਸੋਂ, ਭਵਾਨੀਗੜ੍ਹ, ਅਮਰਗੜ੍ਹ, ਰਾਜਾਸਾਂਸੀ ਆਦਿ ਸ਼ਹਿਰਾਂ ਵਿੱਚ ਸ਼ੁਰੂ ਕੀਤਾ ਗਿਆ ਹੈ। ਇਸ ਦੀ ਸਫਲਤਾ ਨੂੰ ਵਿਚਾਰਦੇ ਹੋਏ 50,000 ਤੋਂ ਘੱਟ ਆਬਾਦੀ ਵਾਲੇ ਸ਼ਹਿਰਾਂ ਵਿੱਚ ਇਸ ਵਿਧੀ ਤਹਿਤ ਛੋਟੇ ਸ਼ਹਿਰਾਂ ਵਿੱਚ ਸੋਲਿਡ ਵੇਸਟ ਮੈਨੇਜਮੈਂਟ ਦਾ ਕੰਮ ਕਰਨ ਦੀ ਤਜਵੀਜ਼ ਹੈ ਅਤੇ ਇਸ ਸਬੰਧ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਲੋੜ ਮੁਤਾਬਿਕ ਮਸ਼ੀਨਰੀ ਆਦਿ ਲਈ ਫੰਡਜ਼ ਮੁਹੱਈਆ ਕਰਵਾਏ ਜਾ ਰਹੇ ਹਨ।

ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਨੇ ਬਹੁਤ ਹੀ ਅਹਿਮ ਸਵਾਲ ਉਠਾਇਆ ਹੈ ਜੀ ਔਰ ਕਰੀਬ 10 ਸਾਲ ਸਾਨੂੰ ਇਸ ਵਿੱਚ ਕੋਈ ਸਕਸੈੱਸ ਹਾਸਲ ਨਹੀਂ ਹੋਈ, ਇਸ ਦਾ ਕੀ ਕਾਰਨ ਸੀ? ਇਸ ਦਾ ਕਾਰਨ ਇਹ ਸੀ ਕਿ ਜਿਹੜੇ ਇਹ ਕੰਮ ਸੀ, ਇਹ ਸੈਂਟਰਲਾਈਜ਼ ਸਨ। ਇਹ ਕੰਮ ਇੱਕੋ ਏਜੰਸੀ ਨੂੰ ਦੇ ਦਿੱਤੇ ਜਾਂਦੇ ਸਨ, ਉਹੀ ਏਜੰਸੀ ਸਾਰਾ ਕੁਝ ਕਰਦੀ ਸੀ। ਇਸ ਦਾ ਅਸੀਂ 3-4 ਮਹੀਨੇ ਵਿੱਚ ਸੈਂਟਰ ਦੀ ਸਰਕਾਰ ਨਾਲ ਵਾਰਤਾਲਾਪ ਕਰਕੇ ਇਹ ਹੱਲ ਕੱਢਿਆ ਹੈ ਕਿ ਇਸ ਨੂੰ ਡੀਸੈਂਟਰੇਲਾਈਜ਼ ਕਰ ਦਿੱਤਾ ਜਾਵੇ। ਡੀਸੈਂਟਰੇਲਾਈਜ਼ ਕਰਨ ਨਾਲ ਇਹ ਹੋਇਆ ਹੈ ਕਿ ਜਿਹੜੇ ਕੂੜਾ ਚੁੱਕਣ ਵਾਲੇ ਹਨ, ਉਹ ਅਲੱਗ ਲੋਕ ਹਨ, ਉਹ ਡੋਰ-ਟੂ-ਡੋਰ ਕੁਲੈਕਸ਼ਨ ਕਰਦੇ ਹਨ ਅਤੇ ਸੈਗਰੀਗੇਸ਼ਨ ਵਾਲੇ ਅਲੱਗ ਹਨ। ਉਹ ਸੁੱਕਾ ਤੇ ਗਿੱਲਾ ਕੂੜਾ ਸੈਗਰੀਗੇਟ ਕਰਦੇ ਹਨ ਅਤੇ ਉਸ ਤੋਂ ਬਾਅਦ ਜਿਹੜੀ ਡੰਪਿੰਗ ਸਾਈਟ ਹੈ, ਉੱਥੇ ਇਨ੍ਹਾਂ ਦੀ ਪ੍ਰੋਸੈਸਿੰਗ ਹੁੰਦੀ ਹੈ। ਛੋਟੇ ਸ਼ਹਿਰਾਂ ਦੇ ਵਿੱਚ ਕੰਪੋਸਟ ਬਣਦਾ ਹੈ। ਸਪੀਕਰ ਸਾਹਿਬ, ਅਸੀਂ 5 ਪਾਇਲਟ ਪ੍ਰੋਜੈਕਟ ਸ਼ੁਰੂ ਕੀਤੇ ਸਨ ਔਰ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਨਵਾਂ ਸ਼ਹਿਰ, ਮੂਣਕ, ਭਾਦਸੋਂ, ਭਵਾਨੀਗੜ੍ਹ, ਅਮਰਗੜ੍ਹ, ਰਾਜਾਸਾਂਸੀ ਜਿਹੜੇ ਇਹ ਛੇ ਸ਼ਹਿਰ ਹਨ, ਇਹ 50-50 ਹਜ਼ਾਰ ਦੀ ਆਬਾਦੀ ਵਾਲੇ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ ਖਾਸ ਤੌਰ ਤੇ ਨਵਾਂ ਸ਼ਹਿਰ ਦੇ ਐਮ.ਐਲ.ਏ. ਸਾਹਿਬ, ਸਾਡੇ ਯੰਗਸਟਰ ਸ਼੍ਰੀ ਅੰਗਦ ਸਿੰਘ ਜੀ ਨੂੰ ਕਿ ਕਰੀਬ-ਕਰੀਬ 100% ਪ੍ਰਾਬਲਮ ਸੋਲਵ ਕਰ ਦਿੱਤੀ ਹੈ ਅਤੇ ਨਵਾਂ ਸ਼ਹਿਰ ਪੂਰੇ ਪੰਜਾਬ ਵਿੱਚ ਇਸ ਵਕਤ ਨੰਬਰ ਵੰਨ ਤੇ ਹੈ। ਮੈਂ ਇਨ੍ਹਾਂ ਨੂੰ ਆਸ਼ਾਵਾਸਨ ਦਿਵਾਉਂਦਾ ਹਾਂ ਕਿ ਇਹੀ ਪਾਇਲਟ ਪ੍ਰੋਜੈਕਟ ਇਨ੍ਹਾਂ ਦੇ ਸ਼ਹਿਰ ਵਿੱਚ ਐਗਜ਼ੀਕਿਊਟ ਹੋਏਗਾ ਅਤੇ ਅਗਲੇ ਛੇ ਮਹੀਨਿਆਂ ਦੇ ਵਿੱਚ ਇਨ੍ਹਾਂ ਦੀ ਇਸ ਪ੍ਰਾਬਲਮ ਨੂੰ ਪੂਰੀ ਤਰ੍ਹਾਂ ਜੜ੍ਹ ਤੋਂ ਪੁੱਟ ਦਿਆਂਗੇ।

ਮਾਨਯੋਗ ਸਪੀਕਰ : ਛੇ ਮਹੀਨਿਆਂ ਦੇ ਵਿੱਚ ਤੁਹਾਡੀ ਮੁਸ਼ਕਿਲ ਨੂੰ ਹੱਲ ਕਰ ਦਿੱਤਾ ਜਾਵੇਗਾ।

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਇਹ ਜਿਹੜਾ ਸੋਲਿਡ ਵੇਸਟ ਪਲਾਂਟ ਦਾ ਕੰਮ ਸ਼ੁਰੂ ਕੀਤਾ ਹੈ, ਇਹ ਬਹੁਤ ਹੀ ਫਾਇਦੇਮੰਦ ਹੈ, ਇਸ ਦਾ ਪੰਜਾਬ ਦੇ ਲੋਕਾਂ ਨੂੰ ਬਹੁਤ ਹੀ ਲਾਭ ਹੋਵੇਗਾ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਜਿਹੜੇ ਛੋਟੇ ਸ਼ਹਿਰ ਹਨ, ਜਿਨ੍ਹਾਂ ਦੀ 50 ਹਜ਼ਾਰ ਤੋਂ ਘੱਟ ਆਬਾਦੀ ਹੈ, ਕੀ ਇਹ ਉਨ੍ਹਾਂ ਦੇ ਵਿੱਚ ਵੀ ਸ਼ੁਰੂ ਕੀਤਾ ਜਾਵੇਗਾ?

ਮਾਨਯੋਗ ਸਪੀਕਰ : ਕੀ 50 ਹਜ਼ਾਰ ਤੋਂ ਘੱਟ ਆਬਾਦੀ ਵਾਲੀਆਂ ਬਸਤੀਆਂ ਵਿੱਚ ਵੀ ਸ਼ੁਰੂ ਕੀਤਾ ਜਾਵੇਗਾ?

ਮੰਤਰੀ : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਜਵਾਬ ਦੇ ਚੁੱਕਿਆ ਹਾਂ ਕਿ 6 ਪਾਇਲਟ ਪ੍ਰੋਜੈਕਟ ਸ਼ੁਰੂ ਹੋ ਚੁੱਕੇ ਹਨ ਅਤੇ ਇਹ ਪ੍ਰੋਜੈਕਟ 50 ਹਜ਼ਾਰ ਤੋਂ ਘੱਟ ਆਬਾਦੀ ਵਾਲੇ ਸਾਰੇ ਸ਼ਹਿਰਾਂ ਵਿੱਚ ਸ਼ੁਰੂ ਕੀਤਾ ਜਾਵੇਗਾ ਲੇਕਿਨ ਪ੍ਰੋਸੈਸਿੰਗ ਦੇ ਯੂਨਿਟ ਬਠਿੰਡਾ, ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਹਨ, ਇਸ ਨੂੰ ਉੱਥੇ ਲੈ ਜਾ ਕੇ ਇਲੈਕਟ੍ਰਿਸਿਟੀ ਦੇ ਵਿੱਚ ਅਲੱਗ-ਅਲੱਗ ਚੀਜ਼ਾਂ ਬਣਦੀਆਂ ਹਨ, ਇਸ ਤੋਂ ਪਲਾਸਟਿਕ ਗਰੈਨਿਯੂਲਜ਼ ਬਣਦੇ ਹਨ, ਗਰੀਨ ਕੋਲ ਬਣਦਾ ਹੈ। ਜੋ ਵੀ ਵਾਜਬ ਹੋਵੇਗਾ, ਬਣਾਇਆ ਜਾਵੇਗਾ। ਅਸੀਂ ਪ੍ਰੋਸੈਸਿੰਗ ਨੂੰ ਡੋਰ-ਟੂ-ਡੋਰ ਕੁਲੈਕਸ਼ਨ ਅਤੇ ਸੈਗਰੀਗੇਸ਼ਨ ਤੋਂ ਅਲੱਗ ਕਰ ਦਿੱਤਾ ਹੈ। ਉਹੀ ਇਸ ਦੀ ਸਕਸੈੱਸ ਦਾ ਕਾਰਨ ਬਣੇਗਾ।

ਸਰਦਾਰ ਸੰਗਤ ਸਿੰਘ ਗਿਲਜੀਆਂ : ਸਪੀਕਰ ਸਾਹਿਬ, ਇਹ ਕੰਮ ਦੀ ਸ਼ੁਰੂਆਤ ਬਹੁਤ ਵਧੀਆ ਕੀਤੀ ਹੈ। ਇੱਕ ਮੈਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਅਤੇ ਪੁੱਛਣਾ ਵੀ ਚਾਹੁੰਦਾ ਹਾਂ ਜਿਹੜੇ ਪਲਾਸਟਿਕ ਦੇ ਲਿਫਾਫੇ ਹਨ, ਉਹ ਬਾਹਰਲੀਆਂ ਸਟੇਟਾਂ ਵਿੱਚ ਬੰਦ ਕਰ ਦਿੱਤੇ ਗਏ ਹਨ। ਪਲਾਸਟਿਕ ਦੇ ਲਿਫਾਫਿਆਂ ਨਾਲ ਵਾਤਾਵਰਣ ਵੀ ਖਰਾਬ ਹੁੰਦਾ ਹੈ ਅਤੇ ਪਾਣੀ ਦੇ ਨਾਲੇ ਵੀ ਬੰਦ ਹੁੰਦੇ ਹਨ। ਕੀ ਇਹ ਪਲਾਸਟਿਕ ਦੇ ਲਿਫਾਫੇ ਬੰਦ ਕਰਨਗੇ?

ਮੰਤਰੀ : ਬਿਲਕੁਲ ਵਿਚਾਰ ਕਰਾਂਗੇ ਅਤੇ ਇਹ ਸਾਰਿਆਂ ਦਾ ਸਾਂਝਾ ਫੈਸਲਾ ਹੋਵੇਗਾ। ਮੈਂ ਤਾਂ ਸੋਚਦਾ ਹਾਂ ਕਿ ਜੇਕਰ ਇਹ ਮੈਨੂੰ ਦੋ ਤਿੰਨ ਮਹੀਨੇ ਦੇਣ ਤਾਂ ਅਸੀਂ ਇਨ੍ਹਾਂ ਨੂੰ ਵਾਜਬ ਜਵਾਬ ਦੇ ਦਿਆਂਗੇ ਕਿਉਂਕਿ ਇਸ ਵਿੱਚ ਇੱਕ ਪ੍ਰੋਸੈਸ ਹੁੰਦਾ ਹੈ। ਉਸ ਪ੍ਰੋਸੈਸ ਨੂੰ ਇਨੀਸ਼ੀਏਟ ਕਰਕੇ ਅਸੀਂ ਅੰਤਿਮ ਫੈਸਲਾ ਦੇ ਦਿਆਂਗੇ।

ਮਾਨਯੋਗ ਸਪੀਕਰ : ਪ੍ਰਸ਼ਨ ਖਤਮ ਹੁੰਦੇ ਹਨ।

UNSTARRED QUESTIONS AND ANSWERS

ਨਗਰ ਕੌਂਸਲ ਕੋਟ ਫੱਤਾ, ਜ਼ਿਲ੍ਹਾ ਬਠਿੰਡਾ ਦੀ ਜ਼ਮੀਨ ਵਾਪਸ ਲੈਣਾ

163. **ਸਰਦਾਰ ਕੁਲਤਾਰ ਸਿੰਘ ਸੰਧਵਾਂ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਨਗਰ ਕੌਂਸਲ, ਕੋਟ ਫੱਤਾ, ਜ਼ਿਲ੍ਹਾ ਬਠਿੰਡਾ ਦੀ ਮਾਲਕੀ ਵਾਲਾ ਰਕਬਾ ਸਾਲ 2010 ਵਿੱਚ ਕਿੰਨਾ ਸੀ ਅਤੇ 2017 ਵਿੱਚ ਕਿੰਨਾ ਰਹਿ ਗਿਆ ਹੈ;

(ਅ) ਕੀ ਇਹ ਠੀਕ ਹੈ ਕਿ ਨਗਰ ਕੌਂਸਲ, ਕੋਟ ਫੱਤਾ ਦੀ ਮਾਲਕੀ ਵਾਲਾ ਰਕਬਾ ਸਾਲ 2010 ਤੋਂ ਹੁਣ ਤੱਕ ਨਗਰ ਕੌਂਸਲ ਦੇ ਰਹੇ ਪ੍ਰਧਾਨਾਂ ਵਲੋਂ ਸਰਕਾਰੀ ਨਿਯਮਾਂ ਦੀ ਅਣਦੇਖੀ ਕਰਕੇ ਪ੍ਰਾਈਵੇਟ ਵਿਅਕਤੀਆਂ ਨੂੰ ਵੇਚ ਦਿੱਤਾ ਗਿਆ ਹੈ ਅਤੇ ਨਗਰ ਕੌਂਸਲ ਦੇ ਖਜ਼ਾਨੇ ਵਿੱਚ ਕੋਈ ਰਕਮ ਜਮ੍ਹਾਂ ਨਹੀਂ ਹੋਈ ;

[ਸਰਦਾਰ ਕੁਲਤਾਰ ਸਿੰਘ ਸੰਧਵਾਂ]

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੋਵੇ ਤਾਂ ਇਸ ਘਪਲੇ ਵਿੱਚ ਕਿਹੜੇ ਕਿਹੜੇ ਪ੍ਰਧਾਨ/ਅਧਿਕਾਰੀ/ਕਰਮਚਾਰੀ ਸ਼ਾਮਲ ਸਨ ਅਤੇ ਪੰਜਾਬ ਸਰਕਾਰ ਨੇ ਉਨ੍ਹਾਂ ਖਿਲਾਫ ਕੀ ਕਾਰਵਾਈ ਕੀਤੀ ਹੈ;

(ਸ) ਪੰਜਾਬ ਸਰਕਾਰ ਭਾਗ (ਅ) ਵਿੱਚ ਦਰਜ ਨਗਰ ਕੌਂਸਲ ਦੀ ਜ਼ਮੀਨ ਵਾਪਸ ਹਾਸਲ ਕਰਨ ਲਈ ਕੀ ਉਪਰਾਲੇ ਕਰ ਰਹੀ ਹੈ ?

ਸਰਦਾਰ ਨਵਜੋਤ ਸਿੰਘ ਸਿੱਧੂ : (ੳ) ਨਗਰ ਕੌਂਸਲ, ਕੋਟ ਫੱਤਾ, ਜ਼ਿਲ੍ਹਾ ਬਠਿੰਡਾ ਦਾ ਮਾਲਕੀ ਵਾਲਾ ਰਕਬਾ ਸਾਲ 2010 ਵਿੱਚ 30,922 ਵਰਗ ਗਜ ਸੀ ਅਤੇ ਇਹ ਰਕਬਾ ਸਾਲ 2017 ਵਿੱਚ ਵੀ 30,922 ਵਰਗ ਗਜ ਹੀ ਸੀ ।

(ਅ) ਜੀ ਨਹੀਂ। ਸਾਲ 2010 ਤੋਂ ਲੈ ਕੇ ਸਾਲ 2017 ਤੱਕ ਨਗਰ ਕੌਂਸਲ ਕੋਟ ਫੱਤਾ, ਜ਼ਿਲ੍ਹਾ ਬਠਿੰਡਾ ਦਾ ਮਾਲਕੀ ਵਾਲਾ ਕੋਈ ਵੀ ਰਕਬਾ ਕਿਸੇ ਵੀ ਪ੍ਰਾਈਵੇਟ ਵਿਅਕਤੀ ਨੂੰ ਨਹੀਂ ਵੇਚਿਆ ਗਿਆ ।

(ੲ) ਲਾਗੂ ਨਹੀਂ ਹੁੰਦਾ ।

(ਸ) ਲਾਗੂ ਨਹੀਂ ਹੁੰਦਾ ।

ਕੰਪਨਸੇਟਰੀ ਅਫੋਰਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲੈਨਿੰਗ ਸਕੀਮ

164\. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਪੰਜਾਬ ਵਿੱਚ ਸਾਲ 2012 ਤੋਂ 2017 ਤੱਕ ਕੰਪਨਸੇਟਰੀ ਅਫੋਰਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲੈਨਿੰਗ- ਸਕੀਮ ਤਹਿਤ ਸਾਲ-ਵਾਈਜ਼ ਕਿੰਨੀ ਰਾਸ਼ੀ ਪ੍ਰਾਪਤ ਹੋਈ ਅਤੇ ਕਿੰਨੀ ਰਾਸ਼ੀ ਸਾਲ-ਵਾਈਜ਼ ਖਰਚ ਕੀਤੀ ਗਈ ਹੈ;

(ਅ) ਕੀ ਇਹ ਠੀਕ ਹੈ ਕਿ ਉਪਰੋਕਤ ਭਾਗ (ੳ) ਵਿੱਚ ਦਰਜ ਰਾਸ਼ੀ ਵਿੱਚੋਂ ਨਿਯਮਾਂ ਦੀ ਉਲੰਘਣਾ ਕਰਕੇ ਕਰੀਬ ਇੱਕ ਕਰੋੜ ਰੁਪਿਆ ਅਜਿਹੀ ਮੱਦ ਤੇ ਖਰਚ ਕੀਤਾ ਗਿਆ ਹੈ ਜਿਸ ਨੂੰ ਇਸ ਸਕੀਮ ਤਹਿਤ ਖਰਚ ਨਹੀਂ ਕੀਤਾ ਜਾ ਸਕਦਾ ਸੀ;

(ੲ) ਜੇਕਰ ਉਪਰੋਕਤ ਭਾਗ (ਅ) ਦਾ ਉੱਤਰ ਹਾਂ ਵਿੱਚ ਹੈ ਤਾਂ ਇਸ ਖਰਚੇ ਦਾ ਵਿਸਥਾਰ ਦਿੱਤਾ ਜਾਵੇ ਕਿ ਕਿਸ ਮੱਦ ਤੇ ਖਰਚ ਕੀਤਾ ਗਿਆ ਹੈ ਅਤੇ ਇਸ ਦੇ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ ਪੰਜਾਬ ਸਰਕਾਰ ਕੀ ਕਾਰਵਾਈ ਕਰ ਰਹੀ ਹੈ?

ਸਰਦਾਰ ਸਾਧੂ ਸਿੰਘ : ਸ਼੍ਰੀਮਾਨ ਜੀ, (ੳ) ਕੰਪਨਸੇਟਰੀ ਅਫੋਰਸਟੇਸ਼ਨ ਫੰਡ ਮੈਨੇਜਮੈਂਟ ਐਂਡ ਪਲੈਨਿੰਗ ਸਕੀਮ ਸਾਲ 2010-11 ਤੋਂ ਲਾਗੂ ਕੀਤੀ ਗਈ। ਇਸ ਸਕੀਮ ਅਧੀਨ ਸਾਲ 2012-13 ਤੋਂ 2017-18 ਤੱਕ ਕੁੱਲ 260.81 ਕਰੋੜ ਰੁਪਏ ਪ੍ਰਾਪਤ ਹੋਏ ਜਿਨ੍ਹਾਂ ਦੇ ਵਿਰੁੱਧ ਹੁਣ ਤੱਕ 250.69 ਕਰੋੜ ਰੁਪਏ ਖਰਚ ਕੀਤੇ ਗਏ ਹਨ, ਜਿਸ ਦੀ ਸਾਰਨੀ ਹੇਠ ਅਨੁਸਾਰ ਹੈ:-

(ਰੁਪਏ ਕਰੋੜਾਂ ਵਿੱਚ)

ਲੜੀ ਨੰ:	**ਸਾਲ**	**ਪ੍ਰਾਪਤ ਰਕਮ**	**ਖਰਚ ਕੀਤੀ ਰਕਮ**
1	2012-13	19.31	24.62
2	2013-14	21.50	18.76
3	2014-15	41.00	29.7
4	2015-16	49.00	57.68
5	2016-17	66.00	65.07
6	2017-18	64.00	54.86 (ਮਿਤੀ 21.3.2018 ਤੱਕ)
	ਕੁੱਲ ਜੋੜ	**260.81**	**250.69**

(ਅ) ਭਾਗ (ੳ) ਵਿੱਚ ਦਰਜ ਰਾਸ਼ੀ ਵਿੱਚੋਂ ਕਰੀਬ ਇੱਕ ਕਰੋੜ ਰੁਪਏ ਨਿਯਮਾਂ ਦੀ ਉਲੰਘਣਾ ਕਰਕੇ ਖਰਚ ਨਹੀਂ ਕੀਤੇ ਗਏ ਹਨ ਕਿਉਂਕਿ ਇਹ ਰਾਸ਼ੀ ਪਨਕੈਂਪਾ ਸਕੀਮ ਦੀ ਰਾਜ ਪੱਧਰੀ ਸਟੀਰਿੰਗ ਕਮੇਟੀ ਵੱਲੋਂ ਪ੍ਰਵਾਨਤ ਐਨੂਅਲ ਪਲਾਨ ਆਫ ਓਪਰੇਸ਼ਨ (ਏ.ਪੀ.ਓ.) ਅਨੁਸਾਰ ਹੀ ਖਰਚ ਕੀਤੀ ਗਈ ਹੈ ਅਤੇ ਖਰਚ ਕੀਤੀ ਗਈ ਰਾਸ਼ੀ ਦਾ ਜਿਸ ਮੱਦ ਵਿੱਚ ਉਪਬੰਧ ਹੈ ਉਸ ਅਧੀਨ ਹੀ ਖਰਚ ਕੀਤੀ ਗਈ ਹੈ।

(ੲ) ਉਪਰੋਕਤ "ਅ" ਨੂੰ ਧਿਆਨ ਵਿੱਚ ਦਿੰਦੇ ਹੋਏ ਇਹ ਲਾਗੂ ਨਹੀਂ ਹੈ ਜੀ।

ਇਜ਼ਰਾਈਲ ਦੀ ਤਰਜ਼ ਤੇ ਸਪੈਸ਼ਲ ਓਪਰੇਸ਼ਨ ਗਰੁੱਪ ਤਿਆਰ ਕਰਨਾ

165\. **ਸਰਦਾਰ ਕੁਲਤਾਰ ਸਿੰਘ ਸੰਧਵਾਂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

(ੳ) ਕੀ ਇਹ ਠੀਕ ਹੈ ਕਿ ਮਾਰਚ, 2017 ਵਿੱਚ ਇਜ਼ਰਾਈਲ ਦੀ ਤਰਜ਼ ਤੇ 270 ਜਵਾਨਾਂ ਦਾ ਸਪੈਸ਼ਲ ਓਪਰੇਸ਼ਨ ਗਰੁੱਪ ਤਿਆਰ ਕਰਨ ਲਈ ਮਾਨਯੋਗ ਮੁੱਖ ਮੰਤਰੀ, ਪੰਜਾਬ ਨੇ ਘੋਸ਼ਣਾ ਕੀਤੀ ਸੀ ਤਾਂ ਜੋ ਅੱਤਵਾਦੀਆਂ ਵੱਲੋਂ ਕੀਤੇ ਜਾਂਦੇ ਹਮਲਿਆਂ ਦਾ ਮੁਕਾਬਲਾ ਕੀਤਾ ਜਾ ਸਕੇ;

(ਅ) ਜੇਕਰ ਉਪਰੋਕਤ ਭਾਗ (ੳ) ਦਾ ਉੱਤਰ ਹਾਂ ਵਿੱਚ ਹੈ ਤਾਂ ਹੁਣ ਤੱਕ ਕੀ ਪ੍ਰਗਤੀ ਹੋਈ ਹੈ ਅਤੇ ਪੰਜਾਬ ਸਰਕਾਰ ਨੇ ਇਸ ਸਪੈਸ਼ਲ ਓਪਰੇਸ਼ਨ ਗਰੁੱਪ ਲਈ ਕਿੰਨੀ ਰਕਮ ਖਰਚ ਕੀਤੀ ਹੈ;

(ੲ) ਜੇਕਰ ਭਾਗ (ੳ) ਤੇ ਅਜੇ ਤੱਕ ਕੋਈ ਕਾਰਵਾਈ ਨਹੀਂ ਕੀਤੀ ਗਈ ਤਾਂ ਪਠਾਨਕੋਟ ਦੀ ਤਰ੍ਹਾਂ ਭਵਿੱਖ ਵਿੱਚ ਜੇਕਰ ਹਮਲੇ ਹੁੰਦੇ ਹਨ ਤਾਂ ਪੰਜਾਬ ਸਰਕਾਰ ਨੇ ਇਸ ਨਾਲ ਨਜਿੱਠਣ ਲਈ ਕੀ ਉਪਰਾਲੇ ਕੀਤੇ ਹਨ?

ਕੈਪਟਨ ਅਮਰਿੰਦਰ ਸਿੰਘ : (ੳ) ਹਾਂ ਜੀ।

(ਅ) ਪੰਜਾਬ ਸਰਕਾਰ ਵੱਲੋਂ ਫਿਦਾਇਨ ਹਮਲੇ, ਬੰਧੂਆਂ ਹਾਲਤਾਂ ਅਤੇ ਹਥਿਆਰਬੰਦ ਘੁਸਪੈਠ ਆਦਿ ਵਰਗੇ ਅੱਤਵਾਦੀ ਧਮਕੀਆਂ ਤੇ ਕਾਬੂ ਪਾਉਣ, ਉਨ੍ਹਾਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਨੂੰ ਰੋਕਣ ਲਈ, ਨੋਟੀਫਿਕੇਸ਼ਨ ਨੰਬਰ:2/34/2017-5ਗ4/148, ਮਿਤੀ 08/11/2014 ਰਾਹੀਂ ਸਪੈਸ਼ਲ ਆਪਰੇਸ਼ਨ ਗਰੁੱਪ ਦਾ ਪਹਿਲਾਂ ਹੀ ਗਠਨ ਕੀਤਾ ਹੋਇਆ ਹੈ ਤਾਂ ਜੋ ਕੀਮਤੀ ਜਾਨਾਂ ਅਤੇ ਸੰਪਤੀਆਂ ਦਾ ਬਚਾਓ ਕੀਤਾ ਜਾ ਸਕੇ।

ਇਸ ਮੰਤਵ ਲਈ ਸਰਕਾਰ ਵੱਲੋਂ ਲੋੜੀਂਦੀਆਂ ਅਸਾਮੀਆਂ ਮਨਜ਼ੂਰ ਕਰ ਦਿੱਤੀਆਂ ਗਈਆਂ ਹਨ ਅਤੇ ਭਰਤੀ ਦੀ ਪ੍ਰਕਿਰਿਆ ਜਾਰੀ ਹੈ।

ਇਸੇ ਤਰ੍ਹਾਂ ਲੋੜੀਂਦੇ ਜੁਗਤ ਉਪਕਰਨ ਅਤੇ ਵਰਦੀਆਂ ਦੀ ਪ੍ਰਾਪਤੀ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਗਈ ਹੈ।

(ੲ) ਸਵਾਲ ਪੈਦਾ ਨਹੀਂ ਹੁੰਦਾ।

ਜ਼ਿਲ੍ਹਾ ਬਠਿੰਡਾ ਵਿਖੇ ਨਸ਼ਾ ਛੁਡਾਊ ਕੇਂਦਰ ਬੰਦ ਕਰਨਾ

166. ਸਰਦਾਰ ਕੁਲਤਾਰ ਸਿੰਘ ਸੰਧਵਾਂ : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਇਹ ਠੀਕ ਹੈ ਕਿ ਬਠਿੰਡਾ ਵਿਖੇ ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਵਲੋਂ ਚਲਾਇਆ ਜਾ ਰਿਹਾ ਨਸ਼ਾ ਛੁਡਾਊ ਕੇਂਦਰ ਫੰਡਜ਼ ਦੀ ਘਾਟ ਕਰਕੇ ਬੰਦ ਕੀਤਾ ਜਾ ਰਿਹਾ ਹੈ; ਜੇਕਰ ਅਜਿਹਾ ਹੋਵੇ ਤਾਂ ਪੰਜਾਬ ਸਰਕਾਰ ਨੇ ਇਸ ਨੂੰ ਚਾਲੂ ਰੱਖਣ ਲਈ ਉਪਰਾਲੇ ਕਿਉਂ ਨਹੀਂ ਕੀਤੇ?

ਅ) ਕੀ ਉਪਰੋਕਤ ਭਾਗ (ੳ) ਵਿਚ ਦਰਜ ਨਸ਼ਾ ਛੁਡਾਊ ਕੇਂਦਰ ਬੰਦ ਕਰਨ ਨਾਲ ਪੰਜਾਬ ਸਰਕਾਰ ਦੀ ਨਸ਼ੇੜੀਆਂ ਨੂੰ ਨਸ਼ਾ ਮੁਕਤ ਕਰਨ ਦੀ ਪਾਲਿਸੀ ਨੂੰ ਨੁਕਸਾਨ ਨਹੀਂ ਪਹੁੰਚੇਗਾ?

ਸ਼੍ਰੀ ਬ੍ਰਹਮ ਮਹਿੰਦਰਾ : ਸ਼੍ਰੀਮਾਨ ਜੀ, (ੳ) ਜ਼ਿਲ੍ਹਾ ਰੈਡ ਕਰਾਸ ਸੁਸਾਇਟੀ ਬਠਿੰਡਾ ਵਲੋਂ ਚਲਾਇਆ ਜਾ ਰਿਹਾ ਨਸ਼ਾ ਛੁਡਾਊ ਕੇਂਦਰ ਇਸ ਸਮੇਂ ਕੰਮ ਕਰ ਰਿਹਾ ਹੈ।

(ਅ) ਜ਼ਿਲ੍ਹਾ ਬਠਿੰਡਾ ਵਿਖੇ ਸਰਕਾਰ ਵਲੋਂ 50 ਬਿਸਤਰਿਆਂ ਦਾ ਨਸ਼ਾ ਛੁਡਾਊ ਕੇਂਦਰ ਚਲਾਇਆ ਜਾ ਰਿਹਾ ਹੈ। ਇਸ ਤੋਂ ਇਲਾਵਾ 50 ਬਿਸਤਰਿਆਂ ਦਾ ਪੁਨਰਵਾਸ ਕੇਂਦਰ ਵੀ ਚਲ ਰਿਹਾ ਹੈ। ਇਸ ਤੋਂ ਇਲਾਵਾ ਰਾਜ ਵਿੱਚ 33 ਸਰਕਾਰੀ ਨਸ਼ਾ ਛੁਡਾਊ ਕੇਂਦਰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਕੰਮ ਕਰ ਰਹੇ ਹਨ। ਅੰਮ੍ਰਿਤਸਰ, ਮੋਗਾ, ਤਰਨਤਾਰਨ ਵਿਖੇ ਓ.ਪੀ.ਡੀ ਪੱਧਰ ਤੇ ਇਲਾਜ ਮੁਹੱਈਆ ਕਰਵਾਉਣ ਲਈ OOAT (Outpatient Opiod Assisted Treatment) Clinics ਵੀ ਸ਼ੁਰੂ ਕੀਤੇ ਗਏ ਹਨ।

ਵੈਟ ਅਸੈੱਸਮੈਂਟ

194. **ਸ਼੍ਰੀ ਅਮਨ ਅਰੋੜਾ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਰਾਜ ਵਿੱਚ ਵੈਟ ਡੀਲਰਜ਼ ਨੂੰ ਅਸੈੱਸਮੈਂਟ ਲਈ ਚੁਣਨ ਦਾ ਕੀ ਮਾਪ ਦੰਡ ਹੈ;

(ਅ) ਸਾਲ 2008-09, 2009-10, 2010-11, 2011-12 ਦੌਰਾਨ ਰਾਜ ਭਰ ਵਿੱਚ ਕਿੰਨੇ ਕੇਸ ਵੈਟ ਅਸੈੱਸਮੈਂਟ ਲਈ ਸਿਲੈਕਟ ਕੀਤੇ ਗਏ ਹਨ ਅਤੇ ਅਸੈੱਸਮੈਂਟ ਵਿੱਚ ਸਰਕਾਰ ਨੂੰ ਕੁੱਲ ਕਿੰਨਾ ਮਾਲੀਆ ਇਕੱਠਾ ਹੋਇਆ ਹੈ?

ਕੈਪਟਨ ਅਮਰਿੰਦਰ ਸਿੰਘ : (ੳ) ਰਾਜ ਵਿੱਚ ਵੈਟ ਡੀਲਰ ਅਸੈਸਮੈਂਟ ਲਈ ਚੁਣਨ ਦੇ ਮਾਪ ਦੰਡ ਨਾਲ ਨੱਥੀ ਅਨੁਲੱਗ ਵਿੱਚ ਦਿੱਤੇ ਗਏ ਹਨ।

(ਅ) ਲੋੜੀਂਦੇ ਵਿਵਰਣ ਹੇਠ ਲਿਖੇ ਅਨੁਸਾਰ ਹਨ: –

ਲੜੀ ਨੰ:	**ਸਾਲ**	**ਚੁਣੇ ਗਏ ਕੇਸਾਂ ਦਾ ਨੰਬਰ**	**ਕੱਢੀ ਗਈ ਵਾਧੂ ਡਿਮਾਂਡ ਦੀ ਰਿਕਵਰੀ (ਰਕਮਾਂ ਕਰੋੜਾਂ ਵਿੱਚ)**
1.	2008-09	19999	64.76
2.	2009-10	22755	137.46
3.	2010-11	27395	176.73
4.	2011-12	20715	123.61

ANNEXURE

Part-A	
Type of cases selected for assessment on the basis of 13-14 data	
1	All cases with GTO greater than Rs. 5 crores in corporation towns and GTO greater than Rs. 3 crores areas. Cases with GTO>3 Cr and GTO <5 Cr in corporation towns and GTO> 1 Cr and GTO < 3 Cr in other areas to be selected on the basis of following parameters.
2	Tax to import ratios is less than 3% (GTO>1 Cr and import should be minimum 25 Lakh)
3	Tax to GTO ratio is less than 2% (GTO>1 Cr.) (except bullion)
4	Where tax paid is showing increase less than 5% over previous year.
5	Tax paid to output tax ratio is less than 2%
6	Where ITC carried forward at the end of the year is more than 5% of the GTO
7	Export of 14.3% items of more than Rs. 1 Crore (VAT-18)
8	Import of Schedule 'H' items of more than Rs. 1 Crore(VAT -19)
9	All dealers with exports/interstate sales>Rs. 50 Lac.

[Chief Minister]

10	Mismatch with ICC data of more than 10% of the imports/exports/interstate sales.
11	All cases where exemptions from advance tax/entry tax have been claimed.
12	All rice shellers engaged in self purchasing more than 10 Lakh.
13	Negative stock and positive stock more than 25% of the GTO
14	First stage ITC mismatch of more than Rs. 10% of ITC or mismatch is more than Rs. 5 Lac.

Following cases (other than above parameters) having GTO>1 crore (to be selected by the district)

Part-B	
15	Apportionment of ITC for manufacturing tax free goods has not been made.
16	Apportionment of ITC for branch transfer has not been made.
17	ITC retention on goods sent for job work has not been made
18	ITC reversal on interstate sales of Schedule 'H' goods and products manufactured there from has not been made.
19	Cases involving refunds more than Rs. 5 lacs
20	All Solvexes
21	All Paper Plants
22	All Refining Units.
23	All Milk Plants
24	All Spining and Gining Mills
25	All Marble dealers
26	All Works Contract
27	All automobile dealers
28	All distilleries, bottling plants and L-1s
29	All Furnaces and Rolling Mills
30	All cases of inspections/provisional assessment
31	BKO not paying lump sum tax
32	All cases where (1) a person fails to file return under section 26 (2) Where there are reasonable grounds to believe that person is liable to pay tax but has failed to pay the amount due.
Part-C	
33	3% cases to be picked up at random basis on TIN

Note: Following cases will be excluded:-

A. Commission Agents

B. Petrol Pumps.

C. Dealers dealing exclusively in Pesticide or Fertilizer or Insecticide or tax free goods.

Note:1 *"Assessment proceedings shall be initiated for the Financial Year 2012-13 in the cases selected on the basis of above criteria. Cases for the years 2009-10, 2010-11 and 2011-12 shall be taken up for assessment only if demand more than Rs. One lac has been created in the year 2012-13. If the demand in the year 2012-13 is less than 1 lac and if the assessment for the previous years have been initiated, the same shall be dropped.*

Note:2 *"In case the turnover of the dealer is less than 1 crore in any of the year from 2009-10 to 2014-15, that year shall not be taken up assessment. If assessment proceeding in such cases have already been initiated, the same shall be, dropped."*

ਜ਼ਿਲ੍ਹਾ ਮੋਹਾਲੀ ਦੇ ਵੱਖ ਵੱਖ ਪਿੰਡਾਂ ਦੀ ਐਕੁਆਇਰ ਕੀਤੀ ਗਈ ਜ਼ਮੀਨ ਦੀ ਐਵਾਰਡ ਮਨੀ ਦੇ ਵੇਰਵੇ

195. **ਸ਼੍ਰੀ ਕੰਵਰ ਸੰਧੂ :** ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ–

(ੳ) ਕੀ ਇਹ ਠੀਕ ਹੈ ਕਿ ਸੜਕ ਮੁੱਲਾਂਪੁਰ ਬੈਰੀਅਰ ਤੋਂ ਸਿਸਵਾਂ ਟੀ ਪੁਆਇੰਟ ਤੱਕ ਦੇ ਐਵਾਰਡ ਨੰਬਰ 507 ਅਤੇ 516, ਈਕੋ ਸਿਟੀ–1 ਦੇ ਐਵਾਰਡ ਨੰਬਰ: 518 ਅਤੇ 519, ਈਕੋ ਸਿਟੀ–2 (ਦੋ) ਦੇ ਐਵਾਰਡ ਨੰ: 540–547–548 ਅਤੇ ਮੈਡੀਸਿਟੀ ਦੇ ਐਵਾਰਡ ਨੰਬਰ 528 ਦੇ ਰਾਹੀਂ ਪਿੰਡ ਮੁੱਲਾਂਪੁਰ ਗਰੀਬਦਾਸ, ਦੇਵੀਨਗਰ, ਭੜੌਂਜੀਆਂ, ਪੜੌਲ, ਹੁਸ਼ਿਆਰਪੁਰ, ਮਾਜਰਾ, ਤਕੀਪੁਰ, ਫਿਰੋਜ਼ਪੁਰ, ਇਸੇ ਤਰ੍ਹਾਂ ਐਵਾਰਡ ਨੰਬਰ 499,500,508,527,544 ਰਾਹੀਂ ਏਅਰ ਪੋਰਟ ਸੜਕ, ਐਰੋ ਸਿਟੀ, ਆਈ.ਟੀ.ਸਿਟੀ. ਲਈ ਪਿੰਡ ਬਾਕਰਪੁਰ, ਸਫੀਪੁਰ, ਨਡਿਆਲੀ, ਕੰਡਾਲਾ, ਨਰਾਇਣਗੜ੍ਹ ਝੂੰਗੀਆਂ, ਕਿਸ਼ਨਪੁਰਾ, ਛੱਤ, ਮਟਰਾਂ, ਸੈਣੀਮਾਜਰਾ, ਮਨੌਲੀ, ਚੋਅਮਾਜਰਾ, ਜ਼ਿਲ੍ਹਾ ਮੋਹਾਲੀ ਦੀਆਂ ਜ਼ਮੀਨਾਂ ਜਿਵੇਂ ਕਿ ਗ੍ਰਾਮ ਪੰਚਾਇਤ, ਸ਼ਾਮਲਾਤ ਦੇਹ, ਮੁਸ਼ਤਰਕਾ ਮਾਲਕਾਨ ਹਸਬ ਰਸਦ ਜਰ ਖੇਵਟ ਅਤੇ ਪੱਤੀ ਸ਼ਾਮਲਾਤ, ਸਰਕਾਰ ਵੱਲੋਂ ਐਕਵਾਇਰ ਕੀਤੀਆਂ ਗਈਆਂ ਹਨ;

[ਸ਼੍ਰੀ ਕੰਵਰ ਸੰਧੂ]

(ਅ) ਉਪਰੋਕਤ ਕਿਸਮ ਦੀਆਂ ਐਕਵਾਇਰ ਕੀਤੀਆਂ ਜ਼ਮੀਨਾਂ ਦਾ ਕਿਸਮ ਵਾਈਜ਼ ਅਤੇ ਪਿੰਡ ਵਾਈਜ਼ ਰਕਬਾ ਅਤੇ ਐਵਾਰਡ ਵਾਈਜ਼ ਕੁੱਲ ਪੈਸਾ ਅਲੱਗ-ਅਲੱਗ ਕਿੰਨਾ ਹੈ ਅਤੇ ਕੀ ਇਹ ਰਕਮ ਜੋ ਲਗਭਗ 400 ਕਰੋੜ ਰੁਪਏ ਬਣਦੀ ਹੈ ਉਹ ਮਾਲਕਾਂ ਨੂੰ ਹਿੱਸਿਆਂ ਮੁਤਾਬਿਕ ਦਿੱਤੀ ਗਈ ਹੈ; ਜੇਕਰ ਹਾਂ ਤਾਂ ਉਸ ਦੇ ਵੇਰਵੇ ਕੀ ਹਨ; ਜੇਕਰ ਨਹੀਂ ਤਾਂ ਉਸ ਦੇ ਕਾਰਨ ਕੀ ਹਨ ਅਤੇ ਬਚੀ ਹੋਈ ਅਵਾਰਡ ਮਨੀ ਕਿੱਥੇ ਜਮ੍ਹਾਂ ਹੈ;

(ੲ) ਕੀ ਇਹ ਵੀ ਠੀਕ ਹੈ ਕਿ ਪਿੰਡ ਹੁਸ਼ਿਆਰਪੁਰ, ਜ਼ਿਲ੍ਹਾ ਮੁਹਾਲੀ ਦੇ ਮਾਲਕਾਂ ਨੂੰ ਅਜਿਹੀ ਰਕਮ ਲਗਭਗ 1.50 ਕਰੋੜ ਰੁਪਏ ਵੰਡੀ ਗਈ ਸੀ; ਜੇਕਰ ਅਜਿਹਾ ਹੈ ਤਾਂ ਉਸ ਦੇ ਵੇਰਵੇ ਕੀ ਹਨ?

ਕੈਪਟਨ ਅਮਰਿੰਦਰ ਸਿੰਘ : (ੳ) ਹਾਂ ਜੀ।

(ਅ) ਲੋੜੀਂਦੇ ਵੇਰਵੇ ਅਨੁਲੱਗ ਵਿੱਚ ਦਿੱਤੇ ਗਏ ਹਨ। ਜੁਮਲਾ ਮੁਸ਼ਤਰਕਾ ਮਾਲਕਾਨ ਅਤੇ ਸ਼ਾਮਲਾਤ ਦੇਹ ਨਾਲ ਸਬੰਧਿਤ ਮੁਆਵਜ਼ੇ ਦੀ ਰਾਸ਼ੀ ਖਜ਼ਾਨਾ ਅਤੇ ਰੈਫਰੈਂਸ ਕੋਰਟ ਵਿੱਚ ਅਨੁਲੱਗ ਵਿੱਚ ਦਰਜ ਵੇਰਵਿਆਂ ਅਨੁਸਾਰ ਜਮ੍ਹਾਂ ਕਰਵਾ ਦਿੱਤੀ ਗਈ ਹੈ।

(ੲ) ਹਾਂ ਜੀ। ਪਿੰਡ ਹੁਸ਼ਿਆਰਪੁਰ ਦੇ ਮਾਲਕਾਂ ਨੂੰ ਕੀਤੀ ਗਈ ਹਿੱਸਾ ਭੁਗਤਾਨ ਦੀ ਅਦਾਇਗੀ ਦੇ ਵੇਰਵੇ ਵੀ ਅਨੁਲੱਗ ਵਿੱਚ ਦਰਸਾਏ ਗਏ ਹਨ।

ANNEXURE

Detail Showing Village Wise Acquisition Area & Status of Payment regarding Gram Panchayat, Jumla Mustarka Malkan &Shamlat Deh

Sr. No.	Award No./Date	Village	Land Owner's Name	Area			Amount Rs.	Remarks
1	499	Chajju Majra	Gram Panchayat	2	7	K-M	44,06,250.00	Compensation was deposited into Treasury Vide RD No. 89 Dt. 09.02.2010
2	499	Chajju Majra	Gram Panchayat	31	18	K-M	5,98,12,500.00	Compensation was deposited into Treasury Vide RD No. 89 Dt. 09.02.2010
3	499	Chajju Majra	Gram Panchayat	13	16	K-M	2,58,75,000.00	Compensation was deposited into Treasury Vide RD No. 89 Dt. 09.02.2010
4	499	Bakarpur	Gram Panchayat	43	8	K-M	8,13,75,000.00	Compensation was deposited into Treasury Vide RD No. 91 Dt. 11.03.2010
5	499	Chatt	Gram Panchayat	5	1	K-M	1,57,81,250.00	Compensation was deposited into Treasury Vide RD No. 90 Dt. 22.03.2010 after that paid to Gram Panchayat
6	500	Safipur	Gram Panchayat	0	3	K-M	4,68,750.00	Compensation was deposited into ADJ Mohali Vide Cheque No. 085022 Dt. 19.05.2011
7	507	Mullanpur Garibdass	Shamlat Deh	2	8	K-M	72,50,000.00	Unpaid-Court case status quo
8	507	Parol	Jumla Mustarka Malkan	28	16	K-M	47,16,000.00	Compensation was deposited into ADJ Mohali Vide Cheque No. 000216 Dt. 08.09.2011

9	507	Firozpur Bangar	Jumla Mustarka Malkan	2	11	K-M	41,75,625.00	Compensation was deposited into ADJ Mohali Vide Cheque No. 000216 Dt. 08.09.2011
10	507	Firozpur Bangar	Jumla Mustarka Malkan	0	10	K-M	8,18,750.00	Compensation was deposited into ADJ Mohali Vide Cheque No. 000216 Dt. 08.09.2011
11	507	Firozpur Bangar	Jumla Mustarka Malkan	0	1	K-M	81,875.00	Compensation was deposited into ADJ Mohali Vide Cheque No. 000216 Dt. 08.09.2011
12	507	Firozpur Bangar	Gram Panchayat	17	11	K-M	2,87,38,125.00	Compensation was deposited into ADJ Mohali Vide Cheque No. 000216 Dt. 08.09.2011
13	507	Firozpur Bangar	Gram Panchayat	9	14	K-M	1,58,83,750.00	Compensation was deposited into ADJ Mohali Vide Cheque No. 000216 Dt. 08.09.2011
14	507	Firozpur Bangar	Gram Panchayat	0	7	K-M	5,73,125.00	Compensation was deposited into ADJ Mohali Vide Cheque No. 000216 Dt. 08.09.2011
15	507	Hoshiarpur	Shamlat Deh	4	14	K-M	79,31,250.00	Partly payment made rest unpaid due to status quo by Hon'ble Supreme Court
16	508	Chatt	Gram Panchayat	0	19	B-B	30,13,011.00	Compensation was deposited into Treasury Vide RD No. 05 Dt. 04.09.2010
17	508	Chajju Majra	Gram Panchayat	28	8	K-M	5,40,43,894.00	Compensation was deposited into Treasury Vide RD No. 05 Dt. 04.09.2010
18	508	Chajju Majra	Gram Panchayat	7	7	K-M	1,39,86,712.00	Compensation was deposited into Treasury Vide RD No. 05 Dt. 04.09.2010

19	508	Chajju Majra	Gram Panchayat	15	9	K-M	2,94,00,639.00	Compensation was deposited into Treasury Vide RD No. 10 Dt. 04.09.2010
20	508	Chajju Majra	Gram Panchayat	6	6	K-M	1,19,88,610.00	Compensation was deposited into Treasury Vide RD No. 10 Dt. 04.09.2010
21	508	Chajju Majra	Gram Panchayat	0	8	K-M	7,61,182.00	Compensation was deposited into Treasury Vide RD No. 10 Dt. 04.09.2010
22	508	Bakarpur	Gram Panchayat	26	19	K-M	5,12,84,610.00	Compensation was deposited into Treasury Vide RD No. 08 Dt. 04.09.2010
23	508	Bakarpur	Shamlat Deh	19	4	K-M	3,65,36,717.00	Payment deposited in Reference Court & Part payment made in cash
24	516	Mullanpur Garibdass	Shamlat Deh	37	6	B-B	11,26,77,083.00	Unpaid-Court case pending in SC
25	516	Mullanpur Garibdass	Shamlat Deh	1	1	B-B	1,51,041.00	Unpaid-Court case pending in SC
26	516	Mullanpur Garibdass	Shamlat Deh	0	9	B-B	13,59,374.00	Unpaid-Court case pending in SC
27	516	Mullanpur Garibdass	Shamlat Deh	2	15	B-B	83,07,291.00	Unpaid-Court case pending in SC
28	516	Mullanpur Garibdass	Shamlat Deh	0	10	B-B	15,10,416.00	Unpaid-Court case pending in SC
29	516	Mullanpur Garibdass	Shamlat Deh	7	0	B-B	2,11,45,833.00	Unpaid-Court case pending in SC
30	516	Mullanpur Garibdass	Shamlat Deh	1	3	B-B	34,73,958.00	Unpaid-Court case pending in SC
31	516	Hoshiarpur	Shamlat Deh	5	13	K-M	95,34,375.00	Unpaid-Court case pending in SC

32	518	Firozpur Bangar	Jumla Mustarka Malkan	0	18	K-M	14,62,500.00	Area already included in Award No. 507
33	518	Devi Nagar	Gram Panchayat	1	1	B-B	28,43,750.00	Compensation was deposited into ADJ Mohali Vide Cheque No. 102031 Dt. 22.04.2013
34	518	Devi Nagar	Gram Panchayat	0	10	B-B	13,54,167.00	Compensation was deposited into ADJ Mohali Vide Cheque No. 102031 Dt. 22.04.2013
35	518	Devi Nagar	Gram Panchayat	1	10	B-B	40,62,500.00	Compensation was deposited into ADJ Mohali Vide Cheque No. 102031 Dt. 22.04.2013
36	518	Devi Nagar	Gram Panchayat	12	14	B-B	3,43,95,833.00	Compensation was deposited into ADJ Mohali Vide Cheque No. 102031 Dt. 22.04.2013
37	518	Bharonjia	Gram Panchayat	3	11	B-B	96,14,583.00	Compensation was deposited into ADJ Mohali Vide Cheque No. 191528 Dt. 15.03.2013
38	518	Bharonjia	Gram Panchayat	1	0	B-B	27,08,333.00	Compensation was deposited into ADJ Mohali Vide Cheque No. 661139 Dt. 18.09.2015
39	518	Bharonjia	Gram Panchayat	2	5	B-B	60,93,750.00	Compensation was deposited into ADJ Mohali Vide Cheque No. 661139 Dt. 18.09.2015
40	518	Bharonjia	Gram Panchayat	0	5	B-B	6,77,083.00	Compensation was deposited into ADJ Mohali Vide Cheque No. 661139 Dt. 18.09.2015
41	518	Bharonjia	Gram Panchayat	2	12	B-B	70,41,667.00	Compensation was deposited into ADJ Mohali Vide Cheque No. 661139 Dt. 18.09.2015

42	518	Mullanpur Garibdass	Shamlat Deh	6	16	B-B	1,84,16,667.00	Compensation was deposited into ADJ Mohali Vide Cheque No. 661139 Dt. 18.09.2015
43	544	Bakarpur	Civil Panchayat Deh	9	0	K-M	2,14,69,099.00	Compensation was deposited into ADJ Mohali Vide Cheque No. 396981 Dt. 15.05.2017
44	527	Saini Majra	Gram Panchayat	9	4	B-B	3,23,90,024.00	Compensation was deposited into ADJ Mohali Vide Cheque No. 102031Dt. 22.04.2013
45	527	Matran	Gram Panchayat	104	9	K-M	22,06,39,435.00	Paid to Gram Panchayat Vide Cheque No. 70787 Dt. 09.10.2012
46	527	Derri	Gram Panchayat	83	3	B-B	25,09,52,273.00	Paid to Gram Panchayat Vide Cheque No. 748238 Dt. 09.10.2012
47	527	Derri	Gram Panchayat	120	2	B-B	27,46,111.00	Unpaid due to Reconciliation of Award
48	527	Chajju Majra	Gram Panchayat	19	1	K-M	4,02,41,084.00	Paid to Gram Panchayat Vide Cheque No. 484278 Dt. 18.04.2013
49	527	Dhurali	Gram Panchayat	30	7	K-M	6,41,11,123.00	Unpaid due to Reconciliation of Award
50	527	Manauli	Jumla Mustarka Malkan	7	0	K-M	1,47,86,750.00	Payment to the land owners was made & balance payment unpaid
51	527	Manauli	Gram Panchayat	24	19	B-B	8,78,40,337.00	Fund Transfer through RTGS LR No. LAC/AO/2012 6934-6936 dated 15-10-2012
52	527	Manauli	Gram Panchayat	0	15	B-B	26,40,491.00	Compensation was deposited into ADJ Mohali Vide Cheque No. 102031 Dt. 22.04.2013

53	527	Manauli	Gram Panchayat	36	8	B-B	12,81,51,834.00	Fund Transfer through RTGS LR No. LAC/AO/2012 6934-6936 dated 15-10-2012
54	527	Manauli	Gram Panchayat	63	3	B-B	18,80,98,237.00	Fund Transfer through RTGS LR No. LAC/AO/2012 6934-6936 dated 15-10-2012
55	527	Manauli	Shamlat Deh	1	14	B-B	59,85,113.00	Pending due reconciliation of Award
56	527	Rurka	Jumla Mustarka Malkan	90	8	K-M	19,09,60,316.00	Pending due reconciliation of Award
57	547	Mullanpur Garibdass	Shamlat Deh	47	16	B-B	20,42,00,071.00	Compensation was deposited into ADJ Mohali Vide Cheque No. 396985 Dt. 15.05.2017
58	528	Firozpur Bangar	Gram Panchayat	30	15	K-M	5,62,05,660.00	Compensation was deposited into ADJ Mohali Vide Cheque No. 524297 Dt. 04.01.2013
59	547	Firozpur Bangar	Jumla Mustarka Malkan	6	14	K-M	1,71,73,311.00	Compensation was deposited into ADJ Mohali Vide Cheque No. 396985 Dt. 15.05.2017
60	547	Firozpur Bangar	Jumla Mustarka Malkan	71	3	K-M	18,23,70,316.00	Compensation was deposited into ADJ Mohali Vide Cheque No. 396985 Dt. 15.05.2017
61	528	Firozpur Bangar	Jumla Mustarka Malkan	13	19	K-M	2,54,98,177.00	Compensation was deposited into ADJ Mohali Vide Cheque No. 620816 Dt. 25.02.2013
62	528	Firozpur Bangar	Jumla Mustarka Malkan	21	1	K-M	3,84,75,745.00	Compensation was deposited into ADJ Mohali Vide Cheque No. 524297 Dt. 04.01.2013

63	540	Mullanpur Garibdass	Shamlat Deh	0	18	B-B	40,07,997.00	Compensation was deposited into ADJ Mohali Vide Cheque No. 661139 Dt. 18.09.2015
64	540	Devi Nagar	Gram Panchayat	2	17	B-B	1,26,91,997.00	Compensation was deposited into ADJ Mohali Vide Cheque No. 661139 Dt. 18.09.2015
65	540	Bharonjia	Gram Panchayat	0	13	B-B	28,94,666.00	Compensation was deposited into ADJ Mohali Vide Cheque No. 661139 Dt. 18.09.2015
66	540	Ratwara	Gram Panchayat	1	2	K-M	29,39,199.00	Compensation was deposited into ADJ Mohali Vide Cheque No. 661139 Dt. 18.09.2015
67	540	Firozpur Bangar	Gram Panchayat	28	14	K-M	7,66,86,384.00	Compensation was deposited into ADJ Mohali Vide Cheque No. 661139 Dt. 18.09.2015
68	548	Hoshiarpur	Gram Panchayat	7	7	K-M	1,86,99,298.00	Compensation was deposited into ADJ Mohali Vide Cheque No. 396986 Dt. 15.05.2017
69	548	Hoshiarpur	Gram Panchayat	17	5	K-M	4,38,86,108.00	Compensation was deposited into ADJ Mohali Vide Cheque No. 396986 Dt. 15.05.2017
70	548	Hoshiarpur	Gram Panchayat	70	6	K-M	17,88,51,790.00	Compensation was deposited into ADJ Mohali Vide Cheque No. 396986 Dt. 15.05.2017
71	548	Hoshiarpur	Gram Panchayat	7	19	K-M	1,86,99,297.00	Compensation was deposited into ADJ Mohali Vide Cheque No. 396986 Dt. 15.05.2017
72	519	Singariwala	Gram Panchayat	1	7	K-M	26,77,444.00	Unpaid

73	519	Mullanpur Garibdass	Shamlat Deh	4	12	K-M	1,52,05,240.00	Unpaid
74	527	Chao Majra	Gram Panchayat	35	11	K-M	7,61,51,763.00	Compensation was deposited into ADJ Mohali Vide Cheque No. 102031Dt. 22.04.2013
75	527	Chao Majra	Jumla Mustarka Malkan	2	8	K-M	50,69,743.00	Pending due reconciliation of Award
76	527	Chao Majra	Jumla Mustarka Malkan	10	7	K-M	2,18,63,266.00	Pending due reconciliation of Award
77	527	Chao Majra	Gram Panchayat	2	7	K-M	49,64,123.00	Compensation was deposited into ADJ Mohali Vide Cheque No. 102031Dt. 22.04.2013
	TOTAL						**2,96,59,56,651.00**	

ਸਕੂਲਾਂ ਦੀਆਂ ਅਣਸੁਰੱਖਿਅਤ ਇਮਾਰਤਾਂ ਨੂੰ ਨਵੇਂ ਸਿਰਿਉਂ ਬਣਾਉਣਾ

196. **ਸ਼੍ਰੀ ਅਮਨ ਅਰੋੜਾ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਸ ਸਮੇਂ ਪੰਜਾਬ ਭਰ ਵਿਚ ਕਿੰਨੇ ਸਕੂਲਾਂ ਦੀਆਂ ਇਮਾਰਤਾਂ/ਕਮਰੇ ਅਣਸੁਰੱਖਿਅਤ ਘੋਸ਼ਿਤ ਕੀਤੇ ਜਾ ਚੁੱਕੇ ਹਨ ਅਤੇ ਕੀ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਦਾ ਇਨ੍ਹਾਂ ਇਮਾਰਤਾਂ/ਕਮਰਿਆਂ ਨੂੰ ਨਵੇਂ ਸਿਰਿਉਂ ਬਣਾਉਣ ਦਾ ਟੀਚਾ ਹੈ; ਜੇਕਰ ਹੈ ਤਾਂ ਕਦੋਂ ਤੱਕ?

ਸ਼੍ਰੀਮਤੀ ਅਰੁਨਾ ਚੌਧਰੀ : ਪੰਜਾਬ ਰਾਜ ਵਿੱਚ ਕੁੱਲ 80 ਸਰਕਾਰੀ ਸਕੂਲਾਂ (74 ਪ੍ਰਾਇਮਰੀ ਸਕੂਲ ਅਤੇ 6 ਸੀਨੀਅਰ ਸੈਕੰਡਰੀ ਸਕੂਲ) ਦੀਆਂ ਇਮਾਰਤਾਂ ਅਣਸੁਰੱਖਿਅਤ ਹਨ, ਜਿਨ੍ਹਾਂ ਲਈ ਕੁੱਲ 199 ਕਮਰੇ ਲੋੜੀਂਦੇ ਹਨ। 195 ਕਮਰੇ ਨਾਬਾਰਡ RIDF XXIII 2017-18 ਤਹਿਤ ਪ੍ਰਵਾਨ ਹੋ ਚੁੱਕੇ ਹਨ।

1446 ਸਰਕਾਰੀ ਸਕੂਲਾਂ ਵਿੱਚ 3488 ਕਮਰੇ ਅਣਸੁਰੱਖਿਅਤ ਹਨ। ਜਿਨ੍ਹਾਂ ਵਿਚੋਂ 1414 ਕਮਰੇ ਸਾਲ 2017-18 ਦੌਰਾਨ ਪ੍ਰਵਾਨ ਹੋ ਚੁੱਕੇ ਹਨ, ਇਨ੍ਹਾਂ ਦੀ ਪ੍ਰਵਾਨਿਤ ਰਾਸ਼ੀ 108.01 ਕਰੋੜ ਰੁਪਏ ਹੈ। ਅਣਸੇਫ ਕਮਰਿਆਂ ਦੇ ਸਨਮੁੱਖ ਸਕੀਮਵਾਰ ਪ੍ਰਵਾਨ ਹੋਏ ਨਵੇਂ ਕਮਰੇ ਹੇਠ ਅਨੁਸਾਰ ਹਨ:

ਲੜੀ ਨੰ.	ਸਕੀਮ ਦਾ ਨਾਮ	ਪ੍ਰਵਾਨਿਤ ਕਮਰੇ	ਪ੍ਰਵਾਨਿਤ ਰਾਸ਼ੀ (ਰਾਸ਼ੀ ਕਰੋੜਾਂ ਵਿੱਚ)	ਵਿਸ਼ੇਸ਼ ਕਥਨ
1	ਨਾਬਾਰਡ RIDF XXIII	779	58.50	ਗ੍ਰਾਂਟ ਹਾਲੇ ਜਾਰੀ ਹੋਣੀ ਬਾਕੀ ਹੈ।
2	ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ	96	9.49	
3	ਸਰਵ ਸਿੱਖਿਆ ਅਭਿਆਨ	539	40.02	
	ਕੁੱਲ	1414	**108.01**	

ਬਾਕੀ 2074 ਅਣਸੁਰੱਖਿਅਤ ਕਮਰਿਆਂ ਲਈ ਤਜਵੀਜ਼ ਸਰਵ ਸਿੱਖਿਆ ਅਭਿਆਨ/ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ / ਨਾਬਾਰਡ ਤਹਿਤ ਸਾਲ 2018-19 ਲਈ ਭੇਜ ਦਿੱਤੀ ਜਾਵੇਗੀ।

ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ ਨੰ: 197 ਅਤੇ 198****

(ਇਨ੍ਹਾਂ ਪ੍ਰਸ਼ਨਾਂ ਦੀ ਐਕਸਟੈਨਸ਼ਨ ਮੰਗੀ ਗਈ ਹੈ।)

MATTERS RAISED DURING ZERO HOUR AND STATEMENT BY THE CHIEF MINISTER

ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ): ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦਾ ਹਾਂ।

**Replies to there unstarred questions No. 197 and 198 have not been received till date i.e. 22-10-2019 the date on which this debate was sent to the press for final printing.

ਮਾਨਯੋਗ ਸਪੀਕਰ : ਇੱਕ ਮਿੰਟ ਜੀ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਹਾਊਸ ਦੀਆਂ ਪ੍ਰੋਸੀਡਿੰਗਜ਼ ਦੇ ਵਿੱਚ ਕੁਐਸ਼ਚਨ ਆਵਰ ਸਭ ਤੋਂ ਇੰਪਾਰਟੈਂਟ ਹੈ, ਜਿੱਥੇ ਮੈਂਬਰ ਸਾਹਿਬ ਆਪਣੇ ਇਲਾਕੇ ਦੀ ਗੱਲ ਕਰ ਸਕਦੇ ਹਨ, ਸਟੇਟ ਦੀ ਡਿਵੈਲਪਮੈਂਟ ਦੀ ਗੱਲ ਕਰ ਸਕਦੇ ਹਨ। ਅੱਜ ਮੈਂ ਦੇਖ ਰਿਹਾ ਸੀ ਕਿ ਕਈ ਮੈਂਬਰ, ਜਿਨ੍ਹਾਂ ਦੇ ਬੜੇ ਅਹਿਮ ਪ੍ਰਸ਼ਨ ਲੱਗੇ ਹੋਏ ਸਨ, ਉਹ ਪਹੁੰਚ ਨਹੀਂ ਸਕੇ। ਉਸ ਦਾ ਇੱਕ ਕਾਰਨ ਮੈਂ ਇਹ ਸਮਝਦਾ ਹਾਂ ਕਿ ਸ਼ਾਇਦ ਉਨ੍ਹਾਂ ਨੂੰ ਜਾਣਕਾਰੀ ਲੇਟ ਪਹੁੰਚਦੀ ਹੋਣੀ ਹੈ, ਇਸ ਲਈ, ਸਪੀਕਰ ਸਾਹਿਬ, ਕੋਈ ਅਜਿਹਾ ਮੈਕੇਨਿਜ਼ਮ ਬਣਾਉ ਕਿ ਘੱਟੋ-ਘੱਟ ਇੱਕ ਦਿਨ ਪਹਿਲਾਂ ਪ੍ਰਸ਼ਨ ਸਬੰਧਤ ਮੈਂਬਰਾਂ ਦੇ ਟੇਬਲ ਤੇ ਹੋਣ ਤਾਂ ਕਿ ਮੈਂਬਰਾਂ ਨੂੰ ਪਤਾ ਹੋਵੇ ਕਿ ਕੱਲ੍ਹ ਮੇਰਾ ਪ੍ਰਸ਼ਨ ਲੱਗਣਾ ਹੈ।

ਮਾਨਯੋਗ ਸਪੀਕਰ : ਅਸੀਂ ਇੱਕ ਦਿਨ ਪਹਿਲਾਂ ਹੀ ਦੱਸਦੇ ਹਾਂ। ਅਸੀਂ ਮੈਂਬਰਾਂ ਨੂੰ ਇੱਕ ਦਿਨ ਪਹਿਲਾਂ ਹੀ ਜਾਣਕਾਰੀ ਦੇ ਦਿੰਦੇ ਹਾਂ।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ 20 ਸਾਲ ਪਹਿਲਾਂ ਸਾਡੇ ਕੋਲ ਇੱਕ ਦਿਨ ਪਹਿਲਾਂ ਹੀ ਸਵਾਲ ਪਹੁੰਚ ਜਾਇਆ ਕਰਦੇ ਸਨ।

ਮਾਨਯੋਗ ਸਪੀਕਰ : ਅਸੀਂ ਭੇਜਦੇ ਹਾਂ। ਫਿਰ ਵੀ ਜੇਕਰ ਕੋਈ ਕਮੀ ਰਹਿੰਦੀ ਹੈ ਤਾਂ ਇਸ ਮੈਕੇਨਿਜ਼ਮ ਨੂੰ ਚੁਸਤ ਦਰੁਸਤ ਕਰ ਦਿੱਤਾ ਜਾਵੇਗਾ।

ਸੰਸਦੀ ਮਾਮਲੇ ਮੰਤਰੀ : ਧੰਨਵਾਦ ਜੀ।

ਮਾਨਯੋਗ ਸਪੀਕਰ : ਹਾਂ ਜੀ, ਖਹਿਰਾ ਸਾਹਿਬ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ ਪਿਛਲੇ ਸਾਲ ਮਈ ਮਹੀਨੇ ਵਿੱਚ ਖੱਡਾਂ ਦੀ ਨਿਲਾਮੀ ਨੂੰ ਲੈ ਕੇ ਬਹੁਤ ਵੱਡਾ ਵਿਵਾਦ ਉਠਿਆ ਸੀ, ਉਸ ਤੇ ਇੱਕ ਕਮਿਸ਼ਨ ਵੀ ਬਿਠਾਇਆ ਗਿਆ ਸੀ, ਜਿਸ ਦੀ ਰਿਪੋਰਟ ਅਗਸਤ ਮਹੀਨੇ ਵਿੱਚ ਆਈ, ਉਹ ਰਿਪੋਰਟ ਸਦਨ ਵਿੱਚ ਪੇਸ਼ ਕੀਤੀ ਜਾਣੀ ਸੀ ਪਰ ਅੱਜ ਪੇਸ਼ ਨਹੀਂ ਹੋਈ। ਮੈਂ ਤੁਹਾਡੇ ਜ਼ਰੀਏ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਮੈਨੂੰ ਹੁਣੇ ਪਤਾ ਲੱਗਿਆ ਹੈ ਕਿ ਜਿਨ੍ਹਾਂ ਲੋਕਾਂ ਨੇ ਕਾਨੂੰਨ ਤੋੜਿਆ ਹੈ, ਬੇਨਾਮੀ ਟਰਾਂਜੈਕਸ਼ਨਜ਼ ਕੀਤੀਆਂ ਹਨ, ਮਨੀ ਲੌਂਡਰਿੰਗ ਕੀਤੀ ਹੈ, ਉਨ੍ਹਾਂ ਦੇ ਖਿਲਾਫ ਕਾਰਵਾਈ ਕਰਨ ਦੀ ਬਜਾਏ, ਉਨ੍ਹਾਂ ਦੀ earnest money 29 ਕਰੋੜ ਰੁਪਿਆ ਪੰਜਾਬ ਸਰਕਾਰ ਉਨ੍ਹਾਂ ਨੂੰ ਵਾਪਸ ਕਰਨ ਜਾ ਰਹੀ ਹੈ। ਇੱਕ ਤਾਂ ਚੋਰੀ ਉੱਪਰੋਂ ਸੀਨਾ ਜ਼ੋਰੀ। ਇਸ ਤੋਂ ਜ਼ਿਆਦਾ ਮੰਦਭਾਗੀ ਗੱਲ ਨਹੀਂ ਹੋ ਸਕਦੀ। ਇਸ ਤੋਂ ਜ਼ਿਆਦਾ ਮਾੜੀ ਗੱਲ ਨਹੀਂ ਹੋ ਸਕਦੀ। ਅਸੀਂ ਕਿਸ ਤਰ੍ਹਾਂ ਦੀ ਭੈੜੀ ਰਵਾਇਤ ਪਾ ਰਹੇ ਹਾਂ। ਹਜ਼ਾਰ ਕਰੋੜ ਰੁਪਏ ਦੇ ਇਰੀਗੇਸ਼ਨ ਸਕੈਮ ਕਰਨ ਵਾਲੇ ਗੁਰਿੰਦਰ ਠੇਕੇਦਾਰ ਦਾ ਵੀ 5 ਕਰੋੜ ਰੁਪਿਆ ਲੱਗਿਆ ਹੈ। ਉਸ ਬੰਦੇ ਨੇ ਖੱਡਾਂ ਦੀ ਨਿਲਾਮੀ ਦੇਣ ਵਾਲੇ ਮੰਤਰੀ ਦੇ ਖਾਤੇ ਵਿੱਚ ਪੰਜ ਕਰੋੜ ਰੁਪਿਆ ਪਾਇਆ ਸੀ। ਹੁਣ 29 ਕਰੋੜ ਰੁਪਿਆ ਵੀ ਤੇ ਪੰਜ ਕਰੋੜ ਰੁਪਿਆ ਵੀ ਵਾਪਸ ਕੀਤਾ ਜਾ ਰਿਹਾ ਹੈ।

Mr. Speaker : Please address the Chair.

ਸਰਦਾਰ ਸੁਖਪਾਲ ਸਿੰਘ ਖਹਿਰਾ : ਪੰਜਾਬ ਦੇ ਖਜ਼ਾਨੇ ਤੇ ਇਸੇ ਤਰ੍ਹਾਂ ਠੱਗੀਆਂ, ਠੋਰੀਆਂ, ਬੇਈਮਾਨੀਆਂ ਕਰਨ ਕਾਰਨ ਕਰਜ਼ਾ ਚੜ੍ਹਿਆ ਹੈ। Chief Minister must make his position clear because 15 ਦਿਨ ਵੀ ਲੰਘ ਗਏ, ਹੁਣ ਤਾਂ ਸੈਸ਼ਨ ਵੀ ਲੰਘ ਗਿਆ। ਮੈਂ ਮੁੱਖ ਮੰਤਰੀ ਸਾਹਿਬ ਨੂੰ ਹੱਥ ਜੋੜ ਕੇ ਪੁੱਛਣਾ ਚਾਹੁੰਦਾ ਹਾਂ ਕਿ ਕੀ ਖੱਡਾਂ ਦੀ ਨਿਲਾਮੀ ਵਾਲਾ 29 ਕਰੋੜ ਰੁਪਿਆ earnest money ਵਾਪਸ ਕੀਤਾ ਜਾ ਰਿਹਾ ਹੈ?

ਮਾਨਯੋਗ ਸਪੀਕਰ : ਤੁਹਾਡੀ ਗੱਲ ਆ ਗਈ।

ਸਰਦਾਰ ਸੁਖਪਾਲ ਸਿੰਘ ਖਹਿਰਾ : ਪੰਜ ਕਰੋੜ ਰੁਪਿਆ ਠੇਕੇਦਾਰ ਦਾ .... (ਵਿਘਨ)....

ਮਾਨਯੋਗ ਸਪੀਕਰ : ਤੁਸੀਂ ਬੈਠੋ। ਸੁਖ ਸਰਕਾਰੀਆ ਜੀ, ਤੁਸੀਂ ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ, ਸ਼੍ਰੀ ਐਨ.ਕੇ.ਸ਼ਰਮਾ, ਸ਼੍ਰੀ ਪਵਨ ਕੁਮਾਰ ਟੀਨੂ ਅਤੇ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀ ਅਮਨ ਅਰੋੜਾ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਜਿਸ ਕਾਰਨ ਸਦਨ ਵਿੱਚ ਕਾਫੀ ਸ਼ੋਰ ਸੀ)

ਮਾਨਯੋਗ ਸਪੀਕਰ : ਤੁਸੀਂ ਬਾਅਦ ਵਿੱਚ ਬੋਲ ਲੈਣਾ।ਤੁਸੀਂ ਸੁਖ ਸਰਕਾਰੀਆ ਜੀ ਤੋਂ ਬਾਅਦ ਬੋਲ ਲੈਣਾ, please.

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਅੱਜ ......

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਰਾਣਾ ਗੁਰਜੀਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਮਾਨਯੋਗ ਸਪੀਕਰ : ਇੱਕ ਮਿੰਟ ਲੱਗੇਗਾ, ਹਾਂ ਜੀ, ਰਾਣਾ ਜੀ। ਤੁਹਾਡੀ ਗੱਲ ਆ ਗਈ। ਸੀ.ਐਮ. ਸਾਹਿਬ ਖੜ੍ਹੇ ਹੋ ਗਏ। ਪਲੀਜ਼ ਬੈਠੋ, ਸੀ.ਐਮ. ਸਾਹਿਬ ਖੜ੍ਹੇ ਹਨ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਸਪੀਕਰ ਸਾਹਿਬ, ਇਨਵੈਸਟੀਗੇਸ਼ਨ ਚੱਲ ਰਹੀ ਹੈ। Investigation is on, it is not finished. ਜਦੋਂ ਇਨਵੈਸਟੀਗੇਸ਼ਨ ਖਤਮ ਹੋਵੇਗੀ, ਜਿਹੜਾ ਉਸ ਇਨਵੈਸਟੀਗੇਸ਼ਨ ਦਾ ਨਿਚੋੜ ਹੋਵੇਗਾ, ਉਹ ਹਾਊਸ ਦੇ ਸਾਹਮਣੇ ਦੱਸਿਆ ਜਾਵੇਗਾ। ਇਹ ਐਡਵਾਂਸ ਵਿੱਚ ਕਹਿਣਾ ਕਿ ਇਹ ਪੰਜ ਕਰੋੜ ਹੈ, ਦਸ ਕਰੋੜ ਹੈ ਜਾਂ ਵੀਹ ਕਰੋੜ ਹੈ, this is not solution. Investigation is going on,and it must be completed, ਫਿਰ ਹੀ ਅਸੀਂ ਦੱਸ ਸਕਾਂਗੇ।

ਮਾਨਯੋਗ ਸਪੀਕਰ : ਇਸ ਤੇ ਜਵਾਬ ਆ ਗਿਆ ਹੈ, you want to raise an issue, ਤੁਸੀਂ ਪੁਆਇੰਟ ਰੇਜ਼ ਕੀਤਾ, ਉਸ ਦਾ ਜਵਾਬ ਆ ਗਿਆ। ਸੁਖ ਸਰਕਾਰੀਆ ਜੀ, ਤੁਸੀਂ ਬੋਲੋ। ਖਹਿਰਾ ਸਾਹਿਬ, ਜਵਾਬ ਆ ਗਿਆ ਹੈ। ਜ਼ੀਰੋ ਆਵਰ ਵਿੱਚ you are to raise an issue, ਕੁਐਸਚਨ ਐਂਡ ਆਨਸਰ ਤਾਂ ਨਹੀਂ ਹੋਣੇ। ਸਵਾਲ ਜਵਾਬ ਨਹੀਂ ਹੋਣੇ। ਸੁਖ ਸਰਕਾਰੀਆ ਜੀ, ਬੋਲੋ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਪਹਿਲਾਂ ਕਹਿੰਦੇ ਹਨ ਕਿ ਐਕਸ਼ਨ ਟੇਕਨ ਰਿਪੋਰਟ ਆ ਰਹੀ ਹੈ ਤੇ ਹੁਣ ਤੁਸੀਂ ਕਹਿ ਰਹੇ ਹੋ ਕਿ ਇਨਵੈਸਟੀਗੇਸ਼ਨ ਜਾਰੀ ਹੈ। I am surprised.

ਮਾਨਯੋਗ ਸਪੀਕਰ : ਸੁਖ ਸਰਕਾਰੀਆ ਜੀ, ਤੁਸੀਂ ਕਿਉਂ ਨਹੀਂ ਬੋਲਦੇ। ਸੀ.ਐਮ. ਸਾਹਿਬ ਖੜ੍ਹੇ ਹੋ ਗਏ।

ਮੁੱਖ ਮੰਤਰੀ : ਸਪੀਕਰ ਸਾਹਿਬ, little knowledge is a dangerous thing (thumping). ਤੁਸੀਂ ਇਹ ਕਹਾਵਤ ਸੁਣੀ ਹੋਣੀ ਹੈ ਜੀ। ਮੈਂ ਇਸ ਨੂੰ ਦੱਸਣਾ ਚਾਹੁੰਦਾ ਹਾਂ ਕਿ investigation is going on in irrigation scam, ਜਦੋਂ ਇਨਵੈਸਟੀਗੇਸ਼ਨ ਦਾ ਨਿਚੋੜ ਨਿਕਲੇਗਾ ਤਾਂ ਅਸੀਂ ਸਦਨ ਦੇ ਸਾਹਮਣੇ ਲਿਆਵਾਂਗੇ। I don’t know why can't he wait.

ਮਾਨਯੋਗ ਸਪੀਕਰ : ਸੁਖ ਸਰਕਾਰੀਆ ਜੀ, ਬੋਲੋ।

ਮੁੱਖ ਮੰਤਰੀ : ਸਪੀਕਰ ਸਾਹਿਬ, ਇਸ ਲੀਡਰ ਆਫ ਦਿ ਆਪੋਜ਼ੀਸ਼ਨ ਦੀ ਇੱਕੋ ਹੀ ਪ੍ਰਾਬਲਮ ਹੈ ਕਿ ਇਹ ਸਾਰਾ ਇਸ ਲਈ ਕਰ ਰਹੇ ਹਨ ਤਾਂ ਕਿ ਡੇਲ੍ਹੀ ਇਨ੍ਹਾਂ ਦੀ ਅਖਬਾਰ ਵਿੱਚ ਤਸਵੀਰ ਆਵੇ। (ਵਿਘਨ)

ਮਾਨਯੋਗ ਸਪੀਕਰ : ਸੁਖ ਸਰਕਾਰੀਆ ਜੀ ਤੋਂ ਬਾਅਦ ਬੋਲ ਲੈਣਾ।

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਮੇਰੀ ਇਨ੍ਹਾਂ ਨਾਲ ਗੱਲ ਕਰਨ ਦਾ ਮਤਲਬ ਹੈ ਕਿ ਇਹ ਇੱਕ ਮਿੰਟ ਚੁੱਪ ਕਰ ਜਾਣ ਤੇ ਮੈਂ ਸ਼ੁਰੂ ਕਰਾਂ (ਵਿਘਨ)

ਮਾਨਯੋਗ ਸਪੀਕਰ : ਖਹਿਰਾ ਸਾਹਿਬ, ਹੁਣ ਸੁਣ ਲਓ, ਤੁਸੀਂ ਪਲੀਜ਼ ਬੈਠੋ। ਹਾਂ ਜੀ, ਸੁਖ ਸਰਕਾਰੀਆ ਸਾਹਿਬ, ਸੁਖ ਸਰਕਾਰੀਆ ਸਾਹਿਬ।

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਸਪੀਕਰ ਸਾਹਿਬ, ਅੱਜ ਹਿੰਦੁਸਤਾਨ ਟਾਈਮਜ਼ ਅਖਬਾਰ ਦੇ ਵਿਚ 3 ਨੰਬਰ ਪੇਜ਼ ਤੇ ਸਾਡੇ ਲਈ ਬੜੀ damaging ਖਬਰ ਲੱਗੀ ਹੈ, ਜਿਸ ਦਾ ਹੈਂਡਿੰਗ ਇਹ ਹੈ ਕਿ Ruling Party's every M.L.A. is facing charges of illegal mining. ਇਸ ਦਾ ਮਤਲਬ ਸਾਡੇ ਸਾਰਿਆਂ ਤੇ ਇਹ ਚਾਰਜ ਲੱਗਾ ਹੈ। ਮੈਂ ਵੀ ਇਨ੍ਹਾਂ ਦਾ ਇੱਥੇ ਲੈਕਚਰ ਸੁਣਿਆ ਸੀ। ਉਸ ਦੇ ਵਿਚ ਸਾਨੂੰ ਤਾਂ ਕੋਈ ਅਜਿਹੀ ਗੱਲ ਨਹੀਂ ਲੱਗੀ। ਬਾਹਰ ਜਾ ਕੇ ਪਤਾ ਨਹੀਂ ਇਨ੍ਹਾਂ ਨੇ ਕੀ ਗੱਲ ਕੀਤੀ ਹੈ। ਮੈਂ ਇਸ ਦਾ ਸਪੱਸ਼ਟੀਕਰਨ ਇਨ੍ਹਾਂ ਤੋਂ ਲੈਣਾ ਚਾਹੁੰਦਾ ਹਾਂ, ਬਜਾਏ ਇਸ ਦੇ ਕਿ ਅਸੀਂ ਕੋਈ legal procedure adopt ਕਰੀਏ। ਸਾਰੇ ਐਮ.ਐਲ.ਏਜ਼ ਨੂੰ ਇਸ ਗੱਲ ਦਾ ਬੜਾ ਵੱਡਾ ਧੱਕਾ ਲੱਗਾ ਹੈ। ਇਹ ਇਸ ਗੱਲ ਦਾ ਸਪੱਸ਼ਟੀਕਰਨ ਦੇਣ ਕਿ ਕੀ ਇਨ੍ਹਾਂ ਨੇ ਇਹ ਗੱਲ ਕਹੀ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ: ਖਹਿਰਾ ਸਾਹਿਬ, ਤੁਸੀਂ ਸਪੱਸ਼ਟੀਕਰਨ ਦੇਣਾ ਹੈ?

ਸਰਦਾਰ ਸੁਖਪਾਲ ਸਿੰਘ ਖਹਿਰਾ : ਹਾਂ ਜੀ, ਬਿਲਕੁਲ ਦੇਣਾ ਹੈ।

ਮਾਨਯੋਗ ਸਪੀਕਰ : ਹਾਂ ਜੀ, ਖਹਿਰਾ ਸਾਹਿਬ।

CLARIFICATION BY LEADER OF THE OPPOSITION, SARDAR SUKHPAL SINGH KHAIRA

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਜੋ ਕੁਝ ਮੇਰੇ ਮਾਨਯੋਗ ਮੈਂਬਰ ਵੀਰ ਸੁਖ ਸਰਕਾਰੀਆ ਨੇ ਕਿਹਾ ਹੈ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ ਮੈਂ ਜੋ ਕੁਝ ਵੀ ਬੋਲਿਆ ਹੈ, It is a part of minutes that have been recorded in the Vidhan Sabha. ਮੈਂ ਤੁਹਾਨੂੰ on the floor of the House ਇਹ ਯਕੀਨ ਦਿਵਾਉਂਦਾ ਹਾਂ ਕਿ ਇੱਕ ਵੀ ਸ਼ਬਦ ਬਾਹਰ ਕਿਸੇ ਵੀ ਮੀਡੀਏ ਵਿਚ ਨਹੀਂ ਕਿਹਾ।(ਸ਼ੋਰ) ਮੈਂ ਵੀ ਇਹੀ ਕਹਿ ਰਿਹਾ ਹਾਂ ਕਿ ਮਾਈਨਿੰਗ ਦਾ ਮਾਮਲਾ ਥਮ ਨਹੀਂ ਰਿਹਾ ਹੈ।ਸਰਦਾਰ ਸਿਮਰਜੀਤ ਸਿੰਘ ਬੈਂਸ ਨੇ ਕੱਲ੍ਹ ਬਾਹਰ ਕਿਹਾ ਸੀ ਕਿ ਅੱਜ ਰੇਟ ਵੱਧ ਗਏ ਹਨ, ਮੈਂ ਤਾਂ ਕਹਿੰਦਾ ਹਾਂ ਕਿ ਜਾਂਚ ਕਰਵਾਓ ਪਤਾ ਤਾਂ ਲੱਗੇ ਕਿ ਕਿਹੜੇ ਐਮ.ਐਲ.ਏ. ਹਨ ਅਤੇ ਕਿਹੜੇ ਨਹੀਂ ਹਨ। (ਸ਼ੋਰ) ਸਭ ਦੀ ਜਾਂਚ ਕਰਵਾਓ। ਅਸੀਂ ਤਾਂ ਜਾਂਚ ਹੀ ਮੰਗ ਰਹੇ ਹਾਂ।

ਮਾਨਯੋਗ ਸਪੀਕਰ : ਹਾਂ ਜੀ, ਸ੍ਰੀ ਬ੍ਰਹਮ ਮਹਿੰਦਰਾ ਜੀ, ਬ੍ਰਹਮ ਮਹਿੰਦਰਾ ਜੀ।

ਸਰਦਾਰ ਸੁਖਪਾਲ ਸਿੰਘ ਖਹਿਰਾ : ਅਸੀਂ ਤਾਂ ਜਾਂਚ ਮੰਗ ਰਹੇ ਹਾਂ।

ਮਾਨਯੋਗ ਸਪੀਕਰ: ਬੈਠੋ, ਬੈਠੋ, ਬੈਠੋ। ਹਾਂ ਜੀ, ਸ੍ਰੀ ਬ੍ਰਹਮ ਮਹਿੰਦਰਾ ਜੀ। ਬ੍ਰਹਮ ਮਹਿੰਦਰਾ ਜੀ, ਤੁਸੀਂ ਬੋਲਣਾ ਹੈ?

ਸੰਸਦੀ ਮਾਮਲੇ ਮੰਤਰੀ (ਸ੍ਰੀ ਬ੍ਰਹਮ ਮਹਿੰਦਰਾ) : ਸਰ, ਇੱਥੇ ਦੋ ਗੱਲਾਂ ਆਈਆਂ ਹਨ। ਇੱਕ ਸੁਖ ਸਰਕਾਰੀਆ ਜੀ ਨੇ ਇਹ ਗੱਲ ਬੜੀ ਹਾਈਲਾਈਟ ਕੀਤੀ ਹੈ ਕਿ ਅਖਬਾਰ ਦੇ ਵਿਚ ਇਹ ਖਬਰ ਆਈ ਹੈ ਕਿ All Party's M.L.As are involved in mining. ਉਨ੍ਹਾਂ ਨੇ ਪੜ੍ਹ ਕੇ ਸੁਣਾਇਆ ਹੈ ਕਿ ਖਹਿਰਾ ਸਾਹਿਬ ਵਲੋਂ ਇਹ ਸਟੇਟਮੈਂਟ ਅਖਬਾਰ ਦੇ ਵਿਚ ਲੱਗੀ ਹੋਈ ਹੈ। ਕੱਲ੍ਹ ਦੀਆਂ ਸਾਰੀਆਂ proceedings ਕਢਵਾ ਕੇ ਦੇਖ ਲਵੋ। Proceedings ਤੁਸੀਂ ਐਗਜ਼ਾਮਿਨ ਕਰ ਲਵੋ। ਜੇ ਅਖਬਾਰ ਦੇ ਨਾਲ ਟੈਲੀ ਕਰਦੀਆਂ ਹਨ ਤਾਂ ਫਿਰ ਗੱਲ ਠੀਕ ਹੈ। ਜੇ ਨਹੀਂ ਟੈਲੀ ਕਰਦੀਆਂ ਤਾਂ ਪਲੀਜ਼ ਇਸ ਗੱਲ ਤੇ ਐਕਸ਼ਨ ਲਿਆ ਜਾਵੇ।

ਮਾਨਯੋਗ ਸਪੀਕਰ : ਚਲੋ, we will examine it. ਮਜੀਠੀਆ ਸਾਹਿਬ।

ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) : ਸਪੀਕਰ ਸਾਹਿਬ, ਇੱਕ ਮਿੰਟ।

ਮਾਨਯੋਗ ਸਪੀਕਰ : ਨਵਜੋਤ ਸਿੰਘ ਸਿੱਧੂ ਜੀ। ਸਿੱਧੂ ਸਾਹਿਬ, ਬੋਲੋ ਜੀ।

ਸਥਾਨਕ ਸਰਕਾਰ ਮੰਤਰੀ :ਸਪੀਕਰ ਸਾਹਿਬ .... (ਸ਼ੋਰ).... ਸਰ, ਇਹ ਗੱਲ ਨਵੀਂ ਨਹੀਂ ਹੈ। ਪਿਛਲੀ ਵਾਰੀ ਵੀ ਜਦੋਂ ਹਾਊਸ ਲੱਗਿਆ ਸੀ ਤਾਂ ਇਨ੍ਹਾਂ ਨੇ ਸਾਰੇ ਮੈਂਬਰਾਂ ਵੱਲ ਉਂਗਲ ਚੁੱਕ ਕੇ ਇਹ ਗੱਲ ਕਹੀ ਸੀ ਕਿ ਤੁਸੀਂ ਸਾਰੇ ** ** ਹੋ। ਉਸ ਤੋਂ ਬਾਅਦ ਜਦੋਂ ਇਨ੍ਹਾਂ ਨੂੰ ਰੀਟ੍ਰੇਕਟ ਕਰਨ ਨੂੰ

** Expunged as ordered by the Chair.

[ਸਥਾਨਕ ਸਰਕਾਰ ਮੰਤਰੀ]
ਕਿਹਾ ਤਾਂ ਇਨ੍ਹਾਂ ਨੇ floor of the House ਤੇ ਮਾਫੀ ਮੰਗੀ ਸੀ। ਇੱਕ ਵਾਰ ਭੁੱਲਿਆ, ਭੁੱਲਿਆ ਕਹਿਲਾਵੇ, ਵਾਰ-ਵਾਰ ਭੁੱਲਿਆ ** ** ਕਹਿਲਾਵੇ। ਵਾਰ-ਵਾਰ ਇਹ ਗੁਨਾਹ ਕਰ ਰਹੇ ਹਨ। ਵਾਰ ਵਾਰ ਇਹ ਗੱਲ ਕਹਿ ਰਹੇ ਹਨ। ਇਹ ਗਲਤ ਗੱਲ ਹੈ, ਸਰ। ਹਰ ਬੰਦਾ ** ** ਨਹੀਂ ਹੈ। ਇਹ ਹਰੇਕ ਬੰਦੇ ਨੂੰ ** ** ਨਹੀਂ ਕਹਿ ਸਕਦੇ।

ਮਾਨਯੋਗ ਸਪੀਕਰ : ** ** ਸ਼ਬਦ ਐਕਸਪੰਜ ਕੀਤੇ ਜਾਣ। (ਵਿਘਨ) ਹੁਣ ਇਹ question-hour session ਨਹੀਂ ਚੱਲਣਾ। You have raised the issue, he has replied. ਮਜੀਠੀਆ ਸਾਹਿਬ .... (ਸ਼ੋਰ)

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਕਿਰਪਾ ਕਰਕੇ ਬਿਠਾ ਦਿਓ। (ਸ਼ੋਰ)

ਮਾਨਯੋਗ ਸਪੀਕਰ : ਬੈਠੋ, ਖਹਿਰਾ ਸਾਹਿਬ। ਇਹ ਤੁਹਾਡਾ ਸਵਾਲ ਜਵਾਬ ਖਤਮ ਨਹੀਂ ਹੋਣਾ। It is not going to stop.

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਮੇਰੀ ਬੇਨਤੀ ਹੈ (ਵਿਘਨ) ਇਹ ਤਾਂ ਆਪਣੇ ਆਪ ਸਪੀਕਰ ਸਾਹਿਬ, ਸੀ.ਐਮ. ਸਾਹਿਬ ਨਾਲ ਕੰਨ ਵਿਚ ਜਾ ਕੇ ਗੱਲ ਕਰ ਲੈਣਗੇ।ਕੱਲ੍ਹ ਖਜ਼ਾਨਾ ਮੰਤਰੀ ਸਾਹਿਬ ਨੇ ਵੀ ਇੱਥੇ ਸਪੱਸ਼ਟ ਕਰ ਦਿੱਤਾ ਕਿ ਅਸੀਂ ਖਹਿਰੇ ਨੂੰ ਨਹੀਂ ਟੋਕਣਾ ਤੇ ਖਹਿਰੇ ਨੇ ਸਾਨੂੰ ਨਹੀਂ ਟੋਕਣਾ। ਇਨ੍ਹਾਂ ਦੀ ਤਾਂ ਜਦੋਂ ਮਰਜ਼ੀ ਗੱਲ ਕਰਵਾ ਲਓ। ਜਿਹੜੇ ਮੇਨ ਮੁੱਦੇ ਹਨ, ਉਨ੍ਹਾਂ ਦੀ ਗੱਲ ਕਰ ਲਈਏ। ਇਨ੍ਹਾਂ ਦਾ ਤਾਂ ਚੱਲੀ ਜਾਣਾ ਹੈ। ਕੁਝ ਮੇਰੇ ਵੀਰ ਇੱਥੇ ਰਹਿ ਜਾਣੇ ਹਨ, ਇਨ੍ਹਾਂ ਦੀ ਗੱਲ ਤਾਂ ਪਹਿਲਾਂ ਹੀ ਮੁੱਕੀ ਹੋਈ ਹੈ। ਕੀ ਪਹਿਲਾਂ ਖਜ਼ਾਨਾ ਮੰਤਰੀ ਨੇ ਰਾਣਾ ਗੁਰਜੀਤ ਦੀ ਰਿਪੋਰਟ ਲੀਕ ਨਹੀਂ ਕੀਤੀ? ਹੁਣ ਇਹ ਡਰਾਮਾ ਰਚਦੇ ਫਿਰਦੇ ਹਨ। ਜਿਹੜੀਆਂ ਇਨ੍ਹਾਂ ਨੇ ਕੰਨਾਂ ਵਿਚ ਗੱਲਾਂ ਕੀਤੀਆਂ ਹਨ, ਮੇਰਾ ਵੀਰ ਇਹ ਉੱਪਰੋਂ ਉੱਪਰੋਂ ਲੜਦੀਆਂ ਹਨ, ਵੈਸੇ ਨਣਦ ਭਰਜਾਈਆਂ ਇਕੱਠੀਆਂ ਨੇ। ਸਪੀਕਰ ਸਾਹਿਬ, ਮੈਂ ਜਿਹੜੀ ਗੱਲ ਕਰਨੀ ਚਾਹੁੰਦਾ ਹਾਂ .....

ਮਾਨਯੋਗ ਸਪੀਕਰ : ਜਿਹੜੀ ਗੱਲ ਕਰਨੀ ਹੈ, ਉਹ ਗੱਲ ਕਰੋ ਪਲੀਜ਼।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਅੱਜ ਸੀ.ਐਮ. ਸਾਹਿਬ ਆਏ ਹਨ। ਮੈਂ ਸਤਿਕਾਰਯੋਗ ਸੀ.ਐਮ. ਸਾਹਿਬ ਅੱਗੇ ਬੇਨਤੀ ਕਰਦਾ ਹਾਂ ਕਿ ਜਿਹੜੇ ਆਂਗਨਵਾੜੀ ਵਰਕਰ ਸਾਹਿਬਾਨ, ਰਮਸਾ ਦੇ ਟੀਚਰ ਹਨ, ਐਸ.ਐਸ.ਏ. ਹਨ, ਹੋਰ ਸਾਰੇ 7-8 ਹਜ਼ਾਰ ਟੀਚਰ ਸਾਹਿਬਾਨਾਂ ਤੇ ਪਰਚੇ ਦਰਜ ਹੋ ਗਏ ਹਨ, ਕਿਰਪਾ ਕਰਕੇ ਉਹ ਪਰਚੇ ਵਾਪਸ ਲਵੋ ਅਤੇ ਜਿਨ੍ਹਾਂ ਨੇ ਟੀਚਰ ਸਾਹਿਬਾਨਾਂ ਦੀਆਂ ਪੱਗਾਂ ਲਾਹੀਆਂ ਹਨ, ਉਨ੍ਹਾਂ ਦੇ ਖਿਲਾਫ ਕਾਰਵਾਈ ਕਰੋ। ਮੈਂ ਸੀ.ਐਮ. ਸਾਹਿਬ ਦੇ ਅੱਗੇ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ kindly ਸਾਨੂੰ ਐਸ਼ਿਓਰ ਕਰ ਦੇਣ ਕਿ ਇਹੋ ਜਿਹਾ ਵਿਵਹਾਰ ਟੀਚਰ ਸਾਹਿਬਾਨਾਂ ਨਾਲ ਨਹੀਂ ਕੀਤਾ ਜਾਵੇਗਾ ਤੇ ਇਸ ਗੱਲ ਨੂੰ ਇਹ condemn ਕਰਦੇ ਹਨ?

ਮਾਨਯੋਗ ਸਪੀਕਰ : ਚਲੋ, ਬੈਠੋ ਬੈਠੋ। ਹੁਣ ਬੈਠੋ, ਅੱਗੇ ਚੱਲੀਏ।

** Expunged as ordered by the Chair.

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਅਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰਜ਼ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਮਾਨਯੋਗ ਸਪੀਕਰ : ਕੀ ਕਰੀਏ ? ਬੈਠੋ ਬੈਠੋ। ਪਲੀਜ਼ ਬੈਠ ਜਾਓ। (ਵਿਘਨ) (ਸ਼ੋਰ) ਹੁਣ ਬੈਠ ਜਾਓ। (ਵਿਘਨ) (ਸ਼ੋਰ) ਗੁਰਕੀਰਤ ਕੋਟਲੀ। ਗੁਰਕੀਰਤ ਕੋਟਲੀ ਨੂੰ ਹੁਣ ਬੋਲ ਲੈਣ ਦਿਓ। (ਵਿਘਨ) (ਸ਼ੋਰ) ਰਾਣਾ ਗੁਰਜੀਤ ਸਿੰਘ (ਵਿਘਨ) (ਸ਼ੋਰ) ਤੁਸੀਂ ਬੋਲ ਚੁੱਕੇ ਹੋ। (ਵਿਘਨ) ਰਾਣਾ ਗੁਰਜੀਤ ਜੀ। ਰਾਣਾ ਗੁਰਜੀਤ ਜੀ।

PERSONAL EXPLANATION BY RANA GURJIT SINGH

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ personal point of explanation ਦੇਣ ਲਈ ਉਠਿਆ ਹਾਂ। ਮੇਰਾ ਨਾਂ ਲਿਆ ਗਿਆ ਹੈ। ਮੇਰਾ ਨਾਂ ਬੜੇ ਸਤਿਕਾਰਯੋਗ ਮੈਂਬਰ ਨੇ ਲਿਆ ਹੈ, ਜਿਹੜੇ ਪੰਜਾਬ ਦੀ ਅਵਾਜ਼ ਬਣਦੇ ਹਨ, ਜਿਹੜੇ ਕਹਿੰਦੇ ਹਨ ਕਿ ਜੋ ਮੈਂ ਕਹਿੰਦਾ ਹਾਂ, ਉਹ ਉਪਰ ਵਾਲੇ (ਪ੍ਰੈਸ ਗੈਲਰੀ ਵੱਲ ਇਸ਼ਾਰਾ) ਵੀ ਦੇਖਣ, ਇੱਧਰ ਵਾਲੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਵੀ ਸੁਣਨ ਅਤੇ ਇੱਧਰ ਵਾਲੇ ਵੀ (ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਚੁੱਪ ਕਰਕੇ ਮੇਰੀ ਗੱਲ ਸੁਣਨ ਪਰ ਇਹ ਨਹੀਂ ਹੋਣਾ। ਮੈਨੂੰ ਮੌਕਾ ਦਿਓ।

ਸਰਦਾਰ ਬਿਕਰਮ ਸਿੰਘ ਮਜੀਠੀਆ : ਖਜ਼ਾਨਾ ਮੰਤਰੀ ਜੀ ਨੇ ਕਿਹਾ ਹੈ ਕਿ ਅਸੀਂ ਚੁੱਪ ਕਰਕੇ ਸੁਣਾਂਗੇ। ਜਿਹੜੇ ਰਲੇ ਹਨ, ਉਹ ਵੀ ਦੱਸ ਦਿਓ ।

ਮਾਨਯੋਗ ਸਪੀਕਰ : ਤੁਸੀਂ ਬੈਠੋ। ਪਲੀਜ਼, ਮਜੀਠੀਆ ਸਾਹਿਬ, ਤੁਸੀਂ ਬੈਠੋ ।

ਰਾਣਾ ਗੁਰਜੀਤ ਸਿੰਘ : ਤੁਹਾਡਾ ਹਿਸਾਬ ਕਿਤਾਬ ਤਾਂ ਚਲਦਾ ਰਹਿੰਦਾ ਹੈ। ਫਿਰ ਕਰ ਲੈਣਾ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਪੰਜ ਕਰੋੜ ਰੁਪਏ ਦੀ ਇਨਵੈਸਟੀਗੇਸ਼ਨ ਚੱਲ ਰਹੀ ਹੈ। ਮੈਂ ਬੋਲਦਾ ਅੱਛਾ ਨਹੀਂ ਲੱਗਦਾ ਪਰ ਇਨ੍ਹਾਂ ਬਾਰੇ ਜ਼ਰੂਰ ਦੱਸਣਾ ਚਾਹੁੰਦਾ ਹਾਂ। ਰਾਣਾ ਗੁਰਜੀਤ ਸਿੰਘ ਜਿਸ ਦਿਨ ਪੰਜਾਬ ਆਇਆ ਤੇ ਇਨ੍ਹਾਂ ਦੇ ਪਿਤਾ ਜੀ ਨੂੰ ਮੈਨੂੰ ਮਿਲਣ ਦਾ ਮੌਕਾ ਮਿਲਿਆ। ਸਾਨੂੰ **** ਕਹਿਣ ਵਾਲੇ ਪਿਤਾ ਪੁਰਖੀ ** ** ਹਨ।

ਮਾਨਯੋਗ ਸਪੀਕਰ : ** ** ਸ਼ਬਦ ਕਾਰਵਾਈ ਵਿੱਚੋਂ ਕੱਢ ਦਿੱਤਾ ਜਾਵੇ । ** ** ਸ਼ਬਦ ਐਕਸਪੰਜ ਕਰ ਦਿਓ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਇਨ੍ਹਾਂ ਦੇ ਪਿਤਾ ਜੀ ਜੇਲ੍ਹ ਵਿੱਚੋਂ ਆਏ। ਮੈਂ ਇਨ੍ਹਾਂ ਨੂੰ ਇਨ੍ਹਾਂ ਦੇ ਸਾਲੇ ਦੇ ਘਰ ਅੱਠ ਸੈਕਟਰ ਮਿਲਿਆ। ਮੈਂ ਕਿਹਾ ਕਿ ਮਾਝੇ ਵਿੱਚੋਂ ਮੈਨੂੰ ਲਾਇਸੰਸ ਮਿਲਿਆ ਹੈ। ਉਸ ਲਾਇਸੰਸ ਨਾਲ ਮੈਂ ਕਰਤਾਰਪੁਰ ਦੇ ਲਾਗੇ ਮਿੱਲ ਲਗਾਉਣਾ ਚਾਹੁੰਦਾ ਹਾਂ।

**** Expunged as ordered by the Chair.

ਸਰਦਾਰ ਸੁਖਪਾਲ ਸਿੰਘ ਖਹਿਰਾ : ****

ਮਾਨਯੋਗ ਸਪੀਕਰ : ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਜਾ ਰਿਹਾ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਸੁਖਪਾਲ ਸਿੰਘ ਖਹਿਰਾ ਸਦਨ ਵਿੱਚ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

ਰਾਣਾ ਗੁਰਜੀਤ ਸਿੰਘ : ਚਲੋ ਮੈਂ ਝੂਠ ਬੋਲ ਰਿਹਾ ਹਾਂ। ਮੇਰੇ ਤੋਂ ਬਾਅਦ ਬੋਲ ਲੈਣਾ।

ਮਾਨਯੋਗ ਸਪੀਕਰ : ਐਕਸਪੰਜ ਹੋ ਗਿਆ ਹੈ ।

ਰਾਣਾ ਗੁਰਜੀਤ ਸਿੰਘ : ਮੈਨੂੰ ਤਾਂ ਇੱਕ ਵਾਰੀ ਸੁਣ ਲਓ। ਉਸ ਤੋਂ ਬਾਅਦ ਬੋਲ ਲੈਣਾ, ਰੱਬ ਦੇ ਵਾਸਤੇ। ਇੰਨੇ ਦਿਨ ਤੁਸੀਂ ਬੋਲ ਰਹੇ ਹੋ। ਕੀ ਮੈਂ ਤੁਹਾਨੂੰ ਕੁਝ ਕਿਹਾ ਹੈ? ਬਰਦਾਸ਼ਤ ਤਾਂ ਕਰੋ। (ਵਿਘਨ) (ਸ਼ੋਰ)

ਸਰਦਾਰ ਸੁਖਪਾਲ ਸਿੰਘ ਖਹਿਰਾ : ਤੁਹਾਡੇ ਕੋਲ ਬੋਲਣ ਲਈ ਹੈ ਕੀ? (ਵਿਘਨ) (ਸ਼ੋਰ)

ਰਾਣਾ ਗੁਰਜੀਤ ਸਿੰਘ : ਬਰਦਾਸ਼ਤ ਤਾਂ ਕਰੋ। (ਵਿਘਨ) (ਸ਼ੋਰ) ਮੈਂ ਸਾਰੇ ਹਾਊਸ ਦੇ ਸਾਹਮਣੇ ਹੱਥ ਜੋੜਦਾ ਹਾਂ, ਇਸ ਬੰਦੇ ਦਾ ਮੂੰਹ ਬੰਦ ਕਰਵਾਓ। ਦੋ ਮਿੰਟ ਲਈ ਬੰਦ ਕਰਵਾ ਦਿਓ ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਕੀ ਇਹ ਜ਼ੀਰੋ ਆਵਰ ਹੈ ?

ਮਾਨਯੋਗ ਸਪੀਕਰ : ਰਾਣਾ ਜੀ, ਗੱਲ ਕਰੋ। (ਵਿਘਨ) (ਸ਼ੋਰ)

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਇਸ ਨੂੰ ਚੁੱਪ ਕਰਵਾਓ ।

ਮਾਨਯੋਗ ਸਪੀਕਰ : ਤੁਸੀਂ ਨਾਂ ਲਿਆ ਹੈ। ਇਸ ਲਈ ਉਹ ਪਰਸਨਲ ਐਕਸਪਲੇਨੇਸ਼ਨ ਦੇ ਰਹੇ ਹਨ।

Sardar Sukhpal Singh Khaira : Is this a burning issue?

ਮਾਨਯੋਗ ਸਪੀਕਰ : ਤੁਸੀਂ ਨਾਂ ਲਿਆ ਹੈ। ਜਿਸ ਦਾ ਨਾਂ ਲਿਆ ਹੈ, ਉਸ ਨੂੰ ਪਰਸਨਲ ਅਧਿਕਾਰ ਹੈ। (ਵਿਘਨ) ਐਕਸਪੰਜ ਹੋ ਗਿਆ ।

ਰਾਣਾ ਗੁਰਜੀਤ ਸਿੰਘ : ਮੈਂ ਇਨ੍ਹਾਂ ਦੇ ਪਿਤਾ ਨੂੰ ਕਿਹਾ ਕਿ ਮੈਂ ਯੂ.ਪੀ. ਤੋਂ ਆਇਆ ਹਾਂ। ਮੇਰੇ ਕੋਲ ਕੋਈ ਸਾਧਨ ਨਹੀਂ। ਮੇਰਾ ਕੋਈ ਨਹੀਂ। ਉਹ ਕਹਿਣ ਲੱਗੇ, ਮੈਂ ਹਾਂ। ਵੀ.ਪੀ. ਸਿੰਘ ਨਾਲ

** Expunged/not recorded as ordered by the Chair.

ਮੇਰੀ ਗੱਲਬਾਤ ਹੈ। ਗਵਰਨਰ ਨਾਲ ਮੇਰੀ ਗੱਲਬਾਤ ਹੈ। ਜੋ ਕੁਝ ਕਹੇਗਾ, ਉਹ ਕਰਵਾ ਦਿਆਂਗਾ। ਮੈਂ ਕਿਹਾ ਕਿ ਮੇਰਾ ਲਾਇਸੰਸ ਮਾਝੇ ਦਾ .....।

ਮਾਨਯੋਗ ਸਪੀਕਰ : ਜਿਸ ਦਾ ਵੀ ਨਾਂ ਲਿਆ ਹੈ ਇਹ ਐਕਸਪੰਜ ਹੋਵੇਗਾ।

ਰਾਣਾ ਗੁਰਜੀਤ ਸਿੰਘ : ਮੈਂ ਨਾਂ ਨਹੀਂ ਲੈਣਾ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਸਾਰਾ ਕੁਝ ਕਰਵਾ ਦਿਆਂਗਾ। ਜਦੋਂ ਮੈਂ ਤੁਰਨ ਲੱਗਾ, ਮੇਰੀ ਬਾਂਹ ਫੜ੍ਹ ਲਈ। ਮੈਨੂੰ ਕਹਿਣ ਲੱਗੇ, ਕਾਕਾ ਜੀ, ਇਸ ਵਿੱਚ ਮੇਰਾ ਹਿੱਸਾ ਰੱਖਣਾ ਪਵੇਗਾ ਤੇ ਬਗੈਰ ਪੈਸਿਆਂ ਦੇ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ** ** ** ** ।

Sardar Sukhpal Singh Khaira : ** **

ਮਾਨਯੋਗ ਸਪੀਕਰ : ਇਹ ਜੋ ਕੁਝ ਵੀ ਕਿਹਾ ਗਿਆ ਹੈ, ਇਹ ਸਾਰਾ ਐਕਸਪੰਜ ਕਰ ਦਿੱਤਾ ਜਾਵੇ ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਮੈਂ ਇਸ ਦੀਆਂ ** ** ਦੱਸਾਂ । ਪੰਜ ਸੈਕਟਰ ਦੀ ਕੋਠੀ ਤੇ ਇਸ ਨੇ ਕਬਜ਼ਾ ਕੀਤਾ ।

ਮਾਨਯੋਗ ਸਪੀਕਰ : ** ** ਸ਼ਬਦ ਵੀ ਐਕਸਪੰਜ ਕਰ ਦਿਓ ।

ਰਾਣਾ ਗੁਰਜੀਤ ਸਿੰਘ : ਸਪੀਕਰ ਸਾਹਿਬ, ਸੈਕਟਰ 9 ਦੀ ਕੋਠੀ ਇਸ ਨੇ ਲਈ। ਕੋਠੀ ਲੈ ਕੇ, ਮੁਨਾਫਾ ਮੇਰੇ ਤੋਂ ਲੈ ਕੇ ਬਿਆਨਾ ਮੇਰੇ ਨਾਮ ਕਰ ਦਿੱਤਾ, ਮੈਂ ਉਹ ਕੇਸ ਲੜਿਆ। ਬਾਅਦ ਵਿੱਚ ਮੇਰਾ ਸਮਝੌਤਾ ਹੋ ਗਿਆ। ਇਹ ਪਿਓ ਦਾ ਪੁੱਤ ਪੈਸੇ ਮੰਗਦਾ ਹੈ। (ਸ਼ੇਮ ਸ਼ੇਮ ਦੀਆਂ ਆਵਾਜ਼ਾਂ) ਪੈਸੇ ਮੰਗਦਾ ਹੈ। I lay on the table of the House....(Interruptions) .....

ਮਾਨਯੋਗ ਸਪੀਕਰ : ਚਲੋ, ਹੁਣ ਤੁਹਾਡੀ ਗੱਲ ਆ ਗਈ ...(ਵਿਘਨ)....

ਰਾਣਾ ਗੁਰਜੀਤ ਸਿੰਘ : ਤੂੰ (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ) ਮੇਰੇ ਨਾਲ ਗੱਲ ਕਰਦਾ ਹੈਂ ....(ਵਿਘਨ)....

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਰਾਣਾ ਗੁਰਜੀਤ ਸਿੰਘ ਅਤੇ ਲੀਡਰ ਆਫ ਦਿ ਆਪੋਜ਼ੀਸ਼ਨ ਸਰਦਾਰ ਸੁਖਪਾਲ ਸਿੰਘ ਖਹਿਰਾ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਮਾਨਯੋਗ ਸਪੀਕਰ : ਤੁਸੀਂ ਕਹਿ ਲਿਆ ਜੋ ਕਹਿਣਾ ਸੀ ....(ਵਿਘਨ).. ਸ੍ਰੀ ਕੰਵਰ ਸੰਧੂ ਬੋਲਣਗੇ, ਸ੍ਰੀ ਕੰਵਰ ਸੰਧੂ ...(ਵਿਘਨ)... ਐਕਸਪੰਜ ਹੋ ਗਿਆ, ਐਕਸਪੰਜਡ, ਐਕਸਪੰਜਡ। There will be no end ...(ਵਿਘਨ).... ਸ੍ਰੀ ਕੰਵਰ ਸੰਧੂ ਬੋਲਣਗੇ ...(ਵਿਘਨ)... ਪਲੀਜ਼ ਬੈਠੋ। ਸ੍ਰੀ ਕੰਵਰ ਸੰਧੂ।

ਸਰਦਾਰ ਸੁਖਪਾਲ ਸਿੰਘ ਖਹਿਰਾ : ** **

** ** Expunged as ordered by the Chair.

ਰਾਣਾ ਗੁਰਜੀਤ ਸਿੰਘ : ** **

ਮਾਨਯੋਗ ਸਪੀਕਰ : ਬੈਠੋ, ਬੈਠੋ, ਬੈਠੋ, ਬੈਠੋ। ਪਲੀਜ਼ ਬੈਠੋ। ....(ਵਿਘਨ)... ਸ੍ਰੀ ਕੰਵਰ ਸੰਧੂ। ਸੰਧੂ ਸਾਹਿਬ ਬੋਲੋ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। .. (ਵਿਘਨ)... ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਰਿਕਾਰਡ ਨਾ ਕੀਤਾ ਜਾਵੇ। ਕੰਵਰ ਸੰਧੂ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ ....

ਮਾਨਯੋਗ ਸਪੀਕਰ : ਤੁਸੀਂ ਬੋਲ ਲਏ ਹੋ। ਮਜੀਠੀਆ ਸਾਹਿਬ, ਕੰਵਰ ਸੰਧੂ ਨੂੰ ਬੋਲਣ ਦਿਓ ....(ਵਿਘਨ)... ਬੈਠੋ ਬੈਠੋ .....(ਵਿਘਨ).... ਸ੍ਰੀ ਕੰਵਰ ਸੰਧੂ, ਕੰਵਰ ਸੰਧੂ ਜੀ ਪਲੀਜ਼। .....(ਵਿਘਨ).... ਤੁਸੀਂ ਬੋਲ ਲਏ ਹੋ, ਇੱਕ ਇਸ਼ੂ ਚੁੱਕ ਲਿਆ। ਤੁਸੀਂ ਇੱਕ ਇਸ਼ੂ ਚੁੱਕ ਲਿਆ ਪਹਿਲਾਂ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ...(ਵਿਘਨ)...

ਮਾਨਯੋਗ ਸਪੀਕਰ : ਕੀ ਕਹਿਣਾ ਚਾਹ ਰਹੇ ਹੋ, ਦੱਸੋ। ਹੁਣ ਇਸ਼ੂ ਨਹੀਂ ਚੁੱਕ ਸਕਦੇ ਤੁਸੀਂ। ਦੱਸੋ ਮਜੀਠੀਆ ਜੀ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਰ, ਮੇਰੀ ਬੇਨਤੀ ਹੈ ਕਿ ਲੀਡਰ ਆਫ ਦਿ ਆਪੋਜੀਸ਼ਨ ਦਾ ਅਤੇ ਰਾਣਾ ਗੁਰਜੀਤ ਦਾ ਪਰਸਨਲ ਮਸਲਾ ਹੈ, ** ** ਇਥੇ ਹਾਊਸ ਦਾ ਟਾਈਮ ਨਾ ਬਰਬਾਦ ਕਰਨ।

ਮਾਨਯੋਗ ਸਪੀਕਰ : ਚਲੋ, ਕੰਵਰ ਸੰਧੂ ਸਾਹਿਬ ....(ਵਿਘਨ)... ਬੈਠੋ ਹੁਣ ਤੁਸੀਂ। ਚੱਲਣ ਦਿਓ ਅੱਗੇ। ** ** ਸ਼ਬਦ ਕੱਟ ਦਿਓ। ਨਵਜੋਤ ਸਿੱਧੂ।

CLARIFICATION BY LEADER OF THE OPPOSITION, SARDAR SUKHPAL SINGH KHAIRA *(Resumption)*

ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) : ਸਰ, ਜਦੋਂ ਹਾਊਸ ਸੈਸ਼ਨ ਵਿੱਚ ਹੋਵੇ, ਤੁਸੀਂ ਹਾਊਸ ਦੇ ਅੰਦਰ ਤਾਂ ਕਿਸੇ ਮੈਂਬਰ ਦੇ ਬਾਰੇ ਬੋਲ ਸਕਦੇ ਹੋ ਲੇਕਿਨ ਹਾਊਸ ਦੇ ਬਾਹਰ ਜਾ ਕੇ ਤੁਸੀਂ ਮੈਂਬਰਾਂ ਦੇ ਬਾਰੇ ਨਹੀਂ ਬੋਲ ਸਕਦੇ। ਇਨ੍ਹਾਂ ਤੇ (ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ) ਪ੍ਰਿਵਿਲੇਜ ਪਾਓ, ਸਰ, ਟਿਕਾ ਕੇ। ਬਿਲਕੁੱਲ ਗਲਤ ਗੱਲ ਕੀਤੀ ਹੈ ਇਨ੍ਹਾਂ ਨੇ। ਬਿਲਕੁੱਲ ਗਲਤ ਗੱਲ ਕੀਤੀ ਹੈ, ** ** ਮਜ਼ਾਲ ਹੈ ਇਸ ਦੀ ....(ਵਿਘਨ)....

** ** Not recorded/ Expunged as ordered by the Chair.

ਮਾਨਯੋਗ ਸਪੀਕਰ : ਕੰਵਰ ਸੰਧੂ, ਕੰਵਰ ਸੰਧੂ ...(ਵਿਘਨ)....

ਸਥਾਨਕ ਸਰਕਾਰ ਮੰਤਰੀ : ਇਹ ਬਿਲਕੁੱਲ ਗਲਤ ਹੈ। This is absolutely wrong.

ਮਾਨਯੋਗ ਸਪੀਕਰ : ਕੰਵਰ ਸੰਧੂ। ਤੁਸੀਂ ਬਹਿ ਜਾਓ ਹੁਣ। ਇਹ ਕਲੈਰੀਫਿਕੇਸ਼ਨ ਖਤਮ ਨਹੀਂ ਹੋਣੀ।

ਸਥਾਨਕ ਸਰਕਾਰ ਮੰਤਰੀ : ਕੱਲ੍ਹ ਸਾਨੂੰ ਕਹਿੰਦਾ ਸੀ ਟਾਈਮ ਵੇਸਟ ਕਰੀ ਜਾਂਦੇ ਹੋ, ਆਪਣੀ ਵਾਰੀ ਅਊਂ ਅਊਂ।

ਸਰਦਾਰ ਸੁਖਪਾਲ ਸਿੰਘ ਖਹਿਰਾ : ਮੈਂ ਕਲੈਰੀਫਾਈ ਕਰਨਾ ਚਾਹੁੰਦਾ ਹਾਂ ....(ਵਿਘਨ)....

ਮਾਨਯੋਗ ਸਪੀਕਰ : ਕੰਵਰ ਸੰਧੂ, ਕੰਵਰ ਸੰਧੂ ਬੋਲੋ ...(ਵਿਘਨ)... ਕੰਵਰ ਸੰਧੂ ਬੋਲੋ।

ਸਰਦਾਰ ਸੁਖਪਾਲ ਸਿੰਘ ਖਹਿਰਾ : ਮੈਂ ਕਹਿੰਦਾ ਹਾਂ ਮਿਨਟਸ ਕਢਵਾਓ ....(ਵਿਘਨ)...

ਮਾਨਯੋਗ ਸਪੀਕਰ : ਸ੍ਰੀ ਕੰਵਰ ਸੰਧੂ ... ਕੰਵਰ ਸੰਧੂ ਜੀ ...

ਸਥਾਨਕ ਸਰਕਾਰ ਮੰਤਰੀ : ਤੁਸੀਂ ਕਿਵੇਂ ਗੱਲ ਬਾਹਰ ਕੀਤੀ, ਤੁਸੀਂ ਹਾਊਸ ਵਿੱਚ ਬੋਲੋ ....(ਵਿਘਨ)...

ਮਾਨਯੋਗ ਸਪੀਕਰ : ਸ੍ਰੀ ਕੰਵਰ ਸੰਧੂ ਬੋਲਣਗੇ ....(ਵਿਘਨ) ..... ਸ੍ਰੀ ਕੰਵਰ ਸੰਧੂ, ਤੁਸੀਂ ਬੋਲੋ ਮੈਂ ਅੱਗੇ ਚੱਲਾਂ ਨਹੀਂ ਤਾਂ ....(ਵਿਘਨ)...

ਸ੍ਰੀ ਕੰਵਰ ਸੰਧੂ : ਕੀ ਕਰੀਏ ਜੀ, ਦੱਸੋ।

ਮਾਨਯੋਗ ਸਪੀਕਰ : ਮੈਂ ਕਾਲ ਅਟੈਨਸ਼ਨ ਲਵਾਂਗਾ।

Minister for Local Bodies : ** **

Sardar Sukhpal Singh Khaira : ** **

ਮਾਨਯੋਗ ਸਪੀਕਰ : ਮੈਂ ਅੱਗੇ ਕਾਲ ਅਟੈਨਸ਼ਨ ਲਵਾਂਗਾ ....(ਵਿਘਨ)... ਪਲੀਜ਼ ਬੈਠੋ। ਜੋ ਕੁਝ ਵੀ ਚੇਅਰ ਦੀ ਆਗਿਆ ਤੋਂ ਬਿਨਾਂ ਕਿਹਾ ਗਿਆ ਹੈ, ਉਹ ਸਾਰਾ ਐਕਸਪੰਜ ਹੋਏਗਾ। ਸ੍ਰੀ ਕੰਵਰ ਸੰਧੂ ਬੋਲਣਗੇ।

ਸ੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇੱਕ ਬਹੁਤ ਸੀਰੀਅਸ ਮਸਲਾ ਹੈ ....

** Expunged as ordered by the Chair.

ਰਾਣਾ ਗੁਰਜੀਤ ਸਿੰਘ : ** **

ਸਰਦਾਰ ਸੁਖਪਾਲ ਸਿੰਘ ਖਹਿਰਾ : ** **

ਮਾਨਯੋਗ ਸਪੀਕਰ : ਕੰਵਰ ਸੰਧੂ।

ਸ਼੍ਰੀ ਕੰਵਰ ਸੰਧੂ : ਸੁਖਪਾਲ ਜੀ, ਬਹਿ ਜਾਓ।

Mr. Speaker : Address the Chair...(ਵਿਘਨ).... ਕੰਵਰ ਸੰਧੂ ਜੀ, ਕੰਵਰ ਸੰਧੂ ਜੀ ....(ਵਿਘਨ)... ਸਿੱਧੂ ਸਾਹਿਬ, ਪਲੀਜ਼ ਬੈਠੋ ...(ਵਿਘਨ).....

ਸਥਾਨਕ ਸਰਕਾਰ ਮੰਤਰੀ : ਕਲੈਰੀਫਿਕੇਸ਼ਨ ਲਵੋ ਇਨ੍ਹਾਂ ਤੋਂ।

ਮਾਨਯੋਗ ਸਪੀਕਰ : ਕਿਸ ਦੀ ਕਲੈਰੀਫਿਕੇਸ਼ਨ ਲੈਣੀ ਹੈ? ...(ਵਿਘਨ)... ਇਹ ਮੈਂ ਇਨਕੁਆਇਰ ਕਰਨਾ ਹੈ ...(ਵਿਘਨ)... ਇਹ ਅਸੀਂ ਇਨਕੁਆਇਰ ਕਰਾਂਗੇ ....(ਵਿਘਨ)... ਦਿਓ ਜੀ, ਕਲੈਰੀਫਿਕੇਸ਼ਨ ਦਿਓ।

ਸਰਦਾਰ ਸੁਖਪਾਲ ਸਿੰਘ ਖਹਿਰਾ : ਸਪੀਕਰ ਸਾਹਿਬ, ਪਲੀਜ਼ ਸਾਰੇ ਮੈਂਬਰ ਠੰਡੇ ਦਿਮਾਗ ਨਾਲ ਸੁਣਨ। ਮੈਂ ਜੋ ਕੁਝ ਕੱਲ੍ਹ ਸਦਨ ਦੇ ਵਿੱਚ ਕਿਹਾ ਹੈ, ਇੱਕ ਇੱਕ ਸ਼ਬਦ ਦੇ ਉਤੇ ਕਾਇਮ ਹਾਂ। ਜੋ ਕੁਝ ਸਦਨ ਦੇ ਵਿੱਚ ਕੱਲ੍ਹ ਕਿਹਾ ਹੈ, ਇੱਕ ਇੱਕ ਸ਼ਬਦ ਦੇ ਉਤੇ ਕਾਇਮ ਹਾਂ। After the House finished, I never met any media person. Whatever reporting they have done, they have done on their own. I have not said anything. Is that clear, Speaker Sahib.

ਮਾਨਯੋਗ ਸਪੀਕਰ : ਬੈਠੋ ਹੁਣ। ...(ਵਿਘਨ)... ਕੰਵਰ ਸੰਧੂ ....ਕੰਵਰ ਸੰਧੂ

ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ : ਤੁਸੀਂ ਕਹਿ ਦਿਓ ਕਿ ਮੈਂ ਨਹੀਂ ਕਿਹਾ ਸੀ।

ਸਰਦਾਰ ਸੁਖਪਾਲ ਸਿੰਘ ਖਹਿਰਾ : ਮੈਂ ਜੋ ਅੰਦਰ ਕਿਹਾ ਹੈ, ਮੈਂ ਉਸ ਤੇ ਕਾਇਮ ਹਾਂ ....(ਵਿਘਨ)...

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇੱਕ ....(ਵਿਘਨ)...

ਮਾਨਯੋਗ ਸਪੀਕਰ : ਸ੍ਰੀ ਕੰਵਰ ਸੰਧੂ, ਤੁਸੀਂ ਬੋਲੋਗੇ? ਨਹੀਂ ਤਾਂ ਮੈਂ ਅੱਗੇ ਚੱਲ ਪੈਣਾ।

** Expunged as ordered by the Chair.

MATTERS RAISED DURING ZERO HOUR AND STATEMENT BY THE CHIEF MINISTER *(Resumption)*

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇੱਕ ਬਹੁਤ ਇੰਪਾਰਟੈਂਟ ਮਸਲਾ ਹੈ। ਇਹ ਐਨ.ਆਰ.ਆਈਜ਼ ਦੇ ਨਾਲ ਸਬੰਧਤ ਹੈ। ਸਪੀਕਰ ਸਾਹਿਬ, ਬਹੁਤ ਇੰਪਾਰਟੈਂਟ ਮਸਲਾ ਹੈ। ਇਹ ਐਨ.ਆਰ.ਆਈਜ਼ ਦੇ ਨਾਲ ਸਬੰਧਿਤ ਹੈ। ਸਰਕਾਰ ਲਗਾਤਾਰ ਕਹਿ ਰਹੀ ਹੈ ਕਿ ਅਸੀਂ ਐਨ.ਆਰ.ਆਈਜ਼ ਨੂੰ ਮਾਨ ਸਨਮਾਨ ਦੇਣਾ ਹੈ। ਉਨ੍ਹਾਂ ਵਾਸਤੇ ਓਂਬਡਸਮੈਨ ਬਣਾਉਣਾ ਹੈ। ਉਨ੍ਹਾਂ ਨੂੰ ਅਸੀਂ ਆਪਣੇ ਰੂਟਸ ਦੇ ਨਾਲ ਕੁਨੈਕਟ ਕਰਨਾ ਹੈ। ਸਪੀਕਰ ਸਾਹਿਬ, ਮੈਂ ਦੱਸਣਾ ਚਾਹੁੰਦਾ ਹਾਂ ....(ਵਿਘਨ)....

ਰਾਣਾ ਗੁਰਜੀਤ ਸਿੰਘ : ** **

ਮਾਨਯੋਗ ਸਪੀਕਰ : ਇਹ ਸ਼ਬਦ ਸਾਰੇ ਕੱਢ ਦਿਓ। ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਐਕਸਪੰਜ ਹੋਵੇ। ਪਲੀਜ਼ ਬੈਠੋ, ਰਾਣਾ ਜੀ। ਰਾਣਾ ਜੀ, ਬੈਠੋ। ਤੁਸੀਂ ਬੋਲੀ ਚੱਲੋ।

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ ....(ਵਿਘਨ).... ਇਸ ਨੂੰ (ਰਾਣਾ ਗੁਰਜੀਤ ਸਿੰਘ ਵੱਲ ਇਸ਼ਾਰਾ) ਚੁੱਪ ਕਰਵਾਓ, ਸਪੀਕਰ ਸਾਹਿਬ, ਹੱਦ ਹੋ ਗਈ। .....(ਵਿਘਨ)......

ਮਾਨਯੋਗ ਸਪੀਕਰ : ਚਲੋ ਬੋਲੋ ਜੀ।

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇੱਕ ਬਹੁਤ ਇੰਪਾਰਟੈਂਟ ਮਸਲਾ ਹੈ। (ਵਿਘਨ) (ਸ਼ੋਰ) ਸਪੀਕਰ ਸਾਹਿਬ, ਇੱਕ ਬਹੁਤ ਇੰਪਾਰਟੈਂਟ ਮਸਲਾ ਐਨ.ਆਰ.ਆਈਜ਼ ਨਾਲ ਸਬੰਧਤ ਹੈ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉਚੀ ਉਚੀ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ। ਚੇਅਰ ਦੀ ਆਗਿਆ ਅਨੁਸਾਰ ਉਨ੍ਹਾਂ ਦੀ ਸਟੇਟਮੈਂਟ ਨੂੰ ਰਿਕਾਰਡ ਨਹੀਂ ਕੀਤਾ ਗਿਆ।)

ਰਾਣਾ ਗੁਰਜੀਤ ਸਿੰਘ : ** **

ਮਾਨਯੋਗ ਸਪੀਕਰ : ਰਾਣਾ ਗੁਰਜੀਤ ਸਿੰਘ ਜੀ, ਤੁਸੀਂ ਬੈਠੋ। ਹਾਂ ਜੀ, ਕੰਵਰ ਸੰਧੂ ਜੀ, ਤੁਸੀਂ ਬੋਲੋ।

** Not recorded/Expunged as ordered by the Chair.

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇਕ ਬਹੁਤ ਇੰਪਾਰਟੈਂਟ ਮਸਲਾ ਹੈ। ਮੈਂ ਜਿਵੇਂ ਕਿਹਾ ਹੈ ਕਿ ਐਨ.ਆਰ.ਆਈਜ਼ ਵਾਸਤੇ ਸਰਕਾਰ ਲਗਾਤਾਰ ਸਕੀਮਾਂ ਲਿਆ ਰਹੀ ਹੈ ਲੇਕਿਨ ਜਦੋਂ ਐਨ.ਆਰ.ਆਈ. ਇਥੇ ਆਉਂਦੇ ਹਨ ...... (ਵਿਘਨ)....

ਮਾਨਯੋਗ ਸਪੀਕਰ : ਬੈਠੋ, ਬੈਠੋ, ਬੈਠੋ। ਹੁਣ ਬੈਠੋ। ਬੈਠੋ, ਬੈਠੋ। ਹੁਣ ਗੱਲ ਨੂੰ ਅੱਗੇ ਚੱਲਣ ਦਿਉ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉਚੀ ਉਚੀ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਗੱਲ ਨੂੰ ਅੱਗੇ ਚੱਲਣ ਦਿਉ। ਪਲੀਜ਼ ਹੁਣ ਬੈਠੋ। ਪਲੀਜ਼ ਬੈਠੋ, ਪਲੀਜ਼ ਬੈਠੋ । ਬੈਠੋ, ਬੈਠੋ, ਬੈਠੋ, ਪਲੀਜ਼ ਬੈਠੋ। ਹਾਂ ਜੀ, ਕੰਵਰ ਸੰਧੂ ਜੀ। ਪਲੀਜ਼ ਹੁਣ ਬੈਠੋ, ਗੱਲ ਹੋ ਗਈ ਹੈ। ਬੈਠੋ, ਬੈਠੋ। ਜ਼ੀਰੋ ਆਵਰ ਹੈ, ਜ਼ੀਰੋ ਆਵਰ ਵਿਚ ਏਡੀ ਵੱਡੀ ਗੱਲ ਨਹੀਂ ਹੁੰਦੀ ।

ਸਥਾਨਕ ਸਰਕਾਰ ਮੰਤਰੀ : ** **

ਸਰਦਾਰ ਬਿਕਰਮ ਸਿੰਘ ਮਜੀਠੀਆ : ** **

ਸਰਦਾਰ ਸੁਖਪਾਲ ਸਿੰਘ ਖਹਿਰਾ : ** **

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉਚੀ ਉਚੀ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਕੰਵਰ ਸੰਧੂ ਜੀ, ਤੁਸੀਂ ਬੋਲੋ।

ਸ਼੍ਰੀ ਕੰਵਰ ਸੰਧੂ : ਸਰ, ਇੰਨੇ ਸ਼ੋਰ ਵਿਚ ਮੈਂ ਕਿਵੇਂ ਬੋਲ ਸਕਦਾ ਹਾਂ? ਤੁਸੀਂ ਦੱਸੋ ਕਿ ਮੈਂ ਕਿਵੇਂ ਬੋਲ ਸਕਦਾ ਹਾਂ।

ਮਾਨਯੋਗ ਸਪੀਕਰ : ਤੁਸੀਂ ਬੋਲੋ।

ਸ਼੍ਰੀ ਕੰਵਰ ਸੰਧੂ : ਸਪੀਕਰ ਸਹਿਬ, ਪਹਿਲਾਂ ਇਨ੍ਹਾਂ ਨੂੰ ਚੁੱਪ ਤਾਂ ਕਰਵਾਉ।

ਮਾਨਯੋਗ ਸਪੀਕਰ : ਤੁਸੀਂ ਬੋਲੋਗੇ ਤਾਂ ਉਹ ਚੁੱਪ ਕਰਨਗੇ। (ਵਿਘਨ) (ਸ਼ੋਰ) ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਐਕਸਪੰਜ ਕੀਤਾ ਜਾਵੇ। ਬੈਠੋ, ਬੈਠੋ, ਪਲੀਜ਼ ਬੈਠੋ। ਰਾਣਾ ਗੁਰਮੀਤ ਸਿੰਘ ਸੋਢੀ ਜੀ। (ਵਿਘਨ) (ਸ਼ੋਰ)

** Expunged as ordered by the Chair.

ਮਾਨਯੋਗ ਸਪੀਕਰ : ਰਾਣਾ ਗੁਰਮੀਤ ਸਿੰਘ ਸੋਢੀ ਜੀ। ਸੰਧੂ ਸਾਹਿਬ, ਜ਼ਰਾ ਬੈਠੋ।

ਸ੍ਰੀ ਕੰਵਰ ਸੰਧੂ : ਪਹਿਲਾਂ ਮੇਰੀ ਗੱਲ ਸੁਣਨੀ ਹੈ।

ਮਾਨਯੋਗ ਸਪੀਕਰ : ਤੁਸੀਂ ਬੋਲਣਾ ਹੀ ਨਹੀਂ, ਤੁਸੀਂ ਬੋਲਣਾ ਹੀ ਨਹੀਂ। ਰਾਣਾ ਗੁਰਮੀਤ ਸਿੰਘ ਸੋਢੀ। ਰਾਣਾ ਗੁਰਮੀਤ ਸਿੰਘ ਸੋਢੀ। (ਵਿਘਨ) (ਸ਼ੋਰ) ਮੈਨੂੰ ਹੁਣ ਉਨ੍ਹਾਂ ਦੀ ਗੱਲ ਸੁਣ ਲੈਣ ਦਿਉ। ਜਰਾ ਸ਼ੋਰ ਨੂੰ ਖਤਮ ਕਰ ਲੈਣ ਦਿਉ।

ਰਾਣਾ ਗੁਰਮੀਤ ਸਿੰਘ ਸੋਢੀ : ਸੰਧੂ ਸਾਹਿਬ, ਪਲੀਜ਼ ਇੱਕ ਮਿੰਟ ਬੈਠ ਜਾਉ। For God's sake now it is my turn.

ਸ੍ਰੀ ਕੰਵਰ ਸੰਧੂ: ਤੁਹਾਡੀ ਟਰਨ ਕਿਵੇਂ ਆ ਗਈ? ਮੈਂ ਪਹਿਲਾਂ ਖੜ੍ਹਾ ਹਾਂ।

Rana Gurmit Singh Sodhi : Speaker has given me the opportunity to speak.

ਮਾਨਯੋਗ ਸਪੀਕਰ : ਉਹ ਬਹੁਤ ਦੇਰ ਦੇ ਖੜ੍ਹੇ ਸੀ, ਹੁਣ ਉਨ੍ਹਾਂ ਨੂੰ ਸੁਣ ਲਵੋ। ਤੁਸੀਂ ਪਲੀਜ਼ ਬੈਠੋ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਆਪੋਜ਼ੀਸ਼ਨ ਲੀਡਰ, ਸਰਦਾਰ ਸੁਖਪਾਲ ਸਿੰਘ ਖਹਿਰਾ ਜੀ ਨੇ ਕੱਲ੍ਹ ਇਹ ਬਿਆਨ ਦਿੱਤੇ ਹਨ ਕਿ ਕਾਂਗਰਸ ਪਾਰਟੀ ਦੇ ਸਾਰੇ ਐਮ.ਐਲ.ਏ. ਜਿਹੜੇ ਹਨ, ਉਹ ਰੇਤੇ ਦੇ ਬਿਜ਼ਨਸ ਵਿੱਚ ਇਲਲੀਗਲੀ ਇਨਵਾਲਵਡ ਹਨ। ਮੈਂ ਪੁੱਛਣਾ ਚਾਹੁੰਦਾ ਹਾਂ ਕਿ.. (ਵਿਘਨ) ਮੇਰੀ ਇੱਕ ਮਿੰਟ ਗੱਲ ਸੁਣ ਲਵੋ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਤੇ ਆਪੋਜ਼ੀਸ਼ਨ ਬੈਂਚਿਜ਼ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉਚੀ ਉਚੀ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਰਾਣਾ ਗੁਰਮੀਤ ਸਿੰਘ ਸੋਢੀ : ਮੈਂ ਪੁੱਛਣਾ ਚਾਹੁੰਦਾ ਹਾਂ ਕਿ ..

ਸਰਦਾਰ ਸਿਮਰਜੀਤ ਸਿੰਘ ਬੈਂਸ : ** **

** Not recorded as ordered by the Chair.

ਮਾਨਯੋਗ ਸਪੀਕਰ : ਜੋ ਕੁਝ ਵੀ ਚੇਅਰ ਦੀ ਇਜਾਜ਼ਤ ਤੋਂ ਬਿਨਾਂ ਕਿਹਾ ਗਿਆ ਹੈ, ਉਹ ਦਰਜ ਨਾ ਕੀਤਾ ਜਾਵੇ।

ਰਾਣਾ ਗੁਰਮੀਤ ਸਿੰਘ ਸੋਢੀ : ਸਪੀਕਰ ਸਾਹਿਬ, ਇਹ ਗੈਰ-ਜ਼ਿੰਮੇਵਾਰਾਨਾ ਸਟੇਟਮੈਂਟ ਆਪੋਜ਼ੀਸ਼ਨ ਦੇ ਲੀਡਰ ਨੇ ਦਿੱਤੀ ਹੈ (ਵਿਘਨ) (ਸ਼ੋਰ) ਮੈਂ ਪੁੱਛਣਾ ਚਾਹੁੰਦਾ ਕਿ ਇਨ੍ਹਾਂ ਨੇ ਜੋ ਗੈਰ-ਜ਼ਿੰਮੇਵਰਾਨਾ ਸਟੇਟਮੈਂਟ ਦਿੱਤੀ ਹੈ...

ਮਾਨਯੋਗ ਸਪੀਕਰ : ਇਹ ਗੱਲ ਪਹਿਲਾਂ ਹੋ ਚੁੱਕੀ ਹੈ। (ਵਿਘਨ) (ਸ਼ੋਰ) ਇਹ ਗੱਲ ਪਹਿਲਾਂ ਹੋ ਚੁੱਕੀ ਹੈ। (ਵਿਘਨ) (ਸ਼ੋਰ) ਜਿਹੜੀ ਗੱਲ ਤੁਸੀਂ ਕੀਤੀ ਹੈ, ਇਹ ਗੱਲ ਪਹਿਲਾਂ ਹੋ ਚੁੱਕੀ ਹੈ। (ਵਿਘਨ) (ਸ਼ੋਰ)

ਰਾਣਾ ਗੁਰਮੀਤ ਸਿੰਘ ਸੋਢੀ : ਮੈਂ ਚਾਹਾਂਗਾ ਕਿ ਜੇ ਇਨ੍ਹਾਂ ਦੀ ਸਟੇਟਮੈਂਟ ਵਿਚ ਅਸਲੀਅਤ ਹੈ, ਇੱਕ ਮਿੰਟ, ਜੇ ਇਨ੍ਹਾਂ ਦੀ ਸਟੇਟਮੈਂਟ ਵਿੱਚ ਅਸਲੀਅਤ ਹੈ ...

ਮਾਨਯੋਗ ਸਪੀਕਰ : ਇਹ ਗੱਲ ਹੋ ਚੁੱਕੀ ਹੈ। ਇਹ ਗੱਲ ਹੋ ਚੁੱਕੀ ਹੈ (ਵਿਘਨ) (ਸ਼ੋਰ)

ਰਾਣਾ ਗੁਰਮੀਤ ਸਿੰਘ ਸੋਢੀ : ਜੇ ਇਨ੍ਹਾਂ ਦੀ ਸਟੇਟਮੈਂਟ ਵਿਚ ਅਸਲੀਅਤ ਹੈ ਤਾਂ ਇਨ੍ਹਾਂ ਦੇ ਖਿਲਾਫ ਪ੍ਰਿਵਿਲੇਜ਼ ਮੋਸ਼ਨ ਲਿਆਂਦਾ ਜਾਵੇਗਾ, ਇਨ੍ਹਾਂ ਦੇ ਖਿਲਾਫ ਪ੍ਰਿਵਿਲੇਜ਼ ਮੋਸ਼ਨ ਲਿਆਂਦਾ ਜਾਵੇਗਾ।

ਮਾਨਯੋਗ ਸਪੀਕਰ : ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਖੜ੍ਹੇ ਹਨ। ਤੁਸੀਂ ਸਾਰੇ ਬੈਠੋ, ਪਲੀਜ਼।

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਇਹ ਅਖਬਾਰ ਦੀ ਖਬਰ ਹੈ, ਇਸ ਵਿੱਚ ਹੈੱਡ ਲਾਈਨ ਹੈ (ਅਖਬਾਰ ਦਿਖਾਉਂਦੇ ਹੋਏ), Every ruling party MLA is facing charges of illegal mining.

(ਇਸ ਸਮੇਂ ਰੂਲਿੰਗ ਪਾਰਟੀ ਤੇ ਆਪੋਜ਼ੀਸ਼ਨ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਉਚੀ ਉਚੀ ਬੋਲ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ** ਨਾਅਰੇ ਲਗਾਏ ਜਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਬੈਠੋ, ਬੈਠੋ।

**Not recorded as ordered by the Chair.

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਇਨ੍ਹਾਂ ਦੀ ਅਖਬਾਰ ਦੀ ਸਟੇਟਮੈਂਟ ਹੈ, ਉਸ ਸਬੰਧ ਵਿੱਚ ਹਾਊਸ ਦੀ ਕੱਲ੍ਹ ਦੀ ਪ੍ਰੋਸੀਡਿੰਗਜ਼ ਕਢਵਾ ਲਵੋ ਜੇਕਰ ਉਹ ਓਵਰਆਲ ਟੈਲੀ ਨਹੀਂ ਕਰਦੀ ਹੈ ਤਾਂ ਇਮੀਜੀਏਟਲੀ ਐਕਸ਼ਨ ਲਵੋ..

ਮਾਨਯੋਗ ਸਪੀਕਰ : ਇਹ ਗੱਲ ਪਹਿਲਾਂ ਹੋ ਚੁੱਕੀ ਹੈ। (ਵਿਘਨ) (ਸ਼ੋਰ) ਇਹ ਗੱਲ ਪਹਿਲਾਂ ਹੋ ਚੁੱਕੀ ਹੈ, ਪਹਿਲਾਂ ਹੋ ਚੁੱਕੀ ਹੈ।

Parliamentary Affairs Minister : How will you settle this? ਨਹੀਂ ਜੀ, ਨਹੀਂ ਜੀ, ਇਹ ਅਖਬਾਰ ਮੈਂ ਤੁਹਾਡੇ ਕੋਲ ਭੇਜਦਾ ਹਾਂ ਔਰ ਤੁਸੀਂ ਇਸ ਨੂੰ ਐਗਜ਼ਾਮਿਨ ਕਰੋ ਔਰ ਇਸ ਉਤੇ ਆਪਣੀ ਰੂਲਿੰਗ ਦਿਉ।

Mr. Speaker : We will examine it. we will definitely examine it.

ਸੰਸਦੀ ਮਾਮਲੇ ਮੰਤਰੀ : ਸਪੀਕਰ ਸਾਹਿਬ, 15 ਮਿੰਟ ਬਾਅਦ ਇਸ ਉਤੇ ਤੁਹਾਡੀ ਰੂਲਿੰਗ ਆਉਣੀ ਚਾਹੀਦੀ ਹੈ।

Mr. Speaker : I have already stated. we will exmine it. ਹਾਂ ਜੀ, ਕੰਵਰ ਸੰਧੂ ਜੀ, ਕੰਵਰ ਸੰਧੂ ਜੀ।

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਪਲੀਜ਼ ਬੈਠੋ।

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਬੜੇ ਅਫਸੋਸ ਦੀ ਗੱਲ ਹੈ ਕਿ ਜੇ ਕੋਈ ਅਰਾਮ ਨਾਲ ਗੱਲ ਕਰਦਾ ਹੈ ਤਾਂ ਉਸ ਦੀ ਗੱਲ ਸੁਣੀ ਨਹੀਂ ਜਾਂਦੀ ਅਤੇ ਜਿਹੜੇ ਆਫ ਦਿ ਰਿਕਾਰਡ ਗੱਲ ਕਰਦੇ ਹਨ, ਉਨ੍ਹਾਂ ਨੂੰ ਲਗਾਤਾਰ ਟਾਈਮ ਦਿੱਤਾ ਜਾ ਰਿਹਾ ਹੈ। ਤੁਸੀਂ ਦੇਖੋ ਕਿ ਪਿਛਲੇ 15 ਮਿੰਟ ਤੋਂ ਕੀ ਹੋ ਰਿਹਾ ਹੈ। ਤੁਸੀਂ ਮੈਨੂੰ ਹਰ ਵਾਰੀ ਖੜ੍ਹੇ ਹੋਣ ਵਾਸਤੇ ਕਿਹਾ...(ਵਿਘਨ, ਸ਼ੋਰ) ਫਿਰ ਜ਼ੀਰੋ ਆਵਰ ਦਾ ਕੀ ਫਾਇਦਾ ....

ਮਾਨਯੋਗ ਸਪੀਕਰ : ਸਾਰੇ ਜਣੇ ਬੈਠੋ। ਸੰਧੂ ਸਾਹਿਬ, ਤੁਸੀਂ ਆਪਣੀ ਗੱਲ ਕਰੋ। (ਵਿਘਨ, ਸ਼ੋਰ) ਪਲੀਜ਼ ਸਾਰੇ ਬੈਠੋ।

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਪਹਿਲਾਂ ਇਨ੍ਹਾਂ ਨੂੰ ਚੁੱਪ ਕਰਵਾ ਲਓ। ਮੈਂ ਫੇਰ ਬੋਲਾਂਗਾ।

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਸਰਦਾਰ ਸਿਮਰਜੀਤ ਸਿੰਘ ਬੈਂਸ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮਾਨਯੋਗ ਸਪੀਕਰ : ਪਲੀਜ਼ ਬੈਠੋ। ਜੋ ਕੁਝ ਵੀ ਚੇਅਰ ਦੀ ਇਜ਼ਾਜਤ ਤੋਂ ਬਿਨਾ ਕਿਹਾ ਜਾ ਰਿਹਾ ਹੈ, ਉਹ ਦਰਜ ਨਾ ਕੀਤਾ ਜਾਵੇ। ਸੰਧੂ ਸਾਹਿਬ, ਬੋਲੋ। (ਵਿਘਨ, ਸ਼ੋਰ)

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇਨ੍ਹਾਂ ਨੂੰ ਚੁੱਪ ਕਰਵਾਓ। ਇੰਨੇ ਰੌਲੇ ਵਿੱਚ ਕੋਈ ਕਿਵੇਂ ਬੋਲ ਸਕਦਾ ਹੈ? ਇਹ ਕੋਈ ਮੱਛੀ ਮਾਰਕੀਟ ਥੋੜ੍ਹਾ ਹੈ। ਸਾਡੀ ਗੱਲ ਕਿਵੇਂ ਸੁਣੀ ਜਾਵੇਗੀ। ਮੇਰਾ ਇੰਨਾ ਇੰਪਾਰਟੈਂਟ ਮਸਲਾ ਹੈ। ਮੈਂ ਐਨ.ਆਰ.ਆਈਜ਼ ਦਾ ਮਸਲਾ ਰੇਜ਼ ਕਰਨਾ ਸੀ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਕਰੋ।

ਸ਼੍ਰੀ ਕੰਵਰ ਸੰਧੂ : ਮੈਂ ਇਹ ਕਹਿ ਰਿਹਾ ਸੀ ਕਿ ਸਰਕਾਰ ਕਹਿੰਦੀ ਹੈ ਕਿ ਐਨ.ਆਰ.ਆਈਜ਼ ਇੱਥੇ ਆਉਣ ਅਤੇ ਆਪਣੀਆਂ ਜੜ੍ਹਾਂ ਨਾਲ ਜੁੜਨ। ਸਰਕਾਰ ਵੱਲੋਂ Connect with Your Roots programme ਲਿਆਂਦਾ ਗਿਆ ਹੈ ਪਰ ਜਿਹੜੇ ਐਨ.ਆਰ.ਆਈਜ਼ ਇੱਥੇ ਆਉਂਦੇ ਹਨ, ਉਨ੍ਹਾਂ ਨੂੰ ਹਰਾਸ ਕੀਤਾ ਜਾਂਦਾ ਹੈ। ਉਨ੍ਹਾਂ ਤੇ ਝੂਠੇ ਕੇਸ ਦਰਜ ਕੀਤੇ ਜਾਂਦੇ ਹਨ। ਮੈਂ ਸਪੀਕਰ ਸਾਹਿਬ, ਇਸ ਦੀ ਇਕ ਉਦਾਹਰਣ ਦੇਣਾ ਚਾਹੁੰਦਾ ਹਾਂ। ਦੋ ਐਨ.ਆਰ.ਆਈ. ਜਸਬੀਰ ਸਿੰਘ ਸੱਜਣ ਅਤੇ ਸੰਦੀਪ ਸੱਜਣ, ਹੁਸ਼ਿਆਰਪੁਰ ਜ਼ਿਲ੍ਹੇ ਦੇ ਸੱਜਣ ਪਿੰਡ ਦੇ ਹਨ, ਉਹ ਆਪਣੇ ਪਿਤਾ ਜੀ ਸਰਦਾਰ ਬਲਦੇਵ ਸਿੰਘ ਦੇ ਭੋਗ ਤੇ ਇੱਥੇ ਆਏ, ਉਨ੍ਹਾਂ ਦੇ ਪਰਿਵਾਰ ਦਾ ਜ਼ਮੀਨ ਸਬੰਧੀ ਕੋਈ ਝਗੜਾ ਸੀ ਅਤੇ ਉਸ ਸਬੰਧੀ ਕੇਸ ਸਿਵਲ ਕੋਰਟ ਵਿੱਚ ਚੱਲ ਰਿਹਾ ਹੈ। ਦੋਹਾਂ ਤੇ ਹਮਲਾ ਕੀਤਾ ਗਿਆ ਅਤੇ ਜਿਸ ਨੇ ਹਮਲਾ ਕੀਤਾ, ਉਸ ਦੇ ਖਿਲਾਫ ਕੇਸ ਦਰਜ ਕਰਨ ਦੀ ਬਜਾਏ ਇਨ੍ਹਾਂ ਦੋਹਾਂ ਨੂੰ ਅੰਦਰ ਕਰ ਦਿੱਤਾ ਗਿਆ। ਅਫਸੋਸ ਦੀ ਗੱਲ ਹੈ ਅਤੇ ਐਨ.ਆਰ.ਆਈਜ਼ ਵਿੱਚ ਇਸ ਦਾ ਰੋਸ ਹੈ। ਸਾਨੂੰ ਲਗਾਤਾਰ ਮੈਸੇਜ਼ ਆ ਰਹੇ ਹਨ, ਅਮਰਜੀਤ ਸਿੰਘ ਔਲਖ, ਪ੍ਰੈਜ਼ੀਡੈਂਟ ਇੰਡੀਅਨ ਓਵਰਸੀਜ਼ ਕਾਂਗਰਸ ਵਲੋਂ ਅਤੇ ਹੋਰ ਵੀ ਕਈਆਂ ਵਲੋਂ ਸਾਨੂੰ ਇਸ ਮਾਮਲੇ ਸਬੰਧੀ 10 ਈ-ਮੇਲਜ਼ ਆਈਆਂ ਹਨ। ਇਹ ਬਹੁਤ ਅਫਸੋਸ ਦੀ ਗੱਲ ਹੈ ਕਿ ਜਿਹੜਾ ਐਨ.ਆਰ.ਆਈ. ਇੱਥੇ ਆਉਂਦਾ ਹੈ, ਉਸ ਨੂੰ ਫੜ੍ਹ ਕੇ ਅੰਦਰ ਕਰ ਦਿੱਤਾ ਜਾਂਦਾ ਹੈ। ਮੈਂ ਚੀਫ ਮਨਿਸਟਰ ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਇੱਥੇ ਦੱਸਣ ਕਿ ਇਸ ਕੇਸ ਦੀ ਇਨਕੁਆਇਰੀ ਕਰਵਾਉਣਗੇ ਕਿਉਂਕਿ ਬੇਗੁਨਾਹ ਬੰਦਿਆਂ ਨੂੰ ਫੜ੍ਹ ਕੇ ਅੰਦਰ ਕਰ ਦਿੱਤਾ ਗਿਆ।

ਮੁੱਖ ਮੰਤਰੀ (ਕੈਪਟਨ ਅਮਰਿੰਦਰ ਸਿੰਘ) : ਇਹ ਜਿਹੜਾ ਇਸ਼ੂ ਹੈ, to make this one issue into national issue or for the whole of Punjab is not right. ਅਦਰਵਾਈਜ਼ ਜਿਹੜੀ ਐਨ.ਆਰ.ਆਈਜ਼ ਦੀ ਪ੍ਰਾਬਲਮ ਹੈ, if anything has happened, I will ask the DGP to enquire into it. ਮੈਂ ਜਦੋਂ ਗਵਰਨਰ ਐਡਰੈਸ ਤੇ ਬੋਲਾਂਗਾ ਤਾਂ I am going to raise issues of NRIs.

Mr. Speaker : Thank you. ਨੈਕਸਟ ਆਈਟਮ, ਕਾਲ ਅਟੈਂਸ਼ਨ ਨੋਟਿਸ, ਸ਼੍ਰੀ ਅਮਨ ਅਰੋੜਾ। (ਵਿਘਨ, ਸ਼ੋਰ) ਸੀ.ਐਮ. ਸਾਹਿਬ ਨੇ ਬੋਲਣਾ ਹੈ, ਇਸ ਕਰਕੇ ਪਲੀਜ਼ ਬੈਠੋ।

(ਇਸ ਸਮੇਂ ਲੋਕ ਇਨਸਾਫ਼ ਪਾਰਟੀ ਦੇ ਮੈਂਬਰ ਸਰਦਾਰ ਸਿਮਰਜੀਤ ਸਿੰਘ ਬੈਂਸ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਬਹੁਤ ਸਾਰੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) : ਸਪੀਕਰ ਸਾਹਿਬ, ਇਹ ਸਾਰੇ ਕਾਂਗਰਸੀਆਂ ਨੂੰ ** ਕਹਿੰਦਾ ਹੈ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਰੰਧਾਵਾ ਸਾਹਿਬ, ਤੁਸੀਂ ਬੋਲੋ। ਬਾਕੀ ਸਾਰੇ ਬੈਠ ਜਾਓ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਸਪੀਕਰ ਸਾਹਿਬ, ਮਾਨਯੋਗ ਮੈਂਬਰ ਸਾਹਿਬ ਲੋਕ ਇਨਸਾਫ ਪਾਰਟੀ ਨੇ ਹੁਣੇ ਕਿਹਾ ਹੈ ਕਿ ਇਹ ** ਹਨ। ਚਾਰ ਦਿਨ ਪਹਿਲਾਂ ਲੁਧਿਆਣੇ ਵਿਚੋਂ 40 ਗ੍ਰਾਮ ਹੈਰੋਇਨ ਫੜ੍ਹੀ ਗਈ ਅਤੇ ਉਹ ਕੈਂਡੀਡੇਟ ਇਨ੍ਹਾਂ ਦੀ ਪਾਰਟੀ ਦਾ ਸੀ। ਉਸ ਦਾ ਨਾਂ ਰਵਿੰਦਰ ਸਿੰਘ ਸੋਨੂੰ ਹੈ, ਬੈਂਸ ਸਾਹਿਬ ਆਪ ਕਹਿ ਦੇਣ ਕਿ ਇਹ ਬੰਦਾ ਉਨ੍ਹਾਂ ਦਾ ਨਹੀਂ ਹੈ। ਮੈਂ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਇਹ ਕੇਸ ਐਸ.ਟੀ.ਐਫ. ਨੂੰ ਦੇ ਕੇ ਇਸ ਦੀ ਇਨਕੁਆਇਰੀ ਕਰਵਾਓ। ਉਸ ਵਿਚੋਂ ਇਹ ਦੋਸ਼ੀ ਨਿਕਲੇਗਾ...(ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ) (ਸ਼ੋਰ) ਖਹਿਰਾ ਸਾਹਿਬ, ਬੈਠ ਜਾਓ।

ਸਰਦਾਰ ਸੁਖਪਾਲ ਸਿੰਘ ਖਹਿਰਾ : ਜਿਹੜਾ ਵਿਸਲ ਬਲੋਅਰ ਹੁੰਦਾ ਹੈ, ਤੁਸੀਂ ਉਸ ਨੂੰ ਟਾਰਗੈਟ ਕਰਦੇ ਹੋ। ਤੁਸੀਂ ਗਰੀਬ ਬੰਦਿਆਂ ਨੂੰ ਫੜਿਆ ਹੈ, ਬੇਗੁਨਾਹ ਬੰਦਿਆਂ ਨੂੰ ਫੜਿਆ ਹੈ। ਤੁਸੀਂ ਸਮਾਂ ਜਾਇਆ ਕਰ ਰਹੇ ਹੋ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਮੈਂ ਤੁਹਾਨੂੰ ਅਖਬਾਰਾਂ ਭੇਜ ਦੇਵਾਂਗਾ। ਹਰ ਚੀਜ਼ ਨੂੰ ਤੁਸੀਂ ਡਿਫੈਂਡ ਨਹੀਂ ਕਰ ਸਕਦੇ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਉਨ੍ਹਾਂ ਨੂੰ ਬੋਲਣ ਦਿਓ।

ਸਰਦਾਰ ਸੁਖਪਾਲ ਸਿੰਘ ਖਹਿਰਾ : ਰੰਧਾਵਾ ਜੀ, ਤੁਸੀਂ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੇ ਹੋ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਮੈਂ ਤੁਹਾਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ....(ਵਿਘਨ, ਸ਼ੋਰ) ਆਵਾਜ਼ ਤਹਿਸੀਲਦਾਰ ਨੂੰ ਕੁੱਟਣ ਨਾਲ ਨਹੀਂ ਬਣਦੀ। ਆਵਾਜ਼ ਨਸ਼ਿਆਂ ਨਾਲ ਨਹੀਂ ਬਣਦੀ। ਆਵਾਜ਼ ਇਮਾਨਦਾਰੀ ਨਾਲ ਬਣਦੀ ਹੈ। (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਬਾਕੀ ਬੈਠ ਜਾਓ।

** Expunged as ordered by the Chair.

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ, ਸਥਾਨਕ ਸਰਕਾਰ ਮੰਤਰੀ ਅਤੇ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸਦਨ ਵਿਚ ਬਹੁਤ ਸ਼ੋਰ ਸੀ।)

ਸਰਦਾਰ ਸੁਖਪਾਲ ਸਿੰਘ ਖਹਿਰਾ : ਭ੍ਰਿਸ਼ਟਾਚਾਰ ਖਿਲਾਫ ਆਵਾਜ਼ ਉਠਾਈ ਹੈ (ਵਿਘਨ) ਨਸ਼ੇ ਵੇਚਣ ਖਿਲਾਫ ਆਵਾਜ਼ ਉਠਾਈ ਹੈ...(ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਬਾਕੀ ਬੈਠ ਜਾਵੋ ਜੀ। ਰਾਣਾ ਜੀ, ਬੈਠੋ। ਨਾਭਾ ਜੀ, ਬੈਠੋ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਸਪੀਕਰ ਸਾਹਿਬ, ਜਿਹੜੇ ਆਪੋਜ਼ੀਸ਼ਨ ਦੇ ਲੀਡਰ ਹਨ, ਇਨ੍ਹਾਂ ਨੇ ਤਾਂ ਇਹ ਕਰ ਲਿਆ ਕਿ ਇਹ ਵਿਧਾਨ ਸਭਾ ਮੈਂ ਹੀ ਖੜ੍ਹੀ ਕੀਤੀ ਹੈ, ਹੋਰ ਕੋਈ ਨਹੀਂ ਖੜ੍ਹੀ ਕਰ ਸਕਦਾ। ਇਨ੍ਹਾਂ ਨੂੰ ਆਪਣਾ ਇਹ ਭੁਲੇਖਾ ਕੱਢ ਦੇਣਾ ਚਾਹੀਦਾ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਅਮਨ ਅਰੋੜਾ ਜੀ।

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਇਕ ਮਿੰਟ ਜੀ, ਮੈਨੂੰ ਗੱਲ ਪੂਰੀ ਕਰ ਲੈਣ ਦਿਓ।

ਮਾਨਯੋਗ ਸਪੀਕਰ : ਮੈਂ ਕਾਲ ਅਟੈਨਸ਼ਨ ਲੈਣੀ ਹੈ ਜੀ। ਮੈਂ ਅੱਗੇ ਚੱਲਣਾ ਹੈ।(ਵਿਘਨ) (ਸ਼ੋਰ)

ਸਰਦਾਰ ਸੁਖਜਿੰਦਰ ਸਿੰਘ ਰੰਧਾਵਾ : ਰਾਣਾ ਜੀ ਨੇ ਕਿਹਾ ਕਿ ਸੌਦਾ ਹੋਇਆ। ਰਾਣਾ ਜੀ, ਕੱਲ੍ਹ ਉਸ ਸੌਦੇ ਬਾਰੇ ਮਾਮਲਾ ਹਾਊਸ ਵਿਚ ਲਿਆ ਕੇ ਦੱਸ ਦਿਉ ਕਿ ਉਹ ਕਿਸਦਾ ਹੋਇਆ ਹੈ।

ਮਾਨਯੋਗ ਸਪੀਕਰ : ਬੈਠੋ, ਬੈਠੋ। ਹੁਣ ਬੈਠੋ ਜੀ। ਸ਼੍ਰੀ ਅਮਨ ਅਰੋੜਾ ਜੀ, ਆਪਣੀ ਗੱਲ ਕਰੋ। (ਵਿਘਨ) (ਸ਼ੋਰ) ਕਾਲ ਅਟੈਂਨਸ਼ਨ ਪੇਸ਼ ਕਰੋ।

Shri Aman Arora : Thank you, Speaker Sahib. ਸਪੀਕਰ ਸਾਹਿਬ, ਮੈਂ ਗੱਲ ਸ਼ੁਰੂ ਕਰਨ ਤੋਂ ਪਹਿਲਾਂ ਤੁਹਾਡਾ ਇਕ ਮਿੰਟ ਲਵਾਂਗਾ ਜੀ। ਮੈਂ ਕੱਲ੍ਹ ਵਟਸਐਪ ਤੇ ਤਕਰੀਬਨ ਦੋ-ਢਾਈ ਮਿੰਟ ਦੀ ਇਕ ਵੀਡੀਉ ਦੇਖੀ, ਜਿਸ ਦੇ ਵਿਚ ਇਕ ਪਿੰਡ ਵਿਚ ਸਾਰੇ ਬੰਦੇ, ਜ਼ਨਾਨੀਆਂ ਅਤੇ ਬੱਚੇ ਇਕ ਦੂਜੇ ਉਪਰ ਵੱਟੇ ਮਾਰ ਰਹੇ ਸੀ ਅਤੇ ਉਸ ਦੇ ਨੀਚੇ ਲਿਖਿਆ ਹੋਇਆ ਸੀ, ਸਾਰਾ ਪਿੰਡ ਗੈਂਗਸਟਰਾਂ ਦਾ। ਸਪੀਕਰ ਸਾਹਿਬ, ਜੇਕਰ ਉਹ ਅੱਜ ਆਪਣੇ ਹਾਊਸ ਦੀ ਪ੍ਰੋਸੀਡਿੰਗ ਦੇਖ ਲੈਣ ਤਾਂ ਮੇਰਾ ਖਿਆਲ ਹੈ ਕਿ ਆਪਾਂ ਸਾਰੇ ** **, ਜੋ ਅੱਜ ਇਥੇ ਚੱਲ ਰਿਹਾ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਤੁਸੀਂ ਆਪਣੀ ਕਾਲ ਅਟੈਨਸ਼ਨ ਦੀ ਗੱਲ ਕਰੋ। (ਵਿਘਨ) ਅਮਨ ਜੀ, ਕਾਲ ਅਟੈਨਸ਼ਨ ਦੀ ਗੱਲ ਕਰੋ।

** Expunged as ordered by the Chair.

ਸ਼੍ਰੀ ਅਮਨ ਅਰੋੜਾ : ਮੈਂ ਕਾਲ ਅਟੈਨਸ਼ਨ ਤੇ ਹੀ ਆ ਰਿਹਾ ਹਾਂ ਜੀ।

ਮਾਨਯੋਗ ਸਪੀਕਰ : ਨਹੀਂ ਜੀ, ਤੁਸੀਂ ਕਾਲ ਅਟੈਨਸ਼ਨ ਤੇ ਨਹੀਂ ਆ ਰਹੇ। (ਵਿਘਨ) (ਸ਼ੋਰ)

ਸ਼੍ਰੀ ਅਮਨ ਅਰੋੜਾ : ਇੱਕ ਮਿੰਟ ਜੀ, ਮੈਨੂੰ ਬੋਲ ਲੈਣ ਦਿਉ।

ਮਾਨਯੋਗ ਸਪੀਕਰ : ਅਮਨ ਜੀ, ਤੁਸੀਂ ਆਪਣੀ ਗੱਲ ਕਰੋ। ਜੋ ਕੁਝ ਵੀ ਅਮਨ ਅਰੋੜਾ ਜੀ ਨੇ ਪਹਿਲਾਂ ** ** ਕਿਹਾ ਹੈ, ਉਹ ਐਕਸਪੰਜ ਕਰ ਦਿਉ। (ਵਿਘਨ) (ਸ਼ੋਰ)

ਸਥਾਨਕ ਸਰਕਾਰ ਮੰਤਰੀ : ਸਪੀਕਰ ਸਾਹਿਬ, ਇਕ ਹਾਊਸ ਨੂੰ ** ** ਕਹੀ ਜਾਂਦਾ ਹੈ ਅਤੇ ਦੂਜਾ ** ** ਕਹੀ ਜਾਂਦਾ ਹੈ। (ਵਿਘਨ) ਇਨ੍ਹਾਂ ਦਾ ਤਾਂ ਰਾਜ ਹੋ ਗਿਆ। (ਵਿਘਨ)

ਮਾਨਯੋਗ ਸਪੀਕਰ : ਸਿੱਧੂ ਸਾਹਿਬ, ਬੈਠ ਜਾਵੋ। ਉਹ ਐਕਸਪੰਜ ਕਰ ਦਿੱਤਾ ਗਿਆ ਹੈ। (ਵਿਘਨ) ਉਹ ਐਕਸਪੰਜ ਕਰ ਦਿੱਤਾ ਹੈ। (ਵਿਘਨ) ਐਕਸਪੰਜ ਹੋ ਗਿਆ ਹੈ। ਨਾਭਾ ਜੀ, ਬੈਠੋ, ਸਾਰਾ ਕੁਝ ਐਕਸਪੰਜ ਕਰ ਦਿੱਤਾ ਹੈ।

ਸ਼੍ਰੀ ਅਮਨ ਅਰੋੜਾ : ਮੈਂ ਹੱਥ ਬੰਨ੍ਹ ਕੇ ਕਹਿੰਦਾ ਹਾਂ, no offences to anybody, ਪਰ ਮੈਂ ਸਾਰਿਆਂ ਨੂੰ ਹੱਥ ਬੰਨ੍ਹ ਕੇ ਬੇਨਤੀ ਕਰਨੀ ਚਾਹੁੰਦਾ ਹਾਂ। ਮੇਰੇ ਲਈ ਸਾਰੇ ਬੜੇ ਸਤਿਕਾਰਯੋਗ ਹਨ। ਬੇਨਤੀ ਹੈ ਕਿ is this the way?

ਮਾਨਯੋਗ ਸਪੀਕਰ : ਤੁਸੀਂ ਆਪਣੀ ਕਾਲ ਅਟੈਨਸ਼ਨ ਦੀ ਗੱਲ ਕਰੋ। (ਵਿਘਨ)

ਸ਼੍ਰੀ ਅਮਨ ਅਰੋੜਾ : (ਵਿਘਨ) (ਸ਼ੋਰ) ਦੇਖੋ ਜੀ, ਸਕੂਲੀ ਬੱਚਿਆਂ ਦੀ ਗੱਲ ਹੈ ਜੀ। (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਕਾਲ ਅਟੈਨਸ਼ਨ ਪੇਸ਼ ਕਰੋ ਜੀ। (ਵਿਘਨ) ਗੱਲ ਨੂੰ ਅੱਗੇ ਚੱਲਣ ਦਿਉ ਜੀ. It is a never ending process (ਵਿਘਨ) (ਸ਼ੋਰ)

** Expunged as ordered by the Chair.

CALL ATTENTION NOTICES UNDER RULE 66

(ਕ੍ਰਮ ਨੰ: 16)

1. **ਸ਼੍ਰੀ ਅਮਨ ਅਰੋੜਾ**
2. **ਸਰਦਾਰ ਨਾਜਰ ਸਿੰਘ ਮਾਨਸ਼ਾਹੀਆ**
3. **ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ** : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਰਾਜ ਵਿੱਚ 10ਵੀਂ ਅਤੇ 12ਵੀਂ ਦੇ ਬੋਰਡ ਦੇ ਇਮਤਿਹਾਨਾਂ ਦੇ ਦੌਰਾਨ ਮੈਰਿਜ ਪੈਲੇਸਾਂ, ਗੁਰਦੁਆਰਿਆਂ, ਮੰਦਿਰਾਂ ਅਤੇ ਹੋਰ ਵਿਆਹ ਸ਼ਾਦੀਆਂ ਦੇ ਮੌਕਿਆਂ ਤੇ ਲਾਊਡ ਸਪੀਕਰ, ਡੀ.ਜੇ. ਅਤੇ ਹੋਰ ਉੱਚੇ ਮਿਊਜ਼ਿਕ ਦੇ ਸਾਜ ਵਜਾਏ ਜਾਂਦੇ ਹਨ, ਜਿਸ ਨਾਲ ਵਿਦਿਆਰਥੀ ਆਪਣੀ ਪੜ੍ਹਾਈ ਵੱਲ ਧਿਆਨ ਨਹੀਂ ਦੇ ਸਕਦੇ। ਇਸ ਨੂੰ ਲੈ ਕੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਵਿੱਚ ਭਾਰੀ ਮਾਯੂਸੀ ਪਾਈ ਜਾਂਦੀ ਹੈ ਕਿਉਂਕਿ ਪੜ੍ਹਨ ਵਾਲੇ ਬੱਚੇ ਵਧੀਆ ਪਰਫਾਰਮ ਨਹੀਂ ਕਰ ਸਕਦੇ। ਜੇਕਰ ਇਮਤਿਹਾਨਾਂ ਤੋਂ ਲਗਭਗ ਇੱਕ ਮਹੀਨਾ ਪਹਿਲਾਂ ਇਨ੍ਹਾਂ ਤੇ ਕੰਟਰੋਲ ਕੀਤਾ ਜਾਵੇ ਅਤੇ ਆਵਾਜ਼ ਉਤਨੀ ਹੀ ਰੱਖੀ ਜਾਵੇ ਜਿੰਨੀ ਉਹ ਅਦਾਰੇ ਦੇ ਅੰਦਰ ਹੀ ਰਹੇ ਤਾਂ ਜੋ ਵਿਦਿਆਰਥੀਆਂ ਨੂੰ ਆਪਣੀ ਸਟੱਡੀ ਵੱਲ ਪੂਰਾ ਧਿਆਨ ਦੇਣ ਦਾ ਅਵਸਰ ਮਿਲ ਸਕੇ। ਸਰਕਾਰ ਨੂੰ ਇਸ ਸਬੰਧ ਵਿੱਚ ਕੋਈ ਪੱਕਾ ਹੱਲ ਕਰਨਾ ਚਾਹੀਦਾ ਹੈ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ-ਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।(ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਡਿਸਕਸ਼ਨ ਨਹੀਂ ਜੀ।

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਮੈਂ ਆਨਰੇਬਲ ਸੀ.ਐਮ. ਸਾਹਿਬ ਨੂੰ ਇਸ ਬਾਰੇ ਇਕ ਚਿੱਠੀ ਵੀ ਲਿਖੀ ਸੀ। ਪਿਛਲੇ ਮਹੀਨੇ 28 ਤਾਰੀਕ ਨੂੰ ਮੇਰੇ ਕੋਲ ਇਕ ਲੜਕੀ ਮਨਪ੍ਰੀਤ ਕੌਰ ਦਾ ਫੋਨ ਆਇਆ ਸੀ। ਉਹ 12ਵੀਂ ਕਲਾਸ ਦਾ ਪੇਪਰ ਦੇ ਕੇ ਨਿਕਲੀ ਸੀ। ਉਸ ਨੇ ਦੱਸਿਆ ਕਿ ਮੇਰੇ ਗੁਆਂਢ ਵਿਚ ਮੈਰਿਜ ਪੈਲੇਸ ਹੈ, ਦਿਨ ਵਿਚ ਸਾਰਾ ਦਿਨ ਉਥੇ ਵਿਆਹ ਚਲਦਾ ਰਿਹਾ, ਰਾਤ ਨੂੰ ਗੁਆਂਢ ਵਿਚ ਜਾਗਰਣ ਚੱਲ ਪਿਆ, ਸਵੇਰੇ ਪੰਜ ਵਜੇ ਗੁਰਦੁਆਰੇ ਦਾ ਲਾਊਡ ਸਪੀਕਰ ਚੱਲ ਪਿਆ। ਸਪੀਕਰ ਸਾਹਿਬ, ਮੇਰੀ ਬੇਨਤੀ ਇੰਨੀ ਹੈ ਕਿ ਸਾਰੇ ਧਰਮਾਂ ਦੇ ਵਿਚ ਹੀ ਹੈ, ਵਿਦਿਆ ਵੀਚਾਰੀ ਤਾ ਪਰਉਪਕਾਰੀ.....

ਮਾਨਯੋਗ ਸਪੀਕਰ : ਡਿਸਕਸ਼ਨ ਨਹੀਂ ਜੀ। ਤੁਹਾਡੀ ਕਾਲ ਅਟੈਨਸ਼ਨ ਆ ਗਈ ਹੈ।

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਇਹ ਠੀਕ ਹੈ ਕਿ ਬੜੇ ਲੰਬੇ ਸਮੇਂ ਤੋਂ ਇਹ ਇਸ਼ੂ ਇਗਨੋਰ ਹੁੰਦਾ ਰਿਹਾ ਹੈ ਕਿਉਂਕਿ ਜਿਥੇ ਆਪਣੇ ਰਿਲੀਜ਼ਨ ਦੀ ਗੱਲ ਆਉਂਦੀ ਹੈ....

ਮਾਨਯੋਗ ਸਪੀਕਰ : ਤੁਸੀਂ ਕਾਲ ਅਟੈਨਸ਼ਨ ਦਾ ਜਵਾਬ ਲਵੋ। ਤੁਹਾਡੀ ਗੱਲ ਆ ਗਈ ਹੈ। (ਵਿਘਨ) ਨਹੀਂ ਜੀ, ਕੋਈ ਡਿਸਕਸ਼ਨ ਨਹੀਂ ਕਰਨੀ। (ਵਿਘਨ) ਬਾਜਵਾ ਸਾਹਿਬ, ਜਵਾਬ ਦੇ ਦਿਉ।

ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) : ਸਪੀਕਰ ਸਾਹਿਬ, ਜਿਹੜਾ ਇਨ੍ਹਾਂ ਨੇ ਕਾਲ ਅਟੈਨਸ਼ਨ ਮੋਸ਼ਨ ਰਾਹੀਂ ਪੁਆਇੰਟ ਉਠਾਇਆ ਹੈ, ਇਹ ਬੜਾ ਵਧੀਆ ਪੁਆਇੰਟ ਹੈ ਜੀ। ਹਰ ਇਕ ਮੈਂਬਰ ਇਸ ਗੱਲ ਨੂੰ ਮਹਿਸੂਸ ਕਰਦਾ ਹੈ। ਇਸ ਦੇ ਬਾਰੇ ਸਮੇਂ-ਸਮੇਂ ਸਿਰ ਕਾਨੂੰਨ ਬਣਦੇ ਰਹੇ ਹਨ ਪ੍ਰੰਤੂ ਲਾਗੂ ਕਰਨ ਵਾਲੇ

ਪਾਸੇ ਤੋਂ ਡਰਦੇ ਰਹੇ ਕਿਉਂਕਿ ਧਾਰਮਿਕ ਅਸਥਾਨਾਂ ਨਾਲ ਇਹ ਮਸਲਾ ਜੁੜਿਆ ਹੋਇਆ ਹੈ। ਇਸ ਵਿਚ ਗੁਰਦੁਆਰੇ ਵੀ ਆਉਂਦੇ ਹਨ, ਮੰਦਰ ਵੀ ਆਉਂਦੇ ਹਨ ਅਤੇ ਮਸਜਿਦਾਂ ਵੀ ਆਉਂਦੀਆਂ ਹਨ। ਸੋ, ਲੋੜ ਹੈ, ਖਾਸ ਕਰਕੇ ਐਗਜ਼ਾਮ ਦੇ ਦਿਨਾਂ ਵਿਚ ਇਨ੍ਹਾਂ ਲਈ ਸਮਾਂ ਨਿਸ਼ਚਿਤ ਕੀਤਾ ਜਾਵੇ। ਇਸ ਬਾਰੇ ਕਾਨੂੰਨ ਬਣਿਆ ਹੋਇਆ ਹੈ। ਇਸ ਨੂੰ ਐਸ.ਡੀ.ਐਮ. ਨੇ, ਲੋਕਲ ਪੁਲਿਸ ਨੇ, ਐਸ.ਐਸ.ਪੀਜ਼ ਨੇ, ਭਾਵ ਸਾਰਿਆਂ ਨੇ ਹੀ ਲਾਗੂ ਕਰਨਾ ਹੈ, ਐਮ.ਐਲ.ਏਜ਼ ਦਾ ਵੀ ਉਨਾ ਹੀ ਫਰਜ਼ ਹੈ ਕਿ ਜੇਕਰ ਸ਼ਹਿਰ ਵਿਚ ਅਜਿਹੀ ਕੋਈ ਸਮੱਸਿਆ ਹੈ ਤਾਂ ਅਫਸਰਾਂ ਨੂੰ ਟੈਲੀਫੋਨ ਕਰਨ। ਇਸ ਬਾਰੇ ਕਾਨੂੰਨ ਬਣੇ ਹੋਏ ਹਨ। ਤੁਸੀਂ ਇਸ ਮਾਮਲੇ ਤੇ ਸਰਕਾਰ ਦਾ ਧਿਆਨ ਦਿਵਾਇਆ ਹੈ, ਸਰਕਾਰ ਇਸ ਨੂੰ ਬੜੇ ਵਧੀਆ ਢੰਗ ਨਾਲ ਲਾਗੂ ਕਰੇਗੀ ਅਤੇ ਅਗਲੇ ਸਾਲ ਇਨ੍ਹਾਂ ਦਿਨਾਂ ਵਿਚ (ਪੇਪਰਾਂ ਦੇ ਦਿਨਾਂ ਵਿਚ) ਕੋਈ ਸਮੱਸਿਆ ਨਹੀਂ ਆਵੇਗੀ।

ਸਥਾਨਕ ਸਰਕਾਰ ਮੰਤਰੀ (ਸਰਦਾਰ ਨਵਜੋਤ ਸਿੰਘ ਸਿੱਧੂ) : ਸਪੀਕਰ ਸਾਹਿਬ, ਇਕ ਮਿੰਟ ਜੀ, ਇਹ ਬੜਾ ਅਹਿਮ ਮੁੱਦਾ ਹੈ। ਇਹ ਕਿਸੇ ਇਕ ਪਾਰਟੀ ਦਾ ਮੁੱਦਾ ਨਹੀਂ, ਇਹ ਬੜਾ ਸੰਵੇਦਨਸ਼ੀਲ ਮੁੱਦਾ ਹੈ। ਮੈਂ ਤੁਹਾਨੂੰ ਇਕ ਸੁਝਾਅ ਦੇਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਸ ਮੁੱਦੇ ਤੇ ਇਕ ਆਲ ਪਾਰਟੀ ਮੀਟਿੰਗ ਕਰੋ। ਸਾਰੀਆਂ ਪਾਰਟੀਆਂ ਨੂੰ ਬੁਲਾ ਕੇ ਸਾਰਿਆਂ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇ ਅਤੇ ਸੀ.ਐਮ .ਸਾਹਿਬ ਨੂੰ ਨਾਲ ਲੈ ਕੇ, ਮੀਟਿੰਗ ਕਰਕੇ ਇਸ ਮੁੱਦੇ ਤੇ ਕੋਈ ਨਿਰਣਾ ਲਿਆ ਜਾਵੇ ਕਿਉਂਕਿ ਭਾਰਤ ਸਰਕਾਰ ਨੇ ਇਸ ਨੂੰ ਨੁਆਇਸ ਪੋਲਿਊਸ਼ਨ ਵਿਚ ਲਿਆ ਹੈ। ਇਕ ਡੈਸੀਬਲ ਤੋਂ ਉਪਰ ਜਦੋਂ ਆਵਾਜ਼ ਜਾਂਦੀ ਹੈ, ਉਹ ਤੁਹਾਡੇ ਕੰਨਾਂ ਨੂੰ ਬਹਿਰਾ ਕਰਦੀ ਹੈ। ਇਹ ਮੈਡੀਕਲੀ ਪਰੂਵਨ ਹੈ। ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਵੀ ਇਹ ਕਾਨੂੰਨ ਲਾਗੂ ਹੋਇਆ ਹੈ। Good intentions die unless they are executed. ਇਸ ਦੀ ਐਗਜ਼ੀਕਿਊਸ਼ਨ ਦੇ ਲਈ ਮੈਂ ਸਮਝਦਾ ਹਾਂ ਕਿ ਮੁੱਖ ਮੰਤਰੀ ਜੀ ਨੂੰ ਇਸ ਮੀਟਿੰਗ ਵਿਚ ਇਨਵਾਲਵ ਕਰਨਾ ਚਾਹੀਦਾ ਹੈ।

ਮਾਨਯੋਗ ਸਪੀਕਰ : ਸਿੱਧੂ ਸਾਹਿਬ, it is prerogative of the government to intervene. ਇਸ ਬਾਰੇ ਮੀਟਿੰਗ ਮੁੱਖ ਮੰਤਰੀ ਜੀ ਬੁਲਾ ਸਕਦੇ ਹਨ। ਸਪੀਕਰ ਨੂੰ ਇਸ ਬਾਬਤ ਕੋਈ ਅਧਿਕਾਰ ਨਹੀਂ ਹੈ।

ਸਥਾਨਕ ਸਰਕਾਰ ਮੰਤਰੀ : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਆਲ ਪਾਰਟੀ ਮੀਟਿੰਗ ਬੁਲਾਈ ਜਾਵੇ, if you can reply on the Floor of the House.

ਮੁੱਖ ਮੰਤਰੀ : ਸਪੀਕਰ ਸਾਹਿਬ, ਇਹ ਮੁੱਦਾ ਬਹੁਤ ਪੁਰਾਣਾ ਹੈ, ਖਾਸ ਕਰਕੇ ਜਦੋਂ ਬੱਚਿਆਂ ਦੇ ਪੇਪਰ ਆਉਂਦੇ ਹਨ। ਕਿਸੇ ਸਮੇਂ ਇਸ ਬਾਰੇ ਕੋਈ ਰੂਲ ਵੀ ਹੁੰਦਾ ਸੀ ਕਿ 10 ਵਜੇ ਤੱਕ ਜਾਂ ਸਵਾ 10 ਤੱਕ ਸਪੀਕਰ ਚਲਦਾ ਸੀ। ਲੇਕਿਨ ਇਹ ਬੜੀ ਗੰਭੀਰ ਗੱਲ ਹੈ। ਇਹ ਬੱਚਿਆਂ ਦੇ ਭਵਿੱਖ ਦਾ ਸਵਾਲ ਹੈ। ਅਸੀਂ ਇਕ ਆਲ ਪਾਰਟੀ ਮੀਟਿੰਗ ਕਰ ਲਵਾਂਗੇ, ਜਿਸ ਵਿਚ ਸਾਰਿਆਂ ਦੀ ਰਾਇ ਲੈ ਕੇ we will try to formulate some sort of law ਤਾਂ ਕਿ ਇਸ ਨੂੰ ਇੰਪਲੀਮੈਂਟ ਕਰ ਸਕੀਏ। (ਟਰੇਜ਼ਰੀ ਬੈਂਚਿਜ਼ ਵਲੋਂ ਥੰਪਿੰਗ)

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਸਪੀਕਰ ਸਾਹਿਬ, ਮੈਂ ਇਸੇ ਗੱਲ ਤੇ ਮੁੱਖ ਮੰਤਰੀ ਜੀ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਕਿਉਂਕਿ ਉਹ ਰਾਜ ਦੇ ਵਾਤਾਵਰਨ ਮੰਤਰੀ ਵੀ ਸਨ।

ਮਾਨਯੋਗ ਸਪੀਕਰ : ਤੁਸੀਂ ਸਪਲੀਮੈਂਟਰੀ ਕਰੋ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਸਪੀਕਰ ਸਾਹਿਬ, ਨੁਆਇਸ ਪਲਿਊਸ਼ਨ ਰੂਲਜ਼ ਬਣੇ ਹੋਏ ਹਨ, ਜਿਨ੍ਹਾਂ ਦੀ ਇੰਪਲੀਮੈਂਟੇਸ਼ਨ ਕਰਨੀ ਬਣਦੀ ਹੈ। ਮਾਨਯੋਗ ਸੁਪਰੀਮ ਕੋਰਟ ਨੇ ਵੀ ਸਮੇਂ ਸਮੇਂ ਤੇ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ। ਇਨ੍ਹਾਂ ਨੂੰ ਹੂ-ਬ-ਹੂ ਇੰਪਲੀਮੈਂਟ ਕੀਤਾ ਜਾਵੇ। ਇਸ ਤੋਂ ਇਲਾਵਾ ਮੈਂ ਸਾਰੇ ਸਦਨ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਸਾਰੇ ਪੰਜਾਬੀ ਸ੍ਰੀ ਅਕਾਲ ਤਖਤ ਸਾਹਿਬ ਤੇ ਸਿਰ ਨਿਭਾਉਂਦੇ ਹਨ ਅਤੇ ਸ੍ਰੀ ਅਕਾਲ ਤਖਤ ਜੀ ਦੇ ਜਥੇਦਾਰ ਜੀ ਨੇ 23 ਨਵੰਬਰ, 2005 ਨੂੰ ਸਾਰੇ ਗੁਰਦੁਆਰਾ ਸਾਹਿਬਾਨਾਂ ਨੂੰ ਇਕ ਆਦੇਸ਼ ਜਾਰੀ ਕੀਤਾ ਹੈ ਕਿ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਆਵਾਜ਼ ਗੁਰਦੁਆਰੇ ਦੀ ਹਦੂਦ ਤੋਂ ਬਾਹਰ ਨਾ ਜਾਵੇ। ਇਸ ਦੀ ਇਕ ਮਿਸਾਲ ਹੈ ਕਿ ਅਸੀਂ ਹਰਿਮੰਦਰ ਸਾਹਿਬ ਮੱਥਾ ਟੇਕਣ ਜਾਂਦੇ ਹਾਂ ਉਥੇ ਆਵਾਜ਼ ਬਾਹਰ ਨਹੀਂ ਜਾਂਦੀ।

ਮਾਨਯੋਗ ਸਪੀਕਰ : ਤੁਸੀਂ ਸਵਾਲ ਪੁੱਛੋ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਸਪੀਕਰ ਸਾਹਿਬ, ਉਥੇ ਸਾਨੂੰ ਕੋਈ ਡਿਸਟਰਬੈਂਸ ਨਹੀਂ ਹੁੰਦੀ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚ ਐਸ.ਜੀ.ਪੀ.ਸੀ. ਦੇ ਮੈਂਬਰਾਂ ਨੂੰ ਸ਼ਾਮਲ ਕੀਤਾ ਜਾਵੇ ਅਤੇ ਇਸ ਦੀ ਇੰਪਲੀਮੈਂਟੇਸ਼ਨ ਹੂ-ਬ-ਹੂ ਕੀਤੀ ਜਾਵੇ।

ਮਾਨਯੋਗ ਸਪੀਕਰ : ਇਸ ਮੁੱਦੇ ਦੀ ਸੰਜੀਦਗੀ ਨੂੰ ਮੁੱਖ ਮੰਤਰੀ ਸਾਹਿਬ ਨੇ ਮਹਿਸੂਸ ਕਰਦਿਆਂ ਆਲ ਪਾਰਟੀ ਮੀਟਿੰਗ ਬੁਲਾਉਣ ਦਾ ਭਰੋਸਾ ਦਿੱਤਾ ਹੈ।

ਸਰਦਾਰ ਨਾਜਰ ਸਿੰਘ ਮਾਨਸ਼ਾਹੀਆ : ਠੀਕ ਹੈ ਜੀ, ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਕੇਵਲ ਪੇਪਰਾਂ ਵੇਲੇ ਹੀ ਸਮੱਸਿਆ ਨਹੀਂ ਆਉਂਦੀ ਸਗੋਂ ਧਾਰਮਿਕ ਸਥਾਨਾਂ ਦੇ ਆਲੇ ਦੁਆਲੇ ਰੈਜ਼ੀਡੈਂਟਸ ਨੂੰ ਵੀ ਸਮੱਸਿਆ ਆਉਂਦੀ ਹੈ। ਉਹ ਵਿਚਾਰੇ ਮੈਂਟਲੀ ਅਪਸੈੱਟ ਹੋ ਜਾਂਦੇ ਹਨ।

ਮਾਨਯੋਗ ਸਪੀਕਰ : ਹਾਂ ਜੀ, ਜਗਤਾਰ ਸਿੰਘ ਜੀ।

ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ : ਸਪੀਕਰ ਸਾਹਿਬ, ਜਿਹੜਾ ਇਹ ਮੁੱਦਾ ਚੁੱਕਿਆ ਗਿਆ ਹੈ, ਇਸ ਦਾ ਜਵਾਬ ਮੁੱਖ ਮੰਤਰੀ ਜੀ ਨੇ ਦੇ ਦਿੱਤਾ ਹੈ।

ਮਾਨਯੋਗ ਸਪੀਕਰ : ਹੁਣ ਧੰਨਵਾਦ ਵੀ ਕਰ ਦਿਓ ਜੀ।

ਸਰਦਾਰ ਜਗਤਾਰ ਸਿੰਘ ਜੱਗਾ ਹਿੱਸੋਵਾਲ : ਸਪੀਕਰ ਸਾਹਿਬ, ਮੈਨੂੰ ਮੌਕਾ ਮਿਲਿਆ ਹੈ, ਸੋ, ਮੈਨੂੰ ਗੱਲ ਕਰ ਲੈਣ ਦਿਓ ਜੀ। ਵਿਆਹਾਂ ਸ਼ਾਦੀਆਂ ਦੌਰਾਨ ਜਿਹੜੇ ਪੈਲੇਸਾਂ ਵਿਚ ਅਸਲਾ ਲੈ ਕੇ ਜਾਂਦੇ ਹਨ ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਮੈਰਿਜ ਪੈਲੇਸ ਵਿਚ ਅਸਲੇ ਦੀ ਦੁਰਵਰਤੋਂ ਕਾਰਨ ਜੇਕਰ ਕੋਈ ਦੁਰਘਟਨਾ ਵਾਪਰਦੀ ਹੈ ਤਾਂ ਅਸਲੇ ਦਾ ਲਾਇਸੈਂਸ ਜ਼ਰੂਰ ਰੱਦ ਕੀਤਾ ਜਾਵੇ। ਧੰਨਵਾਦ ਜੀ।

(ਕ੍ਰਮ ਨੰ: 20)

ਸਰਦਾਰ ਦਿਲਰਾਜ ਸਿੰਘ ਭੂੰਦੜ : ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਇੱਕ ਅਤਿ ਜ਼ਰੂਰੀ ਮਾਮਲੇ ਵੱਲ ਦਿਵਾਉਂਦਾ ਹਾਂ, ਅਰਥਾਤ ਕਿ ਮਾਨਸਾ-ਤਲਵੰਡੀ ਸਾਬੋ ਰੋਡ ਤੇ ਪਿੰਡ ਬਣਾਵਾਲਾ (ਜ਼ਿਲ੍ਹਾ ਮਾਨਸਾ) ਵਿੱਚ ਲੱਗੇ ਥਰਮਲ ਪਾਵਰ ਪਲਾਂਟ ਵੱਲੋਂ ਇਥੇ ਦੇ ਆਸ-ਪਾਸ ਦੇ ਏਰੀਏ ਵਿੱਚ ਫੈਲਾਏ ਜਾ ਰਹੇ ਪ੍ਰਦੂਸ਼ਣ, ਖਾਸ ਕਰਕੇ fly ash ਕਾਰਨ ਇਥੋਂ ਦੀ ਮਿੱਟੀ, ਹਵਾ, ਪਾਣੀ pollute ਹੋ ਰਿਹਾ ਹੈ ਜਿਸ ਨੇ ਇਥੇ ਦੇ ਲੋਕਾਂ ਦੀ ਸਿਹਤ ਤੇ ਬਹੁਤ ਭੈੜਾ ਅਸਰ ਕੀਤਾ ਹੋਇਆ ਹੈ।

ਇਥੇ ਮੈਂ ਆਪ ਜੀ ਦੇ ਧਿਆਨ ਵਿੱਚ ਇਹ ਵੀ ਲਿਆਉਣਾ ਚਾਹਾਂਗਾ ਕਿ ਸਰਕਾਰ ਨੇ ਥਰਮਲ ਪਲਾਂਟ ਲਗਾਉਣ ਵਾਲੀ ਕੰਪਨੀ ਨਾਲ ਜੋ ਐਮ.ਓ.ਯੂ. ਸਾਈਨ ਕੀਤਾ ਸੀ, ਉਸ ਵਿੱਚ ਥਰਮਲ ਪਲਾਂਟ ਲਗਾਉਣ ਵਾਲੀ ਕੰਪਨੀ ਤੇ ਇਹ ਸ਼ਰਤ ਲਗਾਈ ਗਈ ਸੀ ਕਿ ਇਸ ਥਰਮਲ ਪਲਾਂਟ ਦੁਆਰਾ ਪ੍ਰਦੂਸ਼ਣ ਨਹੀਂ ਫੈਲਾਇਆ ਜਾਵੇਗਾ ਤੇ ਜੋ ਪ੍ਰਦੂਸ਼ਣ ਥਰਮਲ ਪਲਾਂਟ ਦਾ ਹੋਵੇਗਾ, ਉਹ ਕੰਪਨੀ ਆਪਣੀ ਤਕਨੀਕ ਜ਼ਰੀਏ ਕੰਟਰੋਲ ਕਰ ਲਵੇਗੀ। ਪਰ ਕੰਪਨੀ ਵੱਲੋਂ ਅਜਿਹਾ ਕੁਝ ਨਹੀਂ ਕੀਤਾ। ਇਥੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਪਸ਼ੂ ਪਾਲਣ ਦਾ ਹੈ, ਜਿਸ ਤੇ ਪ੍ਰਦੂਸ਼ਣ ਦਾ ਮਾੜਾ ਅਸਰ ਪੈ ਰਿਹਾ ਹੈ। ਲੋਕਾਂ ਨੂੰ ਆਪਣੇ ਘਰਾਂ ਵਿੱਚੋਂ ਬਾਹਰ ਨਿਕਲਣਾ ਵੀ ਮੁਸ਼ਕਲ ਹੋਇਆ ਪਿਆ ਹੈ ਕਿਉਂਕਿ ਉਪਰੋਂ ਥਰਮਲ ਪਲਾਂਟ ਦੀ ਸੁਆਹ (fly ash) ਡਿਗਦੀ ਰਹਿੰਦੀ ਹੈ। ਇਸ ਲਈ ਥਰਮਲ ਪਲਾਂਟ ਵੱਲੋਂ ਫੈਲਾਏ ਜਾ ਰਹੇ ਪ੍ਰਦੂਸ਼ਣ ਖਾਸ ਕਰਕੇ fly ash ਕਾਰਨ ਇਸ ਖੇਤਰ ਵਿੱਚ ਕਿਸੇ ਭਿਆਨਕ ਬਿਮਾਰੀ ਦੇ ਫੈਲਣ ਦਾ ਖਤਰਾ ਬਣਿਆ ਹੋਇਆ ਹੈ, ਜਿਸ ਕਾਰਨ ਇਥੇ ਦੇ ਲੋਕਾਂ ਵਿੱਚ ਦਹਿਸ਼ਤ, ਮਾਯੂਸੀ ਤੇ ਅਸੰਤੁਸ਼ਟਤਾ ਦਾ ਮਾਹੌਲ ਬਣਿਆ ਹੋਇਆ ਹੈ।

ਇਸ ਲੋਕ ਹਿਤ ਦੇ ਮਸਲੇ ਤੇ ਗੰਭੀਰਤਾ ਨਾਲ ਤੁਰੰਤ ਸੋਚਣ ਦੀ ਤੇ ਫੌਰੀ ਕਾਰਵਾਈ ਕਰਨ ਦੀ ਸਖਤ ਲੋੜ ਹੈ। ਇਸ ਲਈ ਮੈਂ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਮਸਲੇ ਵੱਲ ਤੁਰੰਤ ਧਿਆਨ ਦਿੱਤਾ ਜਾਵੇ ਅਤੇ ਇਸ ਸਮੱਸਿਆ ਤੋਂ ਲੋਕਾਂ ਨੂੰ ਰਾਹਤ ਦਿਵਾਈ ਜਾਵੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇ ਨਜ਼ਰ ਸਬੰਧਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਖੇਚਲ ਕਰਨ।

ਦਿਹਾਤੀ ਵਿਕਾਸ ਤੇ ਪੰਚਾਇਤਾਂ, ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ) : ਸਪੀਕਰ ਸਾਹਿਬ, ਇਹ ਜਿਸ ਪਲਾਂਟ ਦੀ ਪ੍ਰਾਬਲਮ ਦੱਸ ਰਹੇ ਹਨ, ਉਹ ਪ੍ਰਾਬਲਮ ਸੀ, ਹੁਣ ਪ੍ਰਾਬਲਮ ਬਹੁਤ ਘੱਟ ਰਹਿ ਗਈ ਹੈ। ਪਲਿਊਸ਼ਨ ਕੰਟ੍ਰੋਲ ਬੋਰਡ ਨੇ ਵੱਖ-ਵੱਖ ਟਾਈਮ ਤੇ ਜਾ ਕੇ ਚੈਕਿੰਗ ਕਰਕੇ ਜੁਰਮਾਨੇ ਕੀਤੇ ਹਨ। ਸਾਢੇ ਤਿੰਨ ਚਾਰ ਕਰੋੜ ਰੁਪਏ ਦੇ ਨਵੇਂ ਯੰਤਰ ਲਗਾਏ ਗਏ ਹਨ। ਜਿੱਥੋਂ ਕੋਲਾ ਆ ਰਿਹਾ ਸੀ, ਉਹ ਧੁਖ ਕੇ ਆ ਰਿਹਾ ਹੈ, ਐਸ਼ ਘੱਟ ਆ ਰਹੀ ਹੈ। ਹੁਣ ਕੋਈ ਇਹੋ ਜਿਹੀ ਪ੍ਰਾਬਲਮ ਨਹੀਂ ਹੈ। ਜੇ ਹੋਏਗੀ ਤਾਂ ਮੈਂਬਰ ਸਾਹਿਬ ਦੱਸ ਦੇਣ। ਫਿਰ ਪੋਲਿਊਸ਼ਨ ਕੰਟ੍ਰੋਲ ਬੋਰਡ ਜਾ ਕੇ ਚੈੱਕ ਕਰ ਲਏਗਾ, ਜੇ ਲੋੜ ਹੋਏਗੀ ਤਾਂ ਉਸ ਮੁਤਾਬਿਕ ਕਾਰਵਾਈ ਕੀਤੀ ਜਾਵੇਗੀ।

ਸਰਦਾਰ ਦਿਲਰਾਜ ਸਿੰਘ ਭੂੰਦੜ : ਸਪੀਕਰ ਸਾਹਿਬ, ਪਿਛਲੇ ਅਕਤੂਬਰ, 2017 ਵਿੱਚ ਇਥੇ ਜਦੋਂ ਪੋਲਿਊਸ਼ਨ ਹੋਇਆ ਸੀ, ਉਸ ਟਾਈਮ ਜਦੋਂ ਕੰਪਨੀ ਨਾਲ ਗੱਲ ਕੀਤੀ ਗਈ ਸੀ ਤਾਂ ਉਦੋਂ 36,000 ਰੁਪਏ ਪ੍ਰਤੀ ਕਿੱਲੇ ਦੇ ਹਿਸਾਬ ਨਾਲ ਫੰਡਜ਼ ਰਿਲੀਜ਼ ਕੀਤੇ ਗਏ ਸੀ, ਜਿਹੜੇ ਕਿ ਕਿਸਾਨਾਂ ਨੂੰ ਦਿੱਤੇ ਗਏ ਸੀ। ਇਹ ਤਕਰੀਬਨ ਸਵਾ ਸੌ ਕਿੱਲੇ ਵਿੱਚ ਸੀ, ਉਸ ਦੇ ਵਿਚੋਂ 56 ਕਿੱਲਿਆਂ ਦਾ ਮੁਆਵਜ਼ਾ ਮਿਲਿਆ ਹੈ। ਕੀ ਮਾਨਯੋਗ ਮੰਤਰੀ ਸਾਹਿਬ ਦੱਸਣਗੇ ਕਿ ਬਾਕੀ ਜਿਹੜੇ ਫਾਰਮਰਜ਼ ਰਹਿੰਦੇ ਹਨ, ਉਨ੍ਹਾਂ ਦਾ ਮੁਆਵਜ਼ਾ ਕਦੋਂ ਦਿੱਤਾ ਜਾਏਗਾ?

ਮੰਤਰੀ : ਸਪੀਕਰ ਸਾਹਿਬ, ਮੁਆਵਜ਼ੇ ਬਾਰੇ ਇਸ ਵਿੱਚ ਗੱਲ ਨਹੀਂ ਆਈ ਹੈ ਜੀ। ਮੈਂ ਪਤਾ ਕਰ ਲਵਾਂਗਾ ਕਿ ਜੇ ਕੋਈ ਇਹੋ ਜਿਹਾ ਮੁਆਵਜ਼ਾ ਮਨਜ਼ੂਰ ਹੋਇਆ ਸੀ ਤਾਂ ਜ਼ਰੂਰ ਦਿਵਾਵਾਂਗੇ।

ਸਰਦਾਰ ਦਿਲਰਾਜ ਸਿੰਘ ਭੂੰਦੜ : ਸਪੀਕਰ ਸਾਹਿਬ, ਪਿਛਲਾ ਅਕਤੂਬਰ ਹੀ ਸੀ। ਜੇ ਤੁਸੀਂ ਕਹਿੰਦੇ ਹੋ ਤਾਂ ਲਿਖ ਕੇ ਭੇਜ ਦਿਆਂਗਾ।

ਮਾਨਯੋਗ ਸਪੀਕਰ : ਤੁਸੀਂ ਮੰਤਰੀ ਜੀ ਲਿਖ ਕੇ ਘੱਲ ਦਿਓ। (ਵਿਘਨ) (ਸ਼ੋਰ)

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਮੈਨੂੰ ਬੋਲ ਲੈਣ ਦਿਓ ਜੀ।

ਮਾਨਯੋਗ ਸਪੀਕਰ : ਨਹੀਂ, ਕਾਲ ਅਟੈਂਸ਼ਨ ਤੋਂ ਬਾਅਦ ਨਹੀਂ।

PRESENTATION OF REPORTS OF THE COMMITTEES

ਮਾਨਯੋਗ ਸਪੀਕਰ : ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ, ਸਭਾਪਤੀ, ਅਨੁਮਾਨ ਕਮੇਟੀ ਰਿਪੋਰਟ ਪੇਸ਼ ਕਰਨ।

(1) **ਸਭਾਪਤੀ, ਅਨੁਮਾਨ ਕਮੇਟੀ (ਸਰਦਾਰ ਸੁਖਬਿੰਦਰ ਸਿੰਘ ਸਰਕਾਰੀਆ) :** ਸ਼੍ਰੀਮਾਨ ਜੀ, ਮੈਂ ਸਾਲ 2017-18 ਲਈ ਪ੍ਰਾਹੁਣਾਚਾਰੀ ਵਿਭਾਗ, ਪੰਜਾਬ ਦੇ ਸਬੰਧ ਵਿੱਚ ਬਜਟ ਅਨੁਮਾਨਾਂ ਤੇ ਅਨੁਮਾਨ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਡਾਕਟਰ ਰਾਜ ਕੁਮਾਰ ਵੇਰਕਾ, ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਕਮੇਟੀ ਦੀ ਰਿਪੋਰਟ ਪੇਸ਼ ਕਰਨ।

(ਇਸ ਸਮੇਂ ਸ਼੍ਰੀ ਅਮਨ ਅਰੋੜਾ, ਆਮ ਆਦਮੀ ਪਾਰਟੀ ਦੇ ਮੈਂਬਰ ਆਪਣੀ ਸੀਟ ਤੇ ਖੜ੍ਹੇ ਹੋ ਕੇ ਮਾਨਯੋਗ ਸਪੀਕਰ ਸਾਹਿਬ ਤੋਂ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਡਾਕਟਰ ਰਾਜ ਕੁਮਾਰ ਵੇਰਕਾ) : ਇੱਕ ਮਿੰਟ, ਅਮਨ ਜੀ ਜ਼ਰੂਰੀ ਹੈ। ਇੱਕ ਮਿੰਟ ਬੈਠ ਜਾਓ। ਇਹ ਭਖਦਾ ਮਸਲਾ ਹੈ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਬੈਠੋ, ਪਲੀਜ਼, ਬੈਠੋ। ਹੁਣ ਨਹੀਂ, ਅਮਨ ਜੀ, ਨਹੀਂ, ਬੈਠੋ। ਵੇਰਕਾ ਜੀ ਤੁਸੀਂ ਆਪਣੀ ਰਿਪੋਰਟ ਪੇਸ਼ ਕਰੋ ਜੀ। (ਵਿਘਨ) (ਸ਼ੋਰ)

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ : ਸਪੀਕਰ ਸਾਹਿਬ, ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਦੇ ਬਾਰੇ ਰਿਪੋਰਟ ਪੇਸ਼ ਕਰਨ ਤੋਂ ਪਹਿਲਾਂ ਮੈਂ ਹਾਊਸ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿਉਂਕਿ ਮੁੱਖ ਮੰਤਰੀ ਜੀ ਸਦਨ ਦੇ ਵਿੱਚ ਮੌਜੂਦ ਹਨ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਅਮਨ ਜੀ ਤੁਸੀਂ, ਬਜਟ ਤੇ ਬੋਲ ਲੈਣਾ ..(ਵਿਘਨ)... ਬਜਟ ਤੇ ਬੋਲ ਲੈਣਾ ਜੀ। ਡਾਕਟਰ ਸਾਹਿਬ, ਤੁਸੀਂ ਆਪਣੀ ਰਿਪੋਰਟ ਪੇਸ਼ ਕਰੋ ਜੀ। ਡਾਕਟਰ ਸਾਹਿਬ, ਪਹਿਲਾਂ ਰਿਪੋਰਟ ਪੇਸ਼ ਕਰੋ ਜੀ। (ਵਿਘਨ) (ਸ਼ੋਰ)

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ : ਸਪੀਕਰ ਸਾਹਿਬ, ਇਹ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਬਾਰੇ ਰਿਪੋਰਟ ਹੈ। ਜਿਹੜੀ 85ਵੀਂ ਅਮੈਂਡਮੈਂਟ ਇਥੇ ਲਾਗੂ ਨਹੀਂ ਹੋਈ, ਇਹ ਉਸ ਸਬੰਧ ਦੇ ਵਿੱਚ ਹੈ ਕਿਉਂਕਿ ਮੈਂ ਦੇਸ਼ ਦੇ ਐਸ.ਸੀ. ਕਮਿਸ਼ਨ ਦਾ ਵਾਇਸ ਚੇਅਰਮੈਨ ਰਿਹਾ ਹਾਂ, ਮੈਂ ਉਸ ਨੂੰ ਹੈਂਡ ਕੀਤਾ ਹੈ। ਮੈਂ ਚਾਹੁੰਦਾ ਹਾਂ ਕਿ ਉਸ ਦੀ ਜਾਣਕਾਰੀ ਜੋ ਹੈ, ਉਹ ਮੈਂਬਰ ਸਾਹਿਬਾਨਾਂ ਤੱਕ ਜ਼ਰੂਰ ਪਹੁੰਚੇ। ਉਸ ਦੇ ਵਾਸਤੇ ਮੈਂ ਇੱਕ ਮਿੰਟ ਲਈ ਆਪਣੀ ਗੱਲ ਨੂੰ ਕਹਿਣਾ ਚਾਹੁੰਦਾ ਹਾਂ। ਸਪੀਕਰ ਸਾਹਿਬ, ਇਹ ਜਿਹੜੀ 85ਵੀਂ ਅਮੈਂਡਮੈਂਟ ਦਾ ਮਾਮਲਾ ਹੈ, ਪੰਜਾਬ ਦਾ ਇੱਕ ਕੇਸ ਜਿਹੜਾ ਕਿ ਜੰਜੂਆ ਕੇਸ ਦੇ ਸਬੰਧ ਦੇ ਵਿੱਚ ਜਾਣਿਆ ਜਾਂਦਾ ਹੈ, ਉਸ ਨੇ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਬਾਰੇ ਇਹ ਕਿਹਾ ਹੈ ਕਿ ਪ੍ਰੋਮੋਸ਼ਨ ਵਿੱਚ ਰਿਜ਼ਰਵੇਸ਼ਨ ਨਹੀਂ ਹੋਣੀ ਚਾਹੀਦੀ। ਇਹ ਸੁਪਰੀਮ ਕੋਰਟ ਦੇ ਅੰਦਰ ਵੀ ਕਿਹਾ ਹੈ। ਸੁਪਰੀਮ ਕੋਰਟ ਨੇ ਵੀ ਫੈਸਲਾ ਦਲਿਤਾਂ ਦੇ ਖਿਲਾਫ ਕੀਤਾ ਹੈ। ਉਸ ਤੋਂ ਬਾਅਦ ਪਾਰਲੀਮੈਂਟ ਦੇ ਵਿੱਚ ਕਾਂਸਟੀਚਿਊਸ਼ਨਲ ਅਮੈਂਡਮੈਂਟ ਆ ਗਈ, ਜਿਸ ਨੂੰ 85ਵੀਂ ਸੋਧ ਕਹਿੰਦੇ ਹਨ। ਫਿਰ ਇੱਕ ਫਿਰਕਾ ਸੁਪਰੀਮ ਕੋਰਟ ਵਿੱਚ ਇਸ ਅਮੈਂਡਮੈਂਟ ਦੇ ਖਿਲਾਫ ਚਲਾ ਗਿਆ ਅਤੇ ਸੁਪਰੀਮ ਕੋਰਟ ਨੇ, ਜਿਸ ਨੂੰ ਐਮ. ਨਾਗਰਾਜ ਦਾ ਜ਼ਿਕਰ ਕਰਕੇ ਸਾਰੇ ਅਧਿਕਾਰੀ ਅਤੇ ਲੋਕ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ, ਸੁਪਰੀਮ ਕੋਰਟ ਨੇ ਕਿਹਾ ਕਿ 85ਵੀਂ ਸੋਧ ਲਾਗੂ ਹੈ ਅਤੇ ਇਸ ਨੂੰ ਲਾਗੂ ਕਰਨ ਲੱਗਿਆਂ ਚਾਰ ਬਿੰਦੂਆਂ ਤੇ ਜਿਹੜੀ ਵੀ ਸਰਕਾਰ ਵਿਚਾਰ ਕਰ ਲਵੇ, ਤਾਂ 85ਵੀਂ ਸੋਧ ਲਾਗੂ ਹੋਵੇਗੀ। ਉਹ ਚਾਰ ਬਿੰਦੂ ਕੀ ਹਨ? ਉਨ੍ਹਾਂ ਨੇ ਕਿਹਾ ਕਿ ਜਿਸ ਕਾਸਟ ਨੂੰ ਰਿਜ਼ਰਵੇਸ਼ਨ ਇਨ ਪਰਮੋਸ਼ਨ ਮਿਲ ਰਹੀ ਹੈ, ਕੀ ਉਹ ਇਕਨਾਮੀਕਲੀ ਬੈਕਵਰਡ ਹੈ? ਸ਼ਡਿਊਲ 50 ਦੇ ਅੰਦਰ ਜਿਹੜੀ ਕਾਸਟ ਦਰਜ ਹੈ, ਉਹ ਇਕਨਾਮੀਕਲ ਬੈਕਵਰਡ ਹੈ, ਇਸ ਤੇ ਇਹ ਲਾਗੂ ਨਹੀਂ ਹੁੰਦਾ। ਦੂਸਰੀ ਚੀਜ਼ ਉਨ੍ਹਾਂ ਨੇ ਕਿਹਾ ਕਿ ਕਿਤੇ 50% ਦੀ ਬਾਊਂਡਰੀ ਕਰਾਸ ਤਾਂ ਨਹੀਂ ਕਰਦੇ? ਇਸ ਨੂੰ ਵੀ ਚੈੱਕ ਕਰ ਲਵੋ। ਤੀਸਰੀ ਚੀਜ਼ ਉਨ੍ਹਾਂ ਨੇ ਕਿਹਾ ਕਿ ਜਿਸ ਕਾਸਟ ਨੂੰ ਰਿਜ਼ਰਵੇਸ਼ਨ ਇਨ ਪਰਮੋਸ਼ਨ ਮਿਲ ਰਹੀ ਹੈ, ਕੀ ਇਨ੍ਹਾਂ ਦੀ ਆਰਥਿਕ ਹਾਲਤ ਕਮਜ਼ੋਰ ਹੈ। ਇਹ ਤਿੰਨ ਬਿੰਦੂਆਂ ਦੇ ਉੱਪਰ ਜਿਹੜੀ ਜਿਹੜੀ ਸਰਕਾਰ ਨੇ ਨੋਟ ਦੇ ਦਿੱਤਾ ਅਤੇ ਸਰਚ ਕਰ ਲਈ, ਉੱਥੇ ਲਾਗੂ ਹੋ ਗਿਆ। ਸਪੀਕਰ ਸਾਹਿਬ, ਕੁਝ ਮਹੀਨੇ ਪਹਿਲਾਂ ਹਰਿਆਣਾ ਸਰਕਾਰ ਦੇ ਅਧਿਕਾਰੀ, ਹਰਿਆਣਾ ਸਰਕਾਰ ਦੇ ਐਮ.ਐਲ.ਏ. ਮੇਰੇ ਕੋਲ

(ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ):ਆਏ, ਉਨ੍ਹਾਂ ਨੇ ਇਹ ਗੱਲ ਕਹੀ ਕਿ ਅਸੀਂ 85ਵੀਂ ਸੋਧ ਲਾਗੂ ਕਰਨਾ ਚਾਹੁੰਦੇ ਹਾਂ ਪਰ ਅਧਿਕਾਰੀ ਗੁੰਮਰਾਹ ਕਰ ਰਹੇ ਹਨ। ਮੈਂ ਉਨ੍ਹਾਂ ਨੂੰ ਇੱਕ ਨੋਟ ਭੇਜਿਆ। ਮੈਂ ਹਰਿਆਣਾ ਸਰਕਾਰ ਦਾ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ 85ਵੀਂ ਸੋਧ ਲਾਗੂ ਕੀਤੀ ਹੋਈ ਹੈ ਪਰ ਇੱਥੇ ਗੁੰਮਰਾਹ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਕੋਰਟਾਂ ਦੇ ਵਿੱਚ ਕੇਸ ਹੈ। ਸਪੀਕਰ ਸਾਹਿਬ, ਹਾਈਕੋਰਟ ਵਿੱਚ ਜਿਹੜਾ ਹੁਣ ਕੇਸ ਹੋਇਆ, ਮੈਂ ਉਨ੍ਹਾਂ ਅਧਿਕਾਰੀਆਂ ਦੀ ਨਿਖੇਧੀ ਕਰਦਾ ਹਾਂ। ਉਨ੍ਹਾਂ ਨੇ ਡਾਟਾ ਪੇਸ਼ ਨਹੀਂ ਕੀਤਾ ਅਤੇ ਹਾਈ ਕੋਰਟ ਨੇ ਕਹਿ ਦਿੱਤਾ ਕਿ ਪੰਜਾਬ ਸਰਕਾਰ ਨੇ ਡਾਟਾ ਪੇਸ਼ ਨਹੀਂ ਕੀਤਾ। ਇਸ ਲਈ ਇਸ ਨੂੰ ਸਟੇਅ ਕਰ ਦਿੱਤਾ ਜਾਂਦਾ ਹੈ। ਮੈਂ ਕਿਉਂਕਿ ਉਸ ਕਮੇਟੀ ਨੂੰ ਹੈੱਡ ਕਰ ਰਿਹਾ ਸੀ ਤਾਂ ਮੈਂ ਚੀਫ ਸੈਕਟਰੀ ਸਾਹਿਬ ਨੂੰ ਬੁਲਾਇਆ। ਮੈਂ ਉਨ੍ਹਾਂ ਨਾਲ ਗੱਲ ਕੀਤੀ ਕਿ ਕਿਸੇ ਜਗ੍ਹਾ ਤੇ ਵੀ ਪ੍ਰਾਬਲਮ ਨਹੀਂ ਹੈ। 85ਵੀਂ ਸੋਧ ਲਾਗੂ ਹੋਣੀ ਚਾਹੀਦੀ ਹੈ ਪਰ ਇਸ ਦੇ ਬਾਵਜੂਦ ਵੀ ਟਾਈਮ ਲਿਆ ਗਿਆ। ਇਹ ਕਹਿੰਦੇ ਹਨ ਕਿ ਸਾਡੇ ਕੋਲ ਡਾਟਾ ਨਹੀਂ ਹੈ, ਅਸੀਂ ਸਰਚ ਕਰਨਾ ਹੈ। ਮੇਰੇ ਕੋਲ ਇਹ ਡਾਟਾ ਹੈ। ਸੀ.ਐਮ. ਸਾਹਿਬ, ਜੇਕਰ 24-48 ਘੰਟਿਆਂ ਵਿੱਚ ਹਰਿਆਣਾ ਸਰਕਾਰ ਇਸ ਨੂੰ ਲਾਗੂ ਕਰ ਸਕਦੀ ਹੈ ਤਾਂ ਪੰਜਾਬ ਸਰਕਾਰ ਨੂੰ ਕੋਈ ਪਰੇਸ਼ਾਨੀ ਨਹੀਂ ਹੋਣੀ ਚਾਹੀਦੀ। ਇਸ ਦੇ ਵਾਸਤੇ ਮੈਂ ਇਹ ਬੇਨਤੀ ਕਰਦਾ ਹਾਂ, ਕਿਉਂਕਿ ਸਾਡੀ ਆਰਥਿਕ ਹਾਲਤ ਬਦ ਨਾਲੋਂ ਬਦਤਰ ਹੈ।

ਮਾਨਯੋਗ ਸਪੀਕਰ : ਇਹ ਤੁਸੀਂ ਰਿਪੋਰਟ ਵਿੱਚ ਲਿਖਿਆ ਹੋਵੇਗਾ।

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ : ਮੈਂ ਇੱਕ ਲਾਈਨ ਵਿੱਚ ਹੀ ਕਹਿਣ ਲੱਗਾ ਹਾਂ ਜੀ। (ਵਿਘਨ) (ਸ਼ੋਰ) ਮੈਂ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਹਾਊਸ ਵਿੱਚ ਉੱਠ ਕੇ ਇਸ ਗੱਲ ਦਾ ਜਵਾਬ ਦੇ ਦੇਣ। (ਸ਼ੋਰ) ਮੈਂ ਸਿਰਫ ਇਹ ਗੱਲ ਕਹਿ ਰਿਹਾ ਹਾਂ ਕਿ ਇਹ ਲਾਗੂ ਨਾ ਹੋਣ ਕਰਕੇ ਸਾਡੇ ਪੁਲਿਸ ਅਫਸਰਾਂ ਨੂੰ ਡੀ.ਐਸ.ਪੀ. ਤੋਂ ਇੰਸਪੈਕਟਰ ਬਣਾ ਦਿੱਤਾ ਗਿਆ, ਐਕਸੀਅਨ ਨੂੰ ਜੇ.ਈ., ਐਸ.ਡੀ.ਓ. ਬਣਾ ਦਿੱਤਾ ਗਿਆ ਹੈ, ਜਿਹੜੇ ਪ੍ਰਿੰਸੀਪਲ ਹਨ, ਉਨ੍ਹਾਂ ਨੂੰ ਲੈਕਚਰਾਰ, ਟੀਚਰ ਬਣਾ ਦਿੱਤਾ ਗਿਆ ਹੈ। ਇਹ ਸਾਡੇ ਵਾਸਤੇ ਸਭ ਤੋਂ ਖਤਰਨਾਕ ਟੂਲ ਹੈ।

ਮਾਨਯੋਗ ਸਪੀਕਰ : ਧੰਨਵਾਦ, ਤੁਸੀਂ ਆਪਣੀ ਗੱਲ ਕਹਿ ਦਿੱਤੀ ਹੈ। (ਵਿਘਨ) (ਸ਼ੋਰ) ਧੰਨਵਾਦ।

(ਇਸ ਸਮੇਂ ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ਜਿਸ ਕਰਕੇ ਹੋਕੇ ਸਾਫ ਸੁਣਾਈ ਨਹੀਂ ਦੇ ਰਿਹਾ ਸੀ)

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ : ਸੀ.ਐਮ. ਦੀ ਹਾਜ਼ਰੀ ਦੇ ਅੰਦਰ ਇਹ ਗੱਲ ਕਹੀ ਹੈ ਕਿ ਇਸ ਵਾਸਤੇ ਮੰਤਰੀਆਂ ਦੀ ਇੱਕ ਕਮੇਟੀ ਬਣੇ ਜਾਂ ਹਾਊਸ ਦੀ ਇੱਕ ਕਮੇਟੀ ਬਣੇ।

ਮਾਨਯੋਗ ਸਪੀਕਰ : ਬੈਠੋ, ਬੈਠੋ। ਰਣਦੀਪ ਸਿੰਘ ਨਾਭਾ ਜੀ। (ਵਿਘਨ) (ਸ਼ੋਰ)

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ : ਸਪੀਕਰ ਸਾਹਿਬ, ਰਿਪੋਰਟ ਤਾਂ ਪੇਸ਼ ਕਰ ਲੈਣ ਦਿਉ।

ਮਾਨਯੋਗ ਸਪੀਕਰ : ਫਿਰ ਕੀ ਤੁਸੀਂ ਭਾਸ਼ਣ ਕਰੀ ਜਾਣਾ ਹੈ, (ਸ਼ੋਰ) ਤੁਹਾਨੂੰ ਰਿਪੋਰਟ ਪੇਸ਼ ਕਰਨ ਵਾਸਤੇ ਕਿਹਾ ਹੈ।

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਇੱਕ ਐਡਜਰਨਮੈਂਟ ਮੋਸ਼ਨ ਦਿੱਤਾ ਸੀ। (ਵਿਘਨ) (ਸ਼ੋਰ)

ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ : ਸਪੀਕਰ ਸਾਹਿਬ, ਮੈਂ ਰਿਪੋਰਟ ਪੇਸ਼ ਕਰਦਾ ਤਾਂ ਕਿਸ ਨੂੰ ਇਸ ਗੱਲ ਦਾ ਪਤਾ ਲੱਗਣਾ ਹੈ? (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਚਲੋ ਬੋਲੋ।(ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਰਿਪੋਰਟਾਂ ਵਿੱਚ ਇੰਟਰਵੈਨਸ਼ਨ ਨਹੀਂ ਹੁੰਦੀ।(ਸ਼ੋਰ)

(2) **ਸਭਾਪਤੀ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ (ਡਾਕਟਰ ਰਾਜ ਕੁਮਾਰ ਵੇਰਕਾ)** : ਸ਼੍ਰੀਮਾਨ ਜੀ, ਮੈਂ 85ਵੀਂ ਸੋਧ ਲਾਗੂ ਕਰਨ ਅਤੇ ਪ੍ਰਸੋਨਲ ਵਿਭਾਗ ਦੁਆਰਾ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪੱਛੜੀਆਂ ਸ਼੍ਰੇਣੀਆਂ ਨੂੰ ਰਾਜ ਦੀਆਂ ਸਰਕਾਰੀ ਸੇਵਾਵਾਂ ਵਿੱਚ ਬਣਦੀ ਪ੍ਰਤੀਨਿਧਤਾ ਦੇਣ ਲਈ ਮਿਤੀ 10.10.2014 ਨੂੰ ਜਾਰੀ ਕੀਤੇ ਗਏ ਪੱਤਰ ਨੂੰ ਵਾਪਸ ਲੈਣ ਸਬੰਧੀ ਸਾਲ 2017-18 ਲਈ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਕਮੇਟੀ ਦੀ 43ਵੀਂ ਰਿਪੋਰਟ ਪੇਸ਼ ਕਰਦਾ ਹਾਂ। (ਵਿਘਨ) (ਸ਼ੋਰ)

ਮਾਨਯੋਗ ਸਪੀਕਰ : ਰਿਪੋਰਟਾਂ ਵਿੱਚ ਇੰਟਰਵੈਨਸ਼ਨ ਨਹੀਂ ਹੁੰਦੀ। (ਸ਼ੋਰ) ਸਰਦਾਰ ਰਣਦੀਪ ਸਿੰਘ ਨਾਭਾ। (ਵਿਘਨ) (ਸ਼ੋਰ)

ਸ਼੍ਰੀ ਅਮਨ ਅਰੋੜਾ : ਫਿਰ ਅਸੀਂ ਕੀ ਚਾਹੁੰਦੇ ਹਾਂ। (ਸ਼ੋਰ) ਪੰਜਾਬ ਲੁੱਟਿਆ ਜਾ ਰਿਹਾ ਹੈ। (ਵਿਘਨ) (ਸ਼ੋਰ) ਢਾਈ ਲੱਖ ਕਰੋੜ ਦਾ ਕਰਜ਼ਾ ਚੜ੍ਹ ਗਿਆ ਹੈ। ਕਦੇ ਕੋਈ ਪਾਲੀਟੀਸ਼ਨ ਬੈਂਕਰੱਪਟ ਹੁੰਦਾ ਦੇਖਿਆ ਹੈ? ਸਟੇਟ ਬੈਂਕਰੱਪਟ ਕਿਵੇਂ ਹੋ ਗਈ ਹੈ? (ਵਿਘਨ) (ਸ਼ੋਰ)

(3) **ਸਭਾਪਤੀ, ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ (ਸਰਦਾਰ ਰਣਦੀਪ ਸਿੰਘ)** : ਸ਼੍ਰੀਮਾਨ ਜੀ, ਮੈਂ ਸਾਲ 2017-18 ਲਈ ਸਰਕਾਰੀ ਆਸ਼ਵਾਸਨਾਂ ਸਬੰਧੀ ਕਮੇਟੀ ਦੀ 47ਵੀਂ ਰਿਪੋਰਟ ਪੇਸ਼ ਕਰਦਾ ਹਾਂ ।

ਸ਼੍ਰੀ ਅਮਨ ਅਰੋੜਾ : ਸਪੀਕਰ ਸਾਹਿਬ, ਇਹ ਕੰਮ ਨਹੀਂ ਚੱਲਣਾ.....

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਆ ਗਏ।)

ਮਾਨਯੋਗ ਸਪੀਕਰ : ਰਾਣਾ ਗੁਰਮੀਤ ਸਿੰਘ ਸੋਢੀ ਜੀ ਰਿਪੋਰਟ ਪੇਸ਼ ਕਰਨ। (ਵਿਘਨ) (ਸ਼ੋਰ)

(4) **ਸਭਾਪਤੀ, ਕੁਐਸਚਨਜ ਅਤੇ ਰੈਫਰੈਂਸਿਜ਼ ਕਮੇਟੀ (ਰਾਣਾ ਗੁਰਮੀਤ ਸਿੰਘ ਸੋਢੀ)**: ਸ਼੍ਰੀਮਾਨ ਜੀ, ਮੈਂ ਸਾਲ 2017-18 ਲਈ ਕੁਐਸਚਨਜ ਅਤੇ ਰੈਫਰੈਂਸਿਜ਼ ਕਮੇਟੀ ਦੀ 11ਵੀਂ ਰਿਪੋਰਟ ਪੇਸ਼ ਕਰਦਾ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਪਲੀਜ਼ ਕਾਰਵਾਈ ਨੂੰ ਚੱਲਣ ਦਿਓ, ਪਲੀਜ਼ ਚੱਲਣ ਦਿਓ। (ਵਿਘਨ, ਸ਼ੋਰ)

RESUMPTION OF DISCUSSION ON GOVERNOR'S ADDRESS AND VOTE ON THE MOTION OF THANKS

ਮਾਨਯੋਗ ਸਪੀਕਰ : ਅਗਲੀ ਆਈਟਮ। ਰਾਜਪਾਲ ਦੇ ਭਾਸ਼ਣ ਤੇ ਬਹਿਸ ਮੁੜ ਆਰੰਭ ਕਰਨਾ ਅਤੇ ਧੰਨਵਾਦ ਪ੍ਰਸਤਾਵ ਤੇ ਵੋਟ। ਹੁਣ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ. ਵੱਲੋਂ ਰਾਜਪਾਲ ਦੇ ਭਾਸ਼ਣ ਤੇ ਨਿਮਨਲਿਖਤ ਪ੍ਰਸਤਾਵ 21 ਮਾਰਚ, 2018 (ਸਵੇਰ ਦੀ ਬੈਠਕ) ਨੂੰ ਪੇਸ਼ ਕੀਤਾ ਗਿਆ, ਜਿਸ ਦੀ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ, ਐਮ.ਐਲ.ਏ. ਵੱਲੋਂ ਪ੍ਰੋੜ੍ਹਤਾ ਕੀਤੀ ਗਈ ਤੇ ਅੱਗੇ ਹੋਰ ਬਹਿਸ ਹੋਵੇਗੀ-

ਕਿ ਰਾਜਪਾਲ ਜੀ ਨੂੰ ਨਿਮਨਲਿਖਤ ਸ਼ਬਦਾਂ ਵਿੱਚ ਮਾਣ-ਪੱਤਰ ਪੇਸ਼ ਕੀਤਾ ਜਾਵੇ :-

> "ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 20 ਮਾਰਚ, 2018 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

** Not recorded as ordered by the Chair.

ਮੈਂ, ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ.ਐਲ.ਏ. ਅਤੇ ਸ਼੍ਰੀ ਅਮਨ ਅਰੋੜਾ, ਐਮ.ਐਲ.ਏ. ਵੱਲੋਂ ਰਾਜਪਾਲ ਜੀ ਦੇ ਭਾਸ਼ਣ ਲਈ ਧੰਨਵਾਦ ਪ੍ਰਸਤਾਵ ਵਿੱਚ ਸੋਧਨਾ ਕਰਨ ਲਈ ਨੋਟਿਸ ਪ੍ਰਾਪਤ ਕੀਤੇ ਹਨ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਨ੍ਹਾਂ ਨੂੰ ਪੜ੍ਹਿਆ ਅਤੇ ਪ੍ਰਸਤਾਵ ਕੀਤਾ ਗਿਆ ਸਮਝਿਆ ਜਾਵੇ।

(ਆਵਾਜ਼ਾਂ : ਹਾਂ ਜੀ, ਹਾਂ ਜੀ।)

ਸੋਧਨਾ ਨੋਟਿਸ ਨੰ: 1

ਸਰਦਾਰ ਸੁਖਪਾਲ ਸਿੰਘ ਖਹਿਰਾ : ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ -

"ਐਪਰ ਅਫਸੋਸ ਹੈ ਕਿ ਰਮਸਾ/ਐਸ.ਐਸ.ਏ. ਅਧਿਆਪਕ, ਆਂਗਨਵਾੜੀ ਵਰਕਰਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਕਿਸੇ ਠੋਸ ਹੱਲ ਦਾ ਜ਼ਿਕਰ ਨਹੀਂ ਕੀਤਾ ਗਿਆ।"

ਸੋਧਨਾ ਨੋਟਿਸ ਨੰ: 2 ਅਤੇ 3

ਸ਼੍ਰੀ ਅਮਨ ਅਰੋੜਾ : ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ-ਲਿਖਤ ਜੋੜ ਦਿੱਤਾ ਜਾਵੇ -

1. "ਐਪਰ ਅਫਸੋਸ ਹੈ ਕਿ ਹਲਕਾ ਇੰਚਾਰਜ ਦੀ ਪ੍ਰਥਾ ਜੋ ਕਿ ਪੰਜਾਬ ਵਿੱਚ ਅੱਜ ਵੀ ਪ੍ਰਚਲਿਤ ਹੈ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ"; ਅਤੇ
2. "ਐਪਰ ਅਫਸੋਸ ਹੈ ਕਿ ਕਨਫਲਿਕਟ ਆਫ ਇੰਟ੍ਰਸਟ ਐਕਟ ਲਿਆਉਣ ਦਾ ਜੋ ਵਾਅਦਾ ਪਿਛਲੇ ਸਾਲ ਰਾਜਪਾਲ ਦੇ ਭਾਸ਼ਣ ਵਿੱਚ ਕੀਤਾ ਗਿਆ ਸੀ ਉਸ ਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਹੈ"

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

ਮਾਨਯੋਗ ਸਪੀਕਰ : ਸੀ.ਐਮ. ਸਾਹਿਬ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) (ਵਿਘਨ, ਸ਼ੋਰ) ਤੁਸੀਂ ਬਜਟ ਤੇ ਬੋਲ ਲੈਣਾ। ਪਲੀਜ਼, ਬਜਟ ਤੇ ਬੋਲ ਲੈਣਾ। ਸੀ.ਐਮ. ਸਾਹਿਬ ਜਵਾਬ ਦੇਣ ਲੱਗੇ ਹਨ। (ਵਿਘਨ, ਸ਼ੋਰ) ਸੀ. ਐਮ. ਸਾਹਿਬ, ਤੁਸੀਂ ਬੋਲੋ। (ਵਿਘਨ, ਸ਼ੋਰ)

** Not recorded as ordered by the Chair.

WALK-OUT

(ਇਸ ਸਮੇਂ ਆਮ ਆਦਮੀ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਕਿਸਾਨਾਂ ਅਤੇ ਅਨੁਸੂਚਿਤ ਜਾਤੀਆਂ ਦੇ ਮੁੱਦੇ ਤੇ ਬੋਲਣ ਲਈ ਸਮਾਂ ਨਾ ਦਿੱਤੇ ਜਾਣ ਦੇ ਰੋਸ ਵਜੋਂ ** ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

WELCOME ANNOUNCEMENT BY THE SPEAKER

ਮਾਨਯੋਗ ਸਪੀਕਰ : ਸਾਬਕਾ ਕੇਂਦਰੀ ਵਜ਼ੀਰ, ਸ਼੍ਰੀਮਤੀ ਪਰਨੀਤ ਕੌਰ ਜੀ ਅੱਜ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ, ਮੈਂ ਸਮੂਹ ਸਦਨ ਵੱਲੋਂ ਉਨ੍ਹਾਂ ਦਾ ਸਵਾਗਤ ਕਰਦਾ ਹਾਂ। (ਥੰਪਿੰਗ) (ਵਿਘਨ, ਸ਼ੋਰ) ਸੀ.ਐਮ. ਸਾਹਿਬ।

DISCUSSION ON GOVERNOR'S ADDRESS AND VOTE ON THE MOTION OF THANKS (*Resumption)*

CHIEF MINISTER (CAPTAIN AMARINDER SINGH) : Mr. Speaker, I rise to commend to the august House to unanimously adopt the Motion of Thanks to His Excellency the Governor of Punjab for his Address on the 20th March, 2018 as moved by my Hon'ble Colleague Sardar Sukhjinder Singh Randhawa, MLA. Governor Sahib has apprised the House about the various schemes and programmes initiated and achieved during the year 2017-18 clearly stating the vision of our Government. He has also highlighted some of the major constraints being faced by the Government.

ਸਰਦਾਰ ਸਿਮਰਜੀਤ ਸਿੰਘ ਬੈਂਸ : ** **

ਸ਼੍ਰੀ ਸੋਮ ਪ੍ਰਕਾਸ਼ : ** **

ਮਾਨਯੋਗ ਸਪੀਕਰ : ਜ਼ਰੂਰੀ ਨਹੀਂ ਹੈ, ਅੰਗਰੇਜ਼ੀ ਵਿੱਚ ਵੀ ਬੋਲ ਸਕਦੇ ਹਨ। ਅੰਗਰੇਜ਼ੀ ਬੋਲ ਸਕਦੇ ਹਨ। ਕੋਈ ਜ਼ਰੂਰੀ ਨਹੀਂ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕੁਝ ਮੈਂਬਰ, ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ, ਭਾਰਤੀ ਜਨਤਾ ਪਾਰਟੀ ਦੇ ਮੈਂਬਰ, ਸ਼੍ਰੀ ਸੋਮ ਪ੍ਰਕਾਸ਼ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ।)

ਮੁੱਖ ਮੰਤਰੀ : ਅਗਰ ਅੰਗਰੇਜ਼ੀ ਨਹੀਂ ਸਮਝ ਆਉਂਦੀ ਤਾਂ ਬਾਹਰ ਚਲੇ ਜਾਓ। ਬਾਹਰ ਚਲੇ ਜਾਓ। (ਵਿਘਨ, ਸ਼ੋਰ)

**Expunged/Not recorded as ordered by the Chair.

ਮਾਨਯੋਗ ਸਪੀਕਰ : ਬੈਠੋ, ਬੈਠੋ, ਬੈਠੋ। ਸੀ.ਐਮ. ਸਾਹਿਬ ਤੋਂ ਬਿਨਾਂ ਜੋ ਕੁਝ ਵੀ ਕਿਹਾ ਗਿਆ ਹੈ, ਉਹ ਐਕਸਪੰਜ ਕੀਤਾ ਜਾਵੇ। (ਵਿਘਨ, ਸ਼ੋਰ) ਸੀ.ਐਮ. ਸਾਹਿਬ ਬੋਲ ਰਹੇ ਹਨ।

ਮੁੱਖ ਮੰਤਰੀ : ਸਪੀਕਰ ਸਾਹਿਬ, ਜਦੋਂ ਗਵਰਨਰ ਸਾਹਿਬ ਬੋਲ ਰਹੇ ਸੀ ਤਾਂ ਉਨ੍ਹਾਂ ਨੇ ਅੰਗਰੇਜ਼ੀ ਵਿੱਚ ਆਪਣਾ ਭਾਸ਼ਣ ਦਿੱਤਾ ਸੀ ਪਰ ਪਤਾ ਨਹੀਂ ਇਹ ਉਸ ਤੋਂ ਕੀ ਸਮਝੇ ਹੋਣੇ ਹਨ। ਲੇਕਿਨ fact of the matter is that in various Houses of the country and Parliament ਅੰਗਰੇਜ਼ੀ, ਪੰਜਾਬੀ ਔਰ ਹਿੰਦੀ ਵਿੱਚ ਬੋਲਿਆ ਜਾਂਦਾ ਹੈ ਔਰ ਗਵਰਨਰ ਸਾਹਿਬ ਨੇ ਆਪਣਾ ਭਾਸ਼ਣ ਅੰਗਰੇਜ਼ੀ ਵਿੱਚ ਦਿੱਤਾ ਹੈ ਤਾਂ ਮੈਂ ਉਨ੍ਹਾਂ ਦਾ ਜਵਾਬ ਅੰਗਰੇਜ਼ੀ ਵਿੱਚ ਹੀ ਦੇ ਰਿਹਾ ਹਾਂ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) Then whatever issues, ਜਿੱਥੇ ਮੈਨੂੰ ਲੋੜ ਪਵੇਗੀ, ਜੇ ਮੈਨੂੰ ਕੋਈ ਹੋਰ ਇਸ਼ੂਜ਼ ਚੁੱਕਣੇ ਹੋਏ ਤਾਂ ਉਹ ਮੈਂ ਪੰਜਾਬੀ ਵਿੱਚ ਬੋਲਾਂਗਾ।

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ ਸਰਦਾਰ ਬਲਵਿੰਦਰ ਸਿੰਘ ਬੈਂਸ ਅਤੇ ਸਰਦਾਰ ਸਿਮਰਜੀਤ ਸਿੰਘ ਬੈਂਸ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

Mr. Speaker : No Point of Order. ਪਲੀਜ਼ ਬੈਠੋ। ਪਲੀਜ਼ ਬੈਠੋ। (ਵਿਘਨ, ਸ਼ੋਰ) ਲੀਡਰ ਆਫ ਦਿ ਹਾਊਸ ਬੋਲ ਰਹੇ ਹਨ, ਪਲੀਜ਼ ਬੈਠੋ। ਪਲੀਜ਼ ਬੈਠੋ ਸਾਰੇ। ਬੈਠੋ, ਬੈਠੋ। No Point of Order.

Chief Minister : The Governor Sahib has in his speech has also highlighted the various constraints being faced by this Government, particularly in view of the financial mismanagement by the previous Government. First year of our Government was the year of restructuring the systems, redefining the policies and reformulation of the programmes. We have, during this year, finalized and declared new policies and programmes: State's Industrial Policy, State Tourism Policy, State Advertising Policy, State Culture Policy, State Policy for Housing and Urban Development, State Excise Policy, State Tax Policy - GST, State Transport Policy, Mahatma Gandhi Sarbat Vikas Yojna, Agriculture Debt Relief Scheme, Ghar Ghar Rozgar and Guardians of Governance. ਇਹ ਪਾਲਿਸੀਆਂ ਸਾਡੀਆਂ ਲਾਗੂ ਹੋਣੀਆਂ ਸਨ ਅਤੇ ਗਵਰਨਰ ਸਾਹਿਬ ਨੇ ਇਸ ਤੇ ਆਪਣੇ ਭਾਸ਼ਣ ਵਿੱਚ ਕਾਫੀ ਜ਼ੋਰ ਪਾਇਆ ਸੀ।

We are also sincerely working on the State's Agricultural Policy. We will solicit suggestions of all the Members of the House. In fact, we have ended jungle raj and restored the rule of law in the State of Punjab (Thumping). The people of Punjab have reaffirmed their faith in our Government in the byelection to Gurdaspur parliamentary constituency as also in elections of 32 Municipalities and four Municipal Corporations where we have swept the polls. (Thumping) Our Party has won by a historic margin of one lac and 93 thousand votes. (Thumping) The SAD-BJP leaders who have been ruining the State for too long are fully aware that this rot is too deep to be cleared within a year.

……(interruptions)………..They are trying to deflect the wrongs done by them towards the Government hoping that they would go scot-free.

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਪੁਆਇੰਟ ਆਫ ਆਰਡਰ।

Mr. Speaker : No Point of Order. ਪਲੀਜ਼ ਬੈਠੋ। ...(ਵਿਘਨ...ਸ਼ੋਰ)

(ਇਸ ਸਮੇਂ ਸ਼੍ਰੋਮਣੀ ਅਕਾਲੀ ਪਾਰਟੀ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸਨ।)

CHIEF MINISTER : I do not understand, Speaker Sahib, if this gentleman, ਅਗਰ ਇਨ੍ਹਾਂ ਨੂੰ ਇੰਨਾ ਬੋਲਣ ਦਾ ਚਾਅ ਹੈ ਤਾਂ ਇਹ ਉਨ੍ਹਾਂ ਦੇ ਨਾਲ ਚਲੇ ਜਾਣ, ਜਦ ਉਹ ਵਾਪਸ ਆ ਜਾਣਗੇ ਫਿਰ ਬੋਲ ਲੈਣਗੇ। ਇੱਕ ਪਾਸੇ ਅਸੀਂ ਪ੍ਰਾਇਮਰੀ ਸਕੂਲਾਂ ਦੇ ਵਿੱਚ ਅੰਗਰੇਜ਼ੀ ਲਾਗੂ ਕਰਨ ਨੂੰ ਫਿਰਦੇ ਹਾਂ ਕਿਉਂਕਿ ਸਾਰੀ ਦੁਨੀਆਂ ਦੇ ਵਿੱਚ ਅੰਗਰੇਜ਼ੀ ਲਾਗੂ ਹੈ। ਜੇ ਆਪਣੇ ਬੱਚੇ ਅੰਗਰੇਜ਼ੀ ਨਾ ਸਿੱਖਣ ਤਾਂ ਉਨ੍ਹਾਂ ਦੀਆਂ ਮੁਸੀਬਤਾਂ ਬਹੁਤ ਵੱਧ ਜਾਣਗੀਆਂ। ਜਦੋਂ ਉਹ ਮੁੰਬਈ ਜਾਂ ਕਲਕੱਤੇ ਨੌਕਰੀ ਲਈ ਜਾਣਗੇ ਤਾਂ ਉਨ੍ਹਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਸੋ, ਇਨ੍ਹਾਂ ਨੂੰ ਇਸ ਗੱਲ ਦੀ ਸਪੋਰਟ ਕਰਨੀ ਚਾਹੀਦੀ ਹੈ। ਜੇਕਰ ਇਨ੍ਹਾਂ ਨੂੰ ਅੰਗਰੇਜ਼ੀ ਨਹੀਂ ਆਉਂਦੀ ਤਾਂ ਇਹ ਥੋੜ੍ਹੀ ਬਹੁਤ ਸੁਣ ਲੈਣ (ਲੋਕ ਇਨਸਾਫ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ) ਇਹ ਬੱਚਿਆਂ ਨੂੰ ਕੀ ਸਿਖਾਉਣਗੇ? We are in the process of verifying and examining every act of omission and commission done by them and I assure the House that we shall take appropriate legal action wherever necessary. I assure the House that those who are found guilty will not be spared. I am also amazed at the effort of SAD-BJP with the so called Pol khol rallies. ਮੈਨੂੰ ਤਾਂ ਇਹ ਨਹੀਂ ਸਮਝ ਆਉਂਦੀ ਕਿ ਇਹ ਕਿਹੜਾ ਪੋਲ ਖੋਲ੍ਹਣਗੇ। ਇਨ੍ਹਾਂ ਦੇ ਪੋਲ ਜੇਕਰ ਅਸੀਂ ਖੋਲ੍ਹਣ ਲੱਗੇ ਤਾਂ ਸਾਡਾ ਸਾਰਾ ਸਮਾਂ ਹੀ ਇਸ ਵਿੱਚ ਲੱਗ ਜਾਵੇਗਾ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) The Justice Mehtab Singh Commission of Inquiry has so far submitted five interim reports recommending cancellation of 225 cases and compensation and disciplinary action in 31 cases. Further legal action in this regard is currently under-way.

WALK-OUT

(ਇਸ ਸਮੇਂ ਲੋਕ ਇਨਸਾਫ ਪਾਰਟੀ ਦੇ ਮੈਂਬਰ, ਸਰਦਾਰ ਸਿਮਰਜੀਤ ਸਿੰਘ ਬੈਂਸ ਅਤੇ ਸਰਦਾਰ ਬਲਵਿੰਦਰ ਸਿੰਘ ਬੈਂਸ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਅੰਗਰੇਜ਼ੀ ਵਿੱਚ ਭਾਸ਼ਣ ਦੇਣ ਦੇ ਰੋਸ ਵਜੋਂ ਸਦਨ ਵਿੱਚੋਂ ** ** ਨਾਅਰੇ ਲਗਾਉਂਦੇ ਹੋਏ ਵਾਕ ਆਊਟ ਕਰ ਗਏ ਹਨ।)

ਮਾਨਯੋਗ ਸਪੀਕਰ : ਨਾਅਰੇ ਰਿਕਾਰਡ ਨਾ ਕੀਤੇ ਜਾਣ।

** Not recorded as ordered by the Chair.

DISCUSSION ON GOVERNOR'S ADDRESS AND VOTE ON THE MOTION OF THANKS (*Resumption)*

ਸਰਦਾਰ ਸੁਖਪਾਲ ਸਿੰਘ ਖਹਿਰਾ : ਕਾਂਗਰਸ ਦੇ 40 ਐਮ. ਐਲ. ਏ. ਔਰ ਇੱਥੇ ਜਿੰਨੇ ਵਜ਼ੀਰ ਬੋਲੇ, ਜਿੰਨੇ ਮੈਂਬਰ ਬੋਲੇ, ਸਾਰਿਆਂ ਨੇ ਕਿਹਾ ਕਿ ਇਸ ਦੇਸ਼ ਨੂੰ ਭ੍ਰਿਸ਼ਟਾਚਾਰ ਖਾ ਗਿਆ ਹੈ। ਕੀ ਭ੍ਰਿਸ਼ਟਾਚਾਰ ਲਈ, ਅਕਾਊਂਟੇਬਿਲਿਟੀ ਲਈ ਇਨਕੁਆਰੀ ਨਹੀਂ ਹੋਣੀ ਚਾਹੀਦੀ? (ਵਿਘਨ)

ਸਥਾਨਕ ਸਰਕਾਰ ਮੰਤਰੀ : ਹਾਂ ਜੀ, ਹੋਣੀ ਚਾਹੀਦੀ ਹੈ। (ਸ਼ੋਰ)

ਸਰਦਾਰ ਸੁਖਪਾਲ ਸਿੰਘ ਖਹਿਰਾ : ਇਸ ਦੇ ਨਾਲ ਨਾਲ ਡਰੱਗਜ਼ ਦੀ ਇਨਕੁਆਰੀ ਵੀ ਹੋਣੀ ਚਾਹੀਦੀ ਹੈ। ਸਭ ਤੋਂ ਪਹਿਲਾਂ ਮੈਂ ਆਫਰ ਕਰਦਾ ਹਾਂ ਕਿ ਮੇਰੇ ਤੇ ਇਲਜ਼ਾਮ ਲੱਗ ਰਹੇ ਹਨ, ਮੇਰੀ ਸੀ. ਬੀ. ਆਈ. ਤੋਂ ਇਨਕੁਆਰੀ ਕਰਵਾਈ ਜਾਵੇ। ਮੈਂ ਪਹਿਲਾਂ ਵੀ ਕਹਿ ਚੁੱਕਾ ਹਾਂ। (ਵਿਘਨ) (ਸ਼ੋਰ) ਮੈਂ ਅੱਜ ਵੀ ਕਹਿੰਦਾ ਹਾਂ। ਭਾਵੇਂ ਲੱਖ ਸਬਜੁਡਿਸ ਕੇਸ ਹੋਣ, ਭ੍ਰਿਸ਼ਟਾਚਾਰ ਸਬੰਧੀ, ਨਸ਼ਿਆਂ ਸਬੰਧੀ ਪੰਜਾਬ ਦੇ ਤਾਕਤਵਰ ਲੋਕਾਂ ਦੀ ਇਨਕੁਆਰੀ ਹੋਣੀ ਚਾਹੀਦੀ ਹੈ। (ਵਿਘਨ) (ਸ਼ੋਰ) ਇਹ ਮੇਰੀ ਇੱਕ ਵੱਡੀ ਕਲੈਰੀਫਿਕੇਸ਼ਨ ਹੈ, ਕੀ ਮੁੱਖ ਮੰਤਰੀ ਸਾਹਿਬ ਇਸ ਤੇ ਉੱਠ ਕੇ ਕੁਝ ਬਿਆਨ ਦੇਣਗੇ?

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਆਗਿਆ ਮੰਗ ਰਹੇ ਸਨ)।

ਮਾਨਯੋਗ ਸਪੀਕਰ : ਰਾਜਪਾਲ ਜੀ ਦੇ ਭਾਸ਼ਣ ਲਈ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਨ ਤੋਂ ਪਹਿਲਾਂ (ਵਿਘਨ) (ਸ਼ੋਰ) ..... ਇੱਕ ਇੱਕ ਕਲੈਰੀਫਿਕੇਸ਼ਨ ਆਉਣੀ ਹੈ। ਸਾਰਿਆਂ ਦੀ ਕਲੈਰੀਫਿਕੇਸ਼ਨ ਨਹੀਂ ਆਉਣੀ। (ਸ਼ੋਰ) ਰਾਜਪਾਲ ਜੀ ਦੇ ਭਾਸ਼ਣ ਲਈ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਨ ਤੋਂ ਪਹਿਲਾਂ ਮੈਂ ਸਰਦਾਰ ਸੁਖਪਾਲ ਸਿੰਘ ਖਹਿਰਾ, ਐਮ. ਐਲ .ਏ. ਅਤੇ ਸ਼੍ਰੀ ਅਮਨ ਅਰੋੜਾ, ਐਮ. ਐਲ. ਏ. ਵੱਲੋਂ ਦਿੱਤੇ ਗਏ ਸੋਧਨਾਵਾਂ ਦੇ ਨੋਟਿਸਜ਼ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।

ਸੋਧਨਾ ਨੋਟਿਸ ਨੰ: 1

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ ਲਿਖਤ ਜੋੜ ਦਿੱਤਾ ਜਾਵੇ –

> "ਐਪਰ ਅਫਸੋਸ ਹੈ ਕਿ ਰਮਸਾ/ਐਸ.ਐਸ.ਏ. ਅਧਿਆਪਕ, ਆਂਗਨਵਾੜੀ ਵਰਕਰਾਂ, ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਸਮੱਸਿਆਵਾਂ ਦਾ ਕਿਸੇ ਠੋਸ ਹੱਲ ਦਾ ਜ਼ਿਕਰ ਨਹੀਂ ਕੀਤਾ ਗਿਆ।"

ਪ੍ਰਸਤਾਵ ਅਪ੍ਰਵਾਨ ਹੋਇਆ।

ਸੋਧਨਾ ਨੋਟਿਸ ਨੰ: 2 ਅਤੇ 3

ਮਾਨਯੋਗ ਸਪੀਕਰ : ਪ੍ਰਸ਼ਨ ਹੈ –

ਕਿ ਧੰਨਵਾਦ ਪ੍ਰਸਤਾਵ ਦੇ ਅਖੀਰ ਵਿੱਚ ਨਿਮਨ ਲਿਖਤ ਜੋੜ ਦਿੱਤਾ ਜਾਵੇ –

1. "ਐਪਰ ਅਫਸੋਸ ਹੈ ਹਲਕਾ ਇੰਚਾਰਜ ਦੀ ਪ੍ਰਥਾ ਜੋ ਕਿ ਪੰਜਾਬ ਵਿੱਚ ਅੱਜ ਵੀ ਪ੍ਰਚਲਿਤ ਹੈ ਉਸ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ।" ਅਤੇ
2. "ਐਪਰ ਅਫਸੋਸ ਹੈ ਕਿ ਕੰਨਫਲਿਕਟ ਆਫ ਇੰਟ੍ਰਸਟ ਐਕਟ ਲਿਆਉਣ ਦਾ ਜੋ ਵਾਅਦਾ ਪਿਛਲੇ ਸਾਲ ਰਾਜਪਾਲ ਦੇ ਭਾਸ਼ਣ ਵਿੱਚ ਕੀਤਾ ਗਿਆ ਸੀ ਉਸ ਦਾ ਇਸ ਵਿੱਚ ਕੋਈ ਜ਼ਿਕਰ ਨਹੀਂ ਹੈ।"

ਪ੍ਰਸਤਾਵ ਅਪ੍ਰਵਾਨ ਹੋਏ।

(ਇਸ ਸਮੇਂ ਸ਼੍ਰੀ ਅਮਨ ਅਰੋੜਾ, ਮੈਂਬਰ, ਆਮ ਆਦਮੀ ਪਾਰਟੀ ਆਪਣੀ ਸੀਟ ਤੇ ਖੜ੍ਹੇ ਸਨ ਅਤੇ ਬੋਲਣ ਲਈ ਆਗਿਆ ਮੰਗ ਰਹੇ ਸਨ।)

ਮਾਨਯੋਗ ਸਪੀਕਰ : ਹੁਣ ਮੈਂ, ਸਰਦਾਰ ਸੁਖਜਿੰਦਰ ਸਿੰਘ ਰੰਧਾਵਾ, ਐਮ.ਐਲ.ਏ. ਦੁਆਰਾ ਪੇਸ਼ ਕੀਤੇ ਗਏ ਅਤੇ ਸ਼੍ਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੁਆਰਾ ਪ੍ਰੋੜ੍ਹਤਾ ਕੀਤੇ ਗਏ ਧੰਨਵਾਦ ਪ੍ਰਸਤਾਵ ਨੂੰ ਸਦਨ ਦੀ ਵੋਟ ਲਈ ਪੇਸ਼ ਕਰਦਾ ਹਾਂ।

ਪ੍ਰਸ਼ਨ ਹੈ –

ਕਿ ਰਾਜਪਾਲ ਜੀ ਨੂੰ ਨਿਮਨਲਿਖਤ ਸ਼ਬਦਾਂ ਵਿੱਚ ਮਾਣ–ਪੱਤਰ ਪੇਸ਼ ਕੀਤਾ ਜਾਵੇ:–

"ਕਿ ਇਸ ਸਮਾਗਮ ਵਿੱਚ ਇਕੱਤਰ ਹੋਏ ਇਸ ਸਦਨ ਦੇ ਮੈਂਬਰ ਰਾਜਪਾਲ ਜੀ ਦੇ ਉਸ ਭਾਸ਼ਣ ਲਈ ਅਤਿ ਧੰਨਵਾਦੀ ਹਨ ਜੋ ਉਨ੍ਹਾਂ ਨੇ 20 ਮਾਰਚ, 2018 ਨੂੰ ਸਦਨ ਵਿੱਚ ਦੇਣ ਦੀ ਕ੍ਰਿਪਾਲਤਾ ਕੀਤੀ।"

ਪ੍ਰਸਤਾਵ ਪ੍ਰਵਾਨ ਹੋਇਆ।

GENERAL DISCUSSION ON THE BUDGET ESTIMATES FOR THE YEAR 2018-19

ਮਾਨਯੋਗ ਸਪੀਕਰ : ਬਜਟ ਅਨੁਮਾਨਾਂ ਤੇ ਆਮ ਬਹਿਸ। ਸ਼੍ਰੀ ਕੰਵਰ ਸੰਧੂ ਜੀ to open the Debate.

ਸ਼੍ਰੀ ਕੰਵਰ ਸੰਧੂ (ਖਰੜ) : ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਤੁਸੀਂ ਮੈਨੂੰ ਬਜਟ ਡਿਸਕਸ਼ਨ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਰਦਾਰ ਮਨਪ੍ਰੀਤ ਸਿੰਘ ਬਾਦਲ ਵੱਲੋਂ ਬਜਟ ਪੇਸ਼ ਕੀਤਾ ਗਿਆ ਹੈ ਔਰ ਮੇਰਾ ਖਿਆਲ ਹੈ ਕਿ ਸ਼ਾਇਦ ਇਨ੍ਹਾਂ ਨੇ ਛੇਵਾਂ ਬਜਟ ਪੇਸ਼ ਕੀਤਾ ਹੈ। ਸਾਨੂੰ ਆਸ ਸੀ ਕਿ ਹੁਣ ਤੱਕ ਛੇ ਬਜਟ ਪੇਸ਼ ਕਰਕੇ ਉਨ੍ਹਾਂ ਨੂੰ ਤਜਰਬਾ ਹੋ ਗਿਆ ਹੋਣਾ ਤੇ ਸਾਨੂੰ ਆਸ ਸੀ ਕਿ ਹੁਣ ਤੱਕ ਪੰਜਾਬ ਦੀ ਹਾਲਤ ਤੇ ਪੰਜਾਬ ਦੀ ਨੁਹਾਰ ਬਦਲ ਗਈ ਹੋਣੀ ਹੈ। ਉਨ੍ਹਾਂ ਨੇ ਪਹਿਲਾ ਬਜਟ ਪੇਸ਼ ਕੀਤਾ, ਫਿਰ ਦੂਜਾ ਪੇਸ਼ ਕੀਤਾ, ਫਿਰ ਤੀਜਾ ਪੇਸ਼ ਕੀਤਾ ਤੇ ਫਿਰ ਚੌਥਾ ਪੇਸ਼ ਕੀਤਾ। ਉਹ ਲਗਾਤਾਰ ਸਬਜ਼ਬਾਗ ਦਿਖਾਉਂਦੇ ਰਹੇ ਹਨ ਔਰ ਜਿਹੜੇ ਹੁਣ ਦੀ ਬਜਟ ਸਪੀਚ ਦੇ ਨਾਲ ਬਾਕੀ ਡਾਕੂਮੈਂਟਸ ਹਨ, ਮੈਂ ਉਨ੍ਹਾਂ ਨੂੰ ਇੱਕ ਵਾਰੀ ਪੜ੍ਹਿਆ, ਦੂਜੀ ਵਾਰੀ ਪੜ੍ਹਿਆ, ਉਤੇ ਕੀਤਾ, ਥੱਲੇ ਕੀਤਾ ਪਰ ਵਿੱਚੋਂ ਕੁਝ ਨਹੀਂ ਨਿਕਲਿਆ ਹੈ। ਮੈਂ ਗਵਰਨਰ ਸਾਹਿਬ ਦਾ ਭਾਸ਼ਣ ਵੀ ਸੁਣਿਆ ਸੀ ਤੇ ਸੀ.ਐਮ. ਸਾਹਿਬ ਨੂੰ ਵੀ ਹੁਣੇ ਬੋਲਦੇ ਹੋਏ ਸੁਣਿਆ ਸੀ ਪਰ ਮੈਨੂੰ ਲਗਦਾ ਹੈ ਕਿ ਵਿੱਤ ਮੰਤਰੀ ਸਾਹਿਬ ਨੇ ਸਿਰਫ ਆਪਣੇ ਆਪ ਨੂੰ ਹੀ ਨਹੀਂ ਬਲਕਿ ਆਪਣੇ ਸਾਥੀਆਂ ਨੂੰ ਵੀ ਅਤੇ ਸੀ.ਐਮ. ਸਾਹਿਬ ਨੂੰ ਵੀ ਗੁੰਮਰਾਹ ਕੀਤਾ ਹੈ। ਉਨ੍ਹਾਂ ਨੇ ਕੁਝ ਗੱਲਾਂ ਪਿਛਲੇ ਬਜਟ ਵਿੱਚ ਲਿਖੀਆਂ ਸਨ ਪਰ ਉਹ ਐਤਕੀਂ ਇਸ ਬਜਟ ਵਿੱਚ ਨਹੀਂ ਹਨ ਔਰ ਹੁਣ ਵੀ ਸਰਕਾਰ ਕਹਿ ਰਹੀ ਹੈ ਤੇ ਸੀ.ਐਮ. ਸਾਹਿਬ ਨੇ ਵੀ ਕਿਹਾ ਹੈ ਕਿ ਸਿਆਸੀ ਦਖਲਅੰਦਾਜ਼ੀ ਔਰ ਸਰਕਾਰ ਦੀ ਕਾਰਗੁਜ਼ਾਰੀ ਬਿਲਕੁਲ ਨਹੀਂ ਹੈ। ਮੇਰਾ ਖਿਆਲ ਕੋਈ ਵੀ ਆਪੋਜ਼ੀਸ਼ਨ ਦਾ ਮੈਂਬਰ ਇਸ ਨਾਲ ਸਹਿਮਤ ਨਹੀਂ ਹੋਵੇਗਾ। ਸਾਰੇ ਮੈਂਬਰ ਇਸ ਗੱਲ ਨਾਲ agree ਕਰਨਗੇ ਕਿ ਹਾਲੇ ਵੀ situation ਉਸੇ ਤਰ੍ਹਾਂ ਹੀ ਚੱਲ ਰਹੀ ਹੈ ਜਿਵੇਂ ਪਹਿਲੇ ਚੱਲ ਰਹੀ ਸੀ। ਉਸੇ ਤਰ੍ਹਾਂ ਹੀ ਹਲਕਾ ਇੰਚਾਰਜ ਦੀ ਗੱਲ ਹੈ। ਇੰਜ ਲਗਦਾ ਹੈ ਕਿ ਸੀ. ਐਮ. ਸਾਹਿਬ ਅਖਬਾਰਾਂ ਨਹੀਂ ਪੜ੍ਹਦੇ ਹਨ। ਅਖਬਾਰਾਂ ਵਿੱਚ ਫੋਟੋਆਂ ਆਉਂਦੀਆਂ ਹਨ ਕਿ ਕਿਵੇਂ ਹਲਕਾ ਇੰਚਾਰਜ ਦੀ ਪ੍ਰਥਾ ਉਸੇ ਤਰ੍ਹਾਂ ਹੀ ਚਲ ਰਹੀ ਹੈ। ਇਨ੍ਹਾਂ ਨੇ ਗੱਲ ਕੀਤੀ ਕਿ Connect with the Roots ਸਕੀਮ ਤਹਿਤ NRI's ਨੂੰ ਬੁਲਾਉਣਾ ਹੈ। ਸਭ ਨੂੰ ਪਤਾ ਹੈ ਤੇ ਮੈਂ ਪਿੱਛੇ ਅਖਬਾਰ ਵੀ ਦੇਖ ਰਿਹਾ ਸੀ ਕਿ Connect with the Roots ਸਕੀਮ ਤਹਿਤ ਸ਼ਾਇਦ ਸਿਰਫ ਇੱਕ ਸੱਜਣ ਨੇ ਹੀ enroll ਕੀਤਾ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਅਸੀਂ ਨਵੀਆਂ ਜ਼ੁਬਾਨਾਂ

[ਸ਼੍ਰੀ ਕੰਵਰ ਸੰਧੂ]

ਲੋਕਾਂ ਨੂੰ ਸਿਖਾਉਣ ਲੱਗੇ ਹਾਂ। ਮੈਂ ਪਿੱਛੇ ਅਖਬਾਰ ਵਿੱਚ ਦੇਖ ਰਿਹਾ ਸੀ ਤੇ ਉਸ ਵਿੱਚ ਇੱਕ ਸਰਵੇ ਆਇਆ ਸੀ ਕਿ ਪੰਜਵੀਂ ਕਲਾਸ ਦੇ ਪੰਜਾਬ ਦੇ ਬੱਚੇ ਇੱਕ sentence ਵੀ ਪੰਜਾਬੀ ਵਿੱਚ ਨਹੀਂ ਲਿਖ ਸਕਦੇ ਹਨ। ਪੰਜਾਬ ਵਿੱਚ ਸਿੱਖਿਆ ਦੀ ਇਹ ਹਾਲਤ ਬਣੀ ਹੋਈ ਹੈ ਔਰ ਇੱਥੇ ਅਸੀਂ Chinese language ਸਿਖਾਉਣ ਲੱਗੇ ਹਾਂ। ਚਲੋ, ਇਸੇ ਬਹਾਨੇ ਸ਼ਾਇਦ China ਦਾ ਦੌਰਾ ਹੋ ਜਾਵੇਗਾ। ਮੈਂ ਬਜਟ ਦੇ ਉਤੇ ਬੋਲਣ ਲੱਗਾ ਹਾਂ ਤੇ ਮੈਨੂੰ ਲਗਦਾ ਹੈ ਕਿ ਸਿਰਫ ਫਿਗਰਜ਼ ਦੇ ਨਾਲ ਛੇੜਛਾੜ, tinkering ਕੀਤੀ ਗਈ ਹੈ। ਹੋਰ ਇਸ ਤੋਂ ਇਲਾਵਾ ਕੁਝ ਵੀ ਨਹੀਂ ਹੈ। ਬੜੀਆਂ ਗੱਲਾਂ ਕੀਤੀਆਂ ਗਈਆਂ ਕਿ ਅਸੀਂ ਕਰਜ਼ੇ ਮਾਫ ਕਰ ਦਿੱਤੇ ਹਨ ਤੇ ਜਿੰਨੇ ਕਰਜ਼ੇ ਪੰਜਾਬ ਸਰਕਾਰ ਨੇ ਮਾਫ ਕਰ ਦਿੱਤੇ ਹਨ, ਉਨੇ ਕਰਜ਼ੇ ਹੋਰ ਕਿਸੇ ਰਾਜ ਨੇ ਮਾਫ ਨਹੀਂ ਕੀਤੇ ਹਨ। ਜਿਹੜੇ ਟਰੇਜ਼ਰੀ ਬੈਂਚਿਜ਼ ਦੇ ਮੈਂਬਰ ਸਾਹਿਬਾਨ ਹਨ, ਉਨ੍ਹਾਂ ਵਿਚਾਰਿਆਂ ਨੇ ਟੇਬਲਾਂ ਨੂੰ ਥਪਥਪਾ ਕੇ ਹੱਥ ਵੀ ਸੁਜਾ ਲਏ ਹਨ ਪਰ ਲੋਕਾਂ ਦਾ ਕਰਜ਼ਾ ਹਾਲੇ ਤੱਕ ਮਾਫ ਨਹੀਂ ਹੋਇਆ ਹੈ। ਪਿਛਲੇ ਸਾਲ ਇਨ੍ਹਾਂ ਨੇ 1500 ਕਰੋੜ ਕਰਜ਼ਾ ਮਾਫੀ ਲਈ ਰੱਖਿਆ ਸੀ ਲੇਕਿਨ ਇਨ੍ਹਾਂ ਦੀ ਆਪਣੀ ਫਿਗਰ ਹੀ ਹੈ ਕਿ 370 ਕਰੋੜ ਕਰਜ਼ਾ ਮਾਫ ਹੋਇਆ ਹੈ। ਵੈਸੇ ਅਸਲੀਅਤ ਤਾਂ 328 ਜਾਂ 329 ਕਰੋੜ ਹੀ ਦਸਦੇ ਹਨ। ਜੇ ਮੰਨ ਲਈਏ ਕਿ 1500 ਕਰੋੜ ਦਾ ਪੂਰਾ ਕਰਜ਼ਾ ਵੀ ਮਾਫ ਹੋਣਾ ਹੁੰਦਾ ਤਾਂ ਉਦੋਂ ਵੀ ਉਹ ਟੋਟਲ ਕਰਜ਼ੇ ਦਾ 1.7% ਹੀ ਬਣਦਾ ਸੀ। ਕਿਸਾਨਾਂ ਦੇ ਉਤੇ ਟੋਟਲ ਕਰਜ਼ਾ 90,000 ਕਰੋੜ ਦਾ ਹੈ ਤੇ ਉਸ ਵਿੱਚੋਂ 1.7% ਕਰਜ਼ਾ ਤਾਂ ਮਾਫ ਹੋਣਾ ਸੀ ਜੇ ਇਹ ਪੂਰਾ ਹੀ 1500 ਕਰੋੜ ਖਰਚ ਕਰ ਦਿੰਦੇ। ਲੇਕਿਨ ਇਨ੍ਹਾਂ ਨੇ ਜੋ 370 ਕਰੋੜ ਦਾ ਕਰਜ਼ਾ ਮਾਫ ਕੀਤਾ ਹੈ, ਉਹ ਸਿਰਫ 0.4% ਹੀ ਬਣਦਾ ਹੈ। ਇਨ੍ਹਾਂ ਨੇ ਕਿਹਾ ਹੈ ਕਿ ਅਸੀਂ 10,000 ਕਰੋੜ ਦਾ ਕਰਜ਼ਾ ਮਾਫ ਕਰਾਂਗੇ। ਜੇ ਇਹ 10,000 ਕਰੋੜ ਦਾ ਕਰਜ਼ਾ ਵੀ ਮਾਫ ਕਰ ਦੇਣਗੇ ਤਾਂ ਵੀ ਇਹ ਟੋਟਲ ਅਮਾਊਂਟ ਦਾ 11% ਹੀ ਬਣੇਗਾ ਔਰ ਜੇ ਮੰਨ ਲਈਏ ਕਿ ਸਿਰਫ ਬੈਂਕਾਂ ਦਾ Institutional loan ਮਾਫ ਕਰਨਾ ਹੈ ਤਾਂ ਉਹ ਵੀ ਕਰੀਬ 17 ਫੀਸਦੀ ਬਣਦਾ ਹੈ। ਸੋ, ਇਹ ਕਰਜ਼ੇ ਦੀ ਹਾਲਤ ਹੈ। ਸਪੀਕਰ ਸਾਹਿਬ, ਦੁਖਦਾਇਕ ਗੱਲ ਇਹ ਹੈ ਕਿ ਕਰੀਬ 17 ਫੀਸਦੀ ਕਿਸਾਨ ਪੰਜਾਬ ਦੇ ਕਰਜ਼ੇ ਦੇ ਸ਼ਿਕੰਜੇ ਵਿੱਚ ਆ ਚੁੱਕੇ ਹਨ। ਇਹੋ ਲੋਕ ਹਨ ਜੋ ਹਾਲੇ ਵੀ ਰੋਜ਼ ਖੁਦਕੁਸ਼ੀਆਂ ਕਰ ਰਹੇ ਹਨ। ਰੋਜ਼ ਅਖਬਾਰਾਂ ਦੇ ਵਿੱਚ ਆ ਰਿਹਾ ਹੈ ਕਿ ਇੱਕ-ਇੱਕ, ਦੋ-ਦੋ ਸਖਸ਼ ਖੁਦਕੁਸ਼ੀ ਕਰ ਰਿਹਾ ਹੈ। ਇੱਕ ਸਕੀਮ ਤਾਂ ਤੁਸੀਂ ਇਸ ਕੰਮ ਨੂੰ ਰੋਕਣ ਵਾਸਤੇ ਅਨਾਊਂਸ ਕਰ ਦਿੱਤੀ। ਅਸੀਂ ਕੀ ਕੀਤਾ। ਇਸ ਦੇ ਬਾਰੇ ਬਜਟ ਵਿੱਚ ਕੁਝ ਨਹੀਂ ਹੈ। ਕਿਉਂਕਿ ਮੈਂ ਇਤਿਹਾਸ ਦਾ ਸਟੂਡੈਂਟ ਵੀ ਰਿਹਾ ਹਾਂ, ਮੈਨੂੰ ਬੜੀ ਪੁਰਾਣੀ ਗੱਲ ਯਾਦ ਆ ਗਈ। Nero fiddling while Roam was burning ਬੜੀ ਪੁਰਾਣੀ ਗੱਲ ਹੈ, ਪਹਿਲੀ ਸਦੀ ਦੀ ਗੱਲ ਹੈ। ਰਾਜਾ ਸੀ ਨੀਰੋ, ਪਹਿਲਾਂ ਤਾਂ ਉਸ ਨੇ ਅੱਗ ਲਾਈ। ਮੈਂ ਇਸ ਗੱਲ ਵਿੱਚ ਨਹੀਂ ਪੈਣਾ ਚਾਹੁੰਦਾ ਕਿਉਂਕਿ ਇੱਥੇ ਰੌਲਾ ਪੈ ਜਾਣਾ ਹੈ ਕਿ ਇਹ ਪੰਜਾਬ ਦੀ ਅੱਗ ਕਿਸ ਨੇ ਲਾਈ। ਤੁਹਾਨੂੰ ਪਤਾ ਹੀ ਹੈ ਕਿ 1984 ਤੋਂ ਲੈ ਕੇ ਜੋ ਕੁਝ ਵੀ ਹੁੰਦਾ ਰਿਹਾ ਹੈ, ਕਿਨ੍ਹਾਂ ਲੋਕਾਂ ਨੇ ਅੱਗ ਲਾਈ। ਹੁਣ ਇੰਨਾ ਸੀਰੀਅਸ ਮਸਲਾ ਹੈ ਕਿ ਪੰਜਾਬ ਵਿੱਚ ਅੱਗ ਲੱਗੀ ਪਈ ਹੈ। ਕਿਸਾਨੀ ਬਿਲਕੁਲ ਬਰਬਾਦ ਹੋ ਚੁੱਕੀ ਹੈ, ਕਿਸਾਨੀ ਦਾ ਸਾਨੂੰ ਫਖਰ ਸੀ ਲੇਕਿਨ ਉਹ ਬਿਲਕੁਲ ਬਰਬਾਦ ਹੋ ਗਈ। ਅਸੀਂ 0.4% ਉਨ੍ਹਾਂ ਦਾ ਕਰਜ਼ਾ ਮੁਆਫ ਕਰ ਰਹੇ ਹਾਂ। ਉਹ ਨੀਰੋ ਜਿਹੜਾ ਸੀ, ਉਸ ਨੂੰ ਵਾਇਲਨ ਪਲੇਅ ਕਰਨ ਦਾ ਸ਼ੌਂਕ ਸੀ ਜੋ ਕਿ ਇੱਕ ਮਿਊਜ਼ੀਕਲ ਇੰਸਟਰੂਮੈਂਟ ਹੈ। ਜਿਵੇਂ ਸਾਡੇ ਐੱਫ.ਐੱਮ. ਸਾਹਿਬ ਨੂੰ ਸ਼ੇਅਰੋ-ਸ਼ਾਇਰੀ ਦਾ ਸ਼ੌਂਕ ਹੈ। ਸੋ, ਇਹ ਵੀ ਹੁਣ ਜੋ ਕਰ ਰਹੇ ਹਨ, It is like Nero fiddling while Rome was burning. ਇਹ ਕਹਿੰਦੇ ਕਿ ਫਾਰਮਿੰਗ ਬਜਟ ਵਿੱਚ 131 ਫੀਸਦੀ ਦਾ ਵਾਧਾ ਹੋ ਗਿਆ ਹੈ। ਇਹ ਇਨ੍ਹਾਂ ਨੇ ਆਪਣੀ ਬਜਟ ਸਪੀਚ ਵਿੱਚ ਕਿਹਾ ਹੈ। ਪਰ ਇਸ ਵੇਲੇ ਪੰਜਾਬ ਵਿੱਚ ਜੋ ਹਾਲਾਤ ਹਨ, ਉਸ ਵਿੱਚ ਇਹ ਕਿਵੇਂ ਮਦਦ ਕਰੇਗਾ। ਬਜਟ ਵਿੱਚ ਇਹ ਜ਼ਰੂਰ ਦੱਸਿਆ ਹੈ ਕਿ ਅਸੀਂ ਬਹੁਤ ਵੱਡੇ ਪੱਧਰ ਤੇ ਵਿਭਿੰਨਤਾ (ਡਾਈਵਰਸੀਫਾਈ) ਕਰਨ ਲੱਗੇ ਹਾਂ। ਡਾਈਵਰਸੀਫਿਕੇਸ਼ਨ ਦਾ ਬਹੁਤਾ ਇੰਫੇਸਾਈਜ਼

ਕਿੰਨੂਆਂ ਦੇ ਬਾਗਾਂ ਤੇ ਹੈ। ਸ਼ਾਇਦ ਇਨ੍ਹਾਂ ਦੇ ਆਪਣੇ ਬਾਗ ਹਨ। ਇਸ ਕਰਕੇ ਜ਼ਿਆਦਾ ਦਿਲਚਸਪੀ ਹੈ ਪਰ ਜਿਹੜੀ ਚੀਜ਼ ਤੇ ਜ਼ੋਰ ਦੇਣ ਦੀ ਲੋੜ ਹੈ, ਜਿਵੇਂ ਕਿ ਮੱਕੀ ਦੀ ਫਸਲ, ਆਲੂ ਦੀ ਫਸਲ, ਸ਼ੂਗਰਕੇਨ; ਇਨ੍ਹਾਂ ਵਾਸਤੇ ਕੀ ਕਰਨ ਜਾ ਰਹੇ ਹਨ, ਇਹ ਮੈਂ ਬਜਟ ਵਿੱਚ ਲੱਭਦਾ ਰਿਹਾ ਲੇਕਿਨ ਇਸ ਦਾ ਜ਼ਿਕਰ ਕੋਈ ਨਹੀਂ ਕਿ ਨਵੀਆਂ ਸਕੀਮਾਂ ਲੈ ਕੇ ਆ ਰਹੇ ਹਾਂ। ਉਸ ਦਾ ਇਲਾਜ ਇਹੀ ਹੈ ਕਿ ਪੰਜਾਬ ਦੀਆਂ ਜਿਹੜੀਆਂ ਸੰਸਥਾਵਾਂ ਹਨ, ਜਿਵੇਂ ਕਿ ਮਾਰਕਫੈੱਡ ਹੈ, ਪਨਸਪ ਹੈ, ਜਿਵੇਂ ਕਈ ਰਾਜ ਕਰਦੇ ਹਨ, ਉਸੇ ਤਰ੍ਹਾਂ ਹੀ ਉਨ੍ਹਾਂ ਨੂੰ ਕਹੋ ਕਿ ਤੁਸੀਂ ਐੱਮ.ਐੱਸ.ਪੀ. ਫਿਕਸ ਕਰਕੇ, ਤੁਸੀਂ ਆਪ ਹੀ ਇਸ ਦੀ ਖਰੀਦ ਕਰੋ ਤਾਂ ਕਿ ਕਿਸਾਨ ਆਪਣੇ ਆਪ ਵਿਭਿੰਨਤਾ ਵੱਲ ਵੱਧ ਸਕਣ। ਇਸ ਦੇ ਬਾਰੇ ਬਜਟ ਵਿੱਚ ਕੋਈ ਜ਼ਿਕਰ ਨਹੀਂ ਹੈ। ਸ਼ੂਗਰਕੇਨ ਦਾ ਇਨ੍ਹਾਂ ਨੇ ਜ਼ਿਕਰ ਕੀਤਾ ਸੀ ਕਿ ਅਸੀਂ ਪੁਰਾਣੇ ਡਿਊਜ਼ ਜਿਹੜੇ ਬਣਦੇ ਸਨ, ਉਹ ਦੇ ਦਿੱਤੇ ਹਨ। ਸਪੀਕਰ ਸਾਹਿਬ, ਉਹ 46 ਕਰੋੜ ਰੁਪਿਆ ਪਿਛਲੇ ਸਾਲ ਦਾ ਸੀ, ਇਨ੍ਹਾਂ ਨੇ ਉਹ ਪੁਰਾਣੇ ਸਾਲ ਦੇ ਡਿਊਜ਼ ਦਿੱਤੇ ਸਨ। ਇਸ ਸਾਲ ਦਾ ਕਈ ਥਾਵਾਂ ਤੇ ਕਰਸ਼ਿੰਗ ਸੀਜ਼ਨ ਖਤਮ ਹੋ ਗਿਆ। ਕਰਸ਼ਿੰਗ ਸੀਜ਼ਨ ਨਵੰਬਰ ਵਿੱਚ ਸ਼ੁਰੂ ਹੋ ਜਾਂਦਾ ਹੈ ਅਤੇ 15, 18 ਜਾਂ 20 ਮਾਰਚ ਨੂੰ ਖਤਮ ਹੋ ਜਾਂਦਾ ਹੈ ਪਰ ਕਿਤੇ ਕਿਤੇ ਚੱਲ ਰਿਹਾ ਹੈ। ਉਹ ਕਿਸਾਨ ਵਿਚਾਰੇ ਰੋਂਦੇ ਹਨ, ਕਰੀਬ 300 ਕਰੋੜ ਰੁਪਿਆ ਉਨ੍ਹਾਂ ਦਾ ਦੇਣਾ ਬਕਾਇਆ ਹੈ ਅਤੇ ਇਨ੍ਹਾਂ ਨੇ ਬਜਟ ਦੇ ਵਿੱਚ 180 ਕਰੋੜ ਰੁਪਿਆ ਰੱਖਿਆ ਹੈ। ਜਦੋਂ ਤੱਕ ਇਹ ਦੇਣਾ ਹੈ, ਉਦੋਂ ਤੱਕ ਅਗਲੇ ਇੱਕ ਸਾਲ ਦਾ ਵੀ ਆ ਜਾਵੇਗਾ। ਸੋ, ਅਸੀਂ ਕਿਵੇਂ ਆਸ ਕਰ ਸਕਦੇ ਹਾਂ ਕਿ ਕਿਸਾਨ ਡਾਈਵਰਸੀਫਾਈ ਕਰ ਸਕਣ, ਗੰਨਾ ਬੀਜਣ, ਮੱਕੀ ਬੀਜਣ, ਆਲੂ ਬੀਜਣ ਜਾਂ ਹੋਰ ਫਸਲਾਂ ਬੀਜਣ। ਡੇਅਰੀ ਫਾਰਮਿੰਗ ਦੀ ਗੱਲ ਕੀਤੀ ਹੈ, ਇਨ੍ਹਾਂ ਨੇ ਕਿਹਾ ਕਿ 190 ਲੱਖ ਲਿਟਰ ਅਸੀਂ ਪੰਜਾਬ ਦਾ ਦੁੱਧ ਵਾਧੂ ਕਰ ਦੇਣਾ ਹੈ। ਇਹ ਕਿਵੇਂ ਕਰਨਾ ਹੈ ? ਕੀ ਇਹ ਮੱਝਾਂ, ਗਾਵਾਂ ਨੂੰ ਟੀਕੇ ਲਾ ਕੇ ਕਰਨਾ ਹੈ। ਇਸ ਬਜਟ ਵਿੱਚ ਕਿਤੇ ਵੀ ਇਹ ਸਕੀਮ ਨਹੀਂ, ਜਿਸ ਨਾਲ ਡੇਅਰੀ ਫਾਰਮਿੰਗ ਨੂੰ ਐਨਕਰੇਜ ਕੀਤਾ ਜਾ ਸਕੇ। ਚਾਰ ਚੀਜ਼ਾਂ ਕਰਨ ਦੀ ਲੋੜ ਹੈ, ਜਿਸ ਦਾ ਇਸ ਬਜਟ ਵਿੱਚ ਕੋਈ ਜ਼ਿਕਰ ਨਹੀਂ ਹੈ। ਸਭ ਤੋਂ ਪਹਿਲਾਂ ਅਡਲਟਰੇਟਿਡ ਦੁੱਧ ਜਿਹੜਾ ਪੰਜਾਬ ਵਿੱਚ ਵਿਕਦਾ ਹੈ, ਉਸ ਨੂੰ ਰੋਕਣ ਦੀ ਲੋੜ ਹੈ। ਮੇਰੇ ਇੱਥੇ ਮਾਨਯੋਗ ਮੈਂਬਰ ਸਰਦਾਰ ਹਰਪ੍ਰਤਾਪ ਸਿੰਘ ਅਜਨਾਲਾ ਜੀ ਨੇ ਇੱਕ ਸਵਾਲ ਪੁੱਛਿਆ ਸੀ। ਸ਼ਾਇਦ ਉਹ ਸਵਾਲ ਆ ਨਹੀਂ ਸਕਿਆ। ਪੰਜਾਬ ਵਿੱਚ 30 ਫੀਸਦੀ ਅਡਲਟਰੇਟਿਡ ਦੁੱਧ ਮਿਲਦਾ ਹੈ। ਉਸ ਦੇ ਬਾਰੇ ਕੋਈ ਜ਼ਿਕਰ ਨਹੀਂ। ਸਰਕਾਰ ਨੂੰ ਇੱਕ ਸਾਲ ਹੋ ਗਿਆ ਹੈ ਲੇਕਿਨ ਹੁਣ ਤੱਕ ਕੁਝ ਨਹੀਂ ਕੀਤਾ ਜਾ ਰਿਹਾ। ਪਿਛਲੇ ਕਈ ਮਹੀਨਿਆਂ ਤੋਂ ਦੁੱਧ ਦੇ ਰੇਟ ਵਿੱਚ ਮੰਦੀ ਆਈ ਹੈ। ਬਹੁਤ ਸਾਰੇ ਰਾਜ ਕੀ ਕਰਦੇ ਹਨ ਕਿ ਜਦੋਂ ਮੰਦੀ ਆਉਂਦੀ ਹੈ ਤਾਂ ਫਿਰ ਉਹ ਜਿਹੜੇ ਕੋਆਪਰੇਟਿਵ-ਅਦਾਰੇ ਹਨ, ਜਿਵੇਂ ਪੰਜਾਬ ਦੀ ਮਿਲਕਫੈੱਡ ਹੈ, ਉਨ੍ਹਾਂ ਨੂੰ 2% ਜਾਂ 4% ਪ੍ਰਤੀ ਲਿਟਰ ਮਦਦ ਦਿੰਦੇ ਹਨ ਤਾਂ ਕਿ ਜਿਹੜੇ ਡੇਅਰੀ ਫਾਰਮਰਜ਼ ਹਨ, ਉਨ੍ਹਾਂ ਦਾ ਭੱਠਾ ਨਾ ਬੈਠੇ ਅਤੇ ਉਹ ਆਪਣਾ ਕੰਮਕਾਰ ਕਰ ਸਕਣ। ਸਪੀਕਰ ਸਾਹਿਬ, ਪਸ਼ੂ ਮੰਡੀਆਂ ਤੋਂ ਸੌ ਕਰੋੜ ਤੋਂ ਵੱਧ ਰੁਪਿਆ ਇਕੱਠਾ ਕੀਤਾ ਜਾਂਦਾ ਹੈ, ਉਸ ਦੀ ਡੇਅਰੀ ਫਾਰਮਿੰਗ ਤੇ ਖਰਚ ਕਰਨ ਦੀ ਲੋੜ ਹੈ। ਜੋ ਪੈਸਾ ਪਸ਼ੂਆਂ ਤੋਂ ਲਿਆ ਜਾਂਦਾ ਹੈ, ਐਟਲੀਸਟ ਉਹ ਡੇਅਰੀ ਫਾਰਮਿੰਗ ਤੇ ਖਰਚ ਕੀਤਾ ਜਾਵੇ। ਸੀਮਨ ਇੰਪੋਰਟ ਕਰਨ ਤੇ ਕਿਸਾਨ ਐਨ.ਓ.ਸੀ. ਲੈਣ ਤੋਂ ਪਰੇਸ਼ਾਨ ਹੋ ਰਿਹਾ ਹੈ। ਉਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ। ਸੋ, ਮੇਰਾ ਕਹਿਣ ਤੋਂ ਭਾਵ ਇਹ ਹੈ ਕਿ ਜਿਹੜੀਆਂ ਚੀਜ਼ਾਂ ਕਰਨ ਦੀ ਲੋੜ ਹੈ, ਉਨ੍ਹਾਂ ਦਾ ਕੋਈ ਜ਼ਿਕਰ ਨਹੀਂ, ਸਿਰਫ ਗੱਲੀਂ-ਬਾਤੀਂ ਬਹੁਤ ਗੱਲਾਂ ਕੀਤੀਆਂ ਗਈਆਂ ਹਨ। 14 ਕਰੋੜ ਰੁਪਿਆ ਪੰਜਾਬ ਯੂਨੀਵਰਸਿਟੀ , ਚੰਡੀਗੜ੍ਹ ਦੇ ਜਿਹੜੇ ਕਾਲਜਿਜ਼ ਅਤੇ constituent ਕਾਲਜ ਹਨ, ਉਨ੍ਹਾਂ ਨੂੰ ਦਿੱਤੇ ਜਾ ਰਹੇ ਹਨ। ਬਹੁਤ ਚੰਗੀ ਗੱਲ ਹੈ, ਮੈਂ ਵੀ ਉਥੇ ਪੜ੍ਹਿਆ ਹੋਇਆ ਹਾਂ ਪਰ ਪੀ.ਏ.ਯੂ. ਸਾਡੀ ਆਪਣੀ ਯੂਨੀਵਰਸਿਟੀ ਨੂੰ ਕੀ ਦਿੱਤਾ ਗਿਆ, ਜਿੱਥੇ ਪ੍ਰੋਫੈਸਰ ਤਨਖਾਹਾਂ ਕੋਲੋਂ ਵਾਂਝੇ ਹਨ। ਰਿਸਰਚ ਲਈ ਇਸ ਵਿੱਚ ਕੁਝ ਨਹੀਂ ਦਿੱਤਾ ਗਿਆ। ਸੋ, ਅਸੀਂ ਕਿਹੜੀ ਰਿਸਰਚ ਕਰ ਰਹੇ ਹਾਂ, ਕਿੱਥੇ ਸਾਡੇ ਫਾਰਮਰ ਨੇ ਇੰਪਰੂਵਮੈਂਟ

[ਸ਼੍ਰੀ ਕੰਵਰ ਸੰਧੂ]
ਕਰਨੀ ਹੈ। ਕਹਿੰਦੇ ਹਨ ਕਿ ਚਮਕੌਰ ਸਾਹਿਬ ਦੇ ਵਿੱਚ ਸਕਿੱਲ ਯੂਨੀਵਰਸਿਟੀ ਬਣ ਰਹੀ ਹੈ, ਪਰੰਤੂ ਪੈਸਾ ਨਹੀਂ ਦਿੱਤਾ ਗਿਆ। ਕੀ ਚੰਨੀ ਸਾਹਿਬ ਉਥੇ ਜਾ ਕੇ ਕਾਰ ਸੇਵਾ ਨਾਲ ਕੰਮ ਕਰਵਾਉਣਗੇ ?

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ : ਸਪੀਕਰ ਸਾਹਿਬ, ਹੁਣੇ ਮਾਨਯੋਗ ਮੈਂਬਰ ਸਕਿੱਲ ਯੂਨੀਵਰਸਿਟੀ ਦਾ ਜ਼ਿਕਰ ਕਰ ਰਹੇ ਸੀ, ਮੈਂ ਇਨ੍ਹਾਂ ਨੂੰ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਫਿਕਰ ਕਰਨ ਦੀ ਲੋੜ ਨਹੀਂ ਹੈ। ਚੰਗੀ ਗੱਲ ਹੈ, ਤੁਸੀਂ ਆਪਣੀ ਚਿੰਤਾ ਜ਼ਾਹਿਰ ਕੀਤੀ। ਮੈਂ ਇਸ ਗੱਲ ਦਾ ਤੁਹਾਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਯੂਨੀਵਰਸਿਟੀ ਬਣੇਗੀ ਤੇ ਬਹੁਤ ਵਧੀਆ ਬਣੇਗੀ। (ਥੰਪਿੰਗ)

ਸ਼੍ਰੀ ਕੰਵਰ ਸੰਧੂ : ਬਹੁਤ ਮਿਹਰਬਾਨੀ ਜੀ। ਸਪੀਕਰ ਸਾਹਿਬ, ਚਮਕੌਰ ਸਾਹਿਬ ਸਾਡੇ ਨਾਲ ਦਾ ਹਲਕਾ ਹੈ। ਸਾਡੇ ਖਰੜ ਦੇ ਲੋਕੀਂ ਵੀ ਆਸ ਕਰਦੇ ਹਨ ਕਿ ਜਲਦੀ ਬਣ ਜਾਊ। ਸਪੀਕਰ ਸਾਹਿਬ, ਚਿੰਤਾ ਇਸ ਗੱਲ ਕਰਕੇ ਹੋ ਗਈ ਕਿ ਪੈਸਾ ਉਸ ਵਾਸਤੇ ਨਹੀਂ ਰੱਖਿਆ ਗਿਆ, ਪਤਾ ਨਹੀਂ ਯੂਨੀਵਰਸਿਟੀ ਕਿਵੇਂ ਬਣੇਗੀ? ਪਟਿਆਲਾ ਵਿੱਚ ਸਪੋਰਟਸ ਯੂਨੀਵਰਸਿਟੀ ਬਣ ਰਹੀ ਹੈ ਪਰ ਪਟਿਆਲਾ ਵਿੱਚ ਤਾਂ ਅੱਗੇ ਹੀ ਨੈਸ਼ਨਲ ਇੰਸਟੀਚਿਊਟਸ ਆਫ ਸਪੋਰਟਸ ਹੈ ਪਰ ਕਿਤੇ ਸ਼ਿਫਟ ਤਾਂ ਨਹੀਂ ਹੋ ਗਿਆ। ਉਥੇ ਹੀ ਹੈ ਜੀ। ਇਸ ਦੇ ਨਾਲੋਂ ਜਲੰਧਰ ਦੇ ਦਿੰਦੇ, ਸਰਦਾਰ ਪਰਗਟ ਸਿੰਘ ਹੋਰਾਂ ਦੇ ਹਲਕੇ ਨੂੰ, ਸੁਖੀ ਹੋਰਾਂ ਦੇ ਹਲਕੇ ਨੂੰ ਦੇ ਦਿੰਦੇ, ਸਰਦਾਰ ਹਰਪ੍ਰਤਾਪ ਸਿੰਘ ਦੇ ਹਲਕੇ ਨੂੰ ਦੇ ਦਿੰਦੇ। ਦੇਖੋ ਜਿੱਥੇ ਲੋੜ ਹੈ, ਉਥੇ ਕੋਈ ਚੀਜ਼ ਨਹੀਂ ਦਿੱਤੀ ਗਈ। ਜਿੱਥੇ ਅੱਗੇ ਹੀ ਹੈ, ਉਥੇ ਹੋਰ ਦੇ ਦਿਓ। ਸੀ.ਐਮ. ਸਾਹਿਬ ਨੇ ਵੀ ਡਿਵੈਲਪਮੈਂਟ ਟੈਕਸ ਦੀ ਗੱਲ ਕੀਤੀ ਹੈ। ਦੋ ਸੌ ਰੁਪਿਆ ਹਰ ਮਹੀਨੇ ਇਨਕਮ ਟੈਕਸ ਪੇਈਜ਼ ਨੂੰ ਹੋਰ ਦੇਣਾ ਪੈਣਾ ਹੈ ਔਰ ਇਹ ਬਜਟ ਸਪੀਚ ਵਿੱਚ ਐਫ.ਐਮ. ਸਾਹਿਬ ਨੇ ਦੱਸਿਆ ਹੈ ਕਿ ਬਾਕੀ ਰਾਜਾਂ ਵਿੱਚ ਮਹਾਰਾਸ਼ਟਰਾ, ਗੁਜਰਾਤ ਵਗੈਰਾ ਵਗੈਰਾ ਵਿੱਚ ਲੱਗਦਾ ਹੈ। ਮੈਂ ਇੱਥੇ ਦੱਸਣਾ ਚਾਹੁੰਦਾ ਹਾਂ ਕਿ ਨਾ ਕੋਈ ਨਾਲੇਜ ਹੋਵੇ ਤਾਂ ਵੱਖਰੀ ਗੱਲ ਹੈ little knowledge is a dangerous thing. ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਇਹ ਸਾਰੀਆਂ ਸਟੇਟਾਂ ਜਿਹੜੀਆਂ ਹਨ, ਉਨ੍ਹਾਂ ਦੀ ਪਰ-ਕੈਪੀਟਾ ਇਨਕਮ ਸਾਡੇ ਤੋਂ ਜ਼ਿਆਦਾ ਹੈ। ਕੁਝ ਸਾਲ ਪਹਿਲਾਂ ਆਪਾਂ ਪਰ ਕੈਪੀਟਾ ਵਿੱਚ ਨੰਬਰ ਵੰਨ ਤੇ ਸੀ ਪਰ ਹੁਣ ਸ਼ਾਇਦ ਅਸੀਂ ਸੱਤ-ਅੱਠ ਨੰਬਰ ਤੇ ਆਉਂਦੇ ਹਾਂ। ਹੁਣ ਆਪਾਂ ਉਨ੍ਹਾਂ ਨਾਲ ਕੰਪੇਅਰ ਨਾ ਕਰੀਏ। ਇਸ ਵੇਲੇ ਜਿਹੜੀ ਪੰਜਾਬ ਦੀ ਵਰਕਿੰਗ ਕਲਾਸ ਹੈ, ਉਸ ਨੂੰ ਤਾਂ ਆਈ.ਸੀ.ਯੂ. ਤੇ ਲਗਾ ਦਿੱਤਾ, ਬਿਜ਼ਨਸ ਕੋਲੈਪਸ ਕਰ ਗਿਆ। ਉਨ੍ਹਾਂ ਨੂੰ ਭਾਵੇਂ ਹਜ਼ਾਰ ਦੋ ਹਜ਼ਾਰ ਦੇਣਾ ਪਵੇ, ਉਹ ਵੀ ਬਹੁਤ ਔਖਾ ਹੈ। ਜਿਹੜਾ ਇਨ੍ਹਾਂ ਨੇ ਕਿਹਾ ਕਿ ਫੰਡਿੰਗ ਲੈਣ ਦੀ ਲੋੜ ਹੈ, ਉਹ ਵੱਖਰੀ ਗੱਲ ਹੈ। ਲੇਕਿਨ ਜੇ ਇਨ੍ਹਾਂ ਨੇ 1500 ਕਰੋੜ ਰੁਪਿਆ ਇਕੱਠਾ ਕਰਨਾ ਹੈ, ਜਿਹੜੇ ਪੀ.ਐਸ.ਆਈ.ਡੀ.ਸੀ. ਦੇ, ਪੰਜਾਬ ਫਾਈਨਾਂਸ਼ੀਅਲ ਕਾਰਪੋਰੇਸ਼ਨ ਦੇ ਡਿਫਾਲਟਰਜ਼ ਹਨ, ਉਹ ਇਕੱਠਾ ਕਰ ਲੈਣ, ਇਸ ਤਰ੍ਹਾਂ ਇਹ 15 ਹਜ਼ਾਰ ਕਰੋੜ ਰੁਪਿਆ ਇਕੱਠਾ ਹੋ ਜਾਏਗਾ। ਇਹ ਵੱਖਰੀ ਗੱਲ ਹੈ ਕਿ ਇਹ ਤਾਂ ਨਹੀਂ ਹੋ ਰਿਹਾ ਕਿਉਂਕਿ ਜਿਹੜੇ ਸਾਡੇ ਮੈਂਬਰਾਂ ਨੇ ਦੇਣਾ ਹੈ, ਉਹ ਲੈਣਾ ਔਖਾ ਹੋ ਰਿਹਾ ਹੈ। ਸਪੀਕਰ ਸਾਹਿਬ, ਜਿੰਨਾ ਚਿਰ ਤੱਕ ਆਪਾਂ ਸੈਂਟਰ ਦੀ ਮਦਦ ਨਹੀਂ ਲੈਂਦੇ, ਉਨਾ ਚਿਰ ਤੱਕ ਪੰਜਾਬ ਦਾ ਮਸਲਾ ਹੱਲ ਨਹੀਂ ਹੋ ਸਕਦਾ। ਜਿਵੇਂ ਮੇਰੇ ਸਾਥੀ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਵੀ ਕਿਹਾ ਹੈ ਕਿ ਬੜਾ ਵੱਡਾ ਮਸਲਾ ਬਾਰਡਰ ਸਟੇਟ ਦਾ ਹੈ। ਅਸੀਂ ਸੈਂਟਰ ਦੀ ਲੜਾਈ ਲੜੀ। ਅਸੀਂ external aggression ਦਾ ਮੁਕਾਬਲਾ ਕੀਤਾ, internal aggression ਦਾ ਵੀ ਮੁਕਾਬਲਾ ਕੀਤਾ ਪਰ ਫਿਰ ਵੀ ਸੈਂਟਰ ਨੇ ਸਾਨੂੰ ਮਦਦ ਨਹੀਂ ਦਿੱਤੀ ਔਰ ਸਾਡੇ ਤੇ ਕਰਜ਼ਾ ਦੋ ਲੱਖ ਕਰੋੜ ਤੋਂ ਵੱਧ ਰੁਪਏ ਦਾ ਚੜ੍ਹਿਆ ਹੋਇਆ ਹੈ। ਡੈੱਟ ਪਰਸੈਂਟੇਜ਼ ਆਫ ਜੀ.ਡੀ.ਪੀ. 40% ਹੈ, ਸਾਡੇ ਤੋਂ ਇੱਕੋ ਹੀ ਸਟੇਟ ਵੱਧ ਹੈ, ਉਹ ਹੈ ਜੇ. ਐਂਡ ਕੇ.। ਇਸ ਦਾ ਕਾਰਨ ਇੱਕ ਹੀ ਹੈ ਕਿ ਉਹ ਵੀ external aggression and internal disturbance ਦੀ ਮਾਰ ਹੇਠ ਹਨ।

ਉਨ੍ਹਾਂ ਨੂੰ ਸੈਂਟਰ ਸਹਾਇਤਾ ਦਿੰਦਾ ਹੈ। ਸਾਨੂੰ ਵੀ ਦੇਣੀ ਚਾਹੀਦੀ ਹੈ ਪਰ ਸਾਡੀ ਕਿਸੇ ਵੀ ਸਰਕਾਰ ਨੇ, ਨਾ ਪਹਿਲੀਆਂ ਸਰਕਾਰਾਂ ਅਤੇ ਨਾ ਹੁਣ ਦੀਆਂ ਸਰਕਾਰਾਂ ਨੇ ਪਰਾਪਰ ਐਡਵੋਕੇਸੀ ਨਹੀਂ ਕੀਤੀ। ਕੀ ਅਸੀਂ ਬਾਰਡਰ ਸਟੇਟ ਨਹੀਂ ਹਾਂ? ਬਾਰਡਰ ਦੇ ਨਾਲ ਸਾਡੀ ਫਸਲ ਤਬਾਹ ਹੋ ਜਾਂਦੀ ਹੈ। ਸਾਨੂੰ ਪੈਸੇ ਦੀ ਲੋੜ ਹੈ ਕਿਉਂਕਿ ਅਸੀਂ ਸੈਂਟਰ ਦੀ ਲੜਾਈ ਲੜੀ ਹੈ। ਸੰਵਿਧਾਨ ਦਾ ਆਰਟੀਕਲ 355 ਕਹਿੰਦਾ ਹੈ ਕਿ ਸੈਂਟਰ ਇਹ ਲੜਾਈਆਂ ਲੜੇਗਾ ਲੇਕਿਨ ਅਸੀਂ ਹੁਣ ਤੱਕ ਉਸ ਦਾ ਸਹਾਰਾ ਨਹੀਂ ਲਿਆ ਔਰ ਅਸੀਂ ਪੈਸਾ ਵਾਪਸ ਦਿੰਦੇ ਰਹੇ ਹਾਂ। ਜਿਹੜਾ ਸਾਨੂੰ ਲੋਨ ਮਿਲਦਾ ਸੀ, ਉਹ ਵੀ ਪੈਸਾ ਵਾਪਸ ਦੇਣਾ ਚਾਹੀਦਾ ਹੈ ਔਰ ਵਿਆਜ ਵੀ ਵਾਪਸ ਦੇਣਾ ਚਾਹੀਦਾ ਹੈ। ਇਸ ਦੇ ਨਾਲ ਨਾਲ ਪਾਣੀਆਂ ਦਾ ਮਸਲਾ ਹੈ। ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਬਹੁਤ ਮੇਜਰ ਕਰਾਈਸਿਜ਼ ਹੈ, ਉਨ੍ਹਾਂ ਇਹ ਵੀ ਕਿਹਾ ਕਿ ਇੱਕ ਕ੍ਰਿਟੀਕਲ ਸਟੇਟ ਵਿੱਚ ਪੰਜਾਬ ਇਸ ਵੇਲੇ ਪਹੁੰਚ ਗਿਆ ਹੈ, ਪਰ ਉਨ੍ਹਾਂ ਨੇ ਦੱਸਿਆ ਨਹੀਂ ਕਿ ਇਸ ਦਾ ਹੱਲ ਕਿਵੇਂ ਕਰਨਾ ਹੈ। ਪਿਛਲੇ ਸੈਸ਼ਨ ਦੇ ਵਿੱਚ ਇਸ ਤੇ ਬਹਿਸ ਹੋਈ। ਬੈਂਸ ਬਰਦਰਜ਼ ਨੇ ਮਸਲਾ ਚੁੱਕਿਆ। ਅਕਾਲੀ ਦਲ ਨੇ ਉਸ ਸਮੇਂ ਇਹ ਮਸਲਾ ਅੱਗੇ ਤੋਰਿਆ। ਹੋਰ ਕਿਸੇ ਨੇ ਇਤਰਾਜ਼ ਨਹੀਂ ਕੀਤਾ। ਹਾਊਸ ਨੇ 16 ਨਵੰਬਰ, 2016 ਦਾ ਰੈਜ਼ੋਲਿਊਸ਼ਨ ਪਾਸ ਕੀਤਾ ਹੋਇਆ ਹੈ ਲੇਕਿਨ ਅੱਜ ਤੱਕ ਉਹ ਭੇਜਿਆ ਨਹੀਂ ਗਿਆ। ਕੀ ਸਾਨੂੰ ਇਸ ਪੈਸੇ ਦੀ ਲੋੜ ਨਹੀਂ ਕਿ ਅਸੀਂ ਉਨ੍ਹਾਂ ਸਟੇਟਾਂ ਤੋਂ royalty ਲੈਣੀ ਹੈ। ਸਾਨੂੰ ਤਾਂ ਇੰਝ ਲੱਗਦਾ ਹੈ ਕਿ ਇਨ੍ਹਾਂ ਨੂੰ ਲੋੜ ਹੀ ਨਹੀਂ ਹੈ। ਇਹ ਕਿਉਂ ਝਿਜਕਦੇ ਹਨ ? ਪੰਜਾਬ ਦੀ ਉਹੀ ਹਾਲਤ ਹੈ। ਸਪੀਕਰ ਸਾਹਿਬ, ਇਹ ਪੰਜਾਬ ਇਕੱਲੀ ਸਟੇਟ ਹੈ ਜਿਹੜੀ ਰਾਇਪੇਰੀਅਨ ਸਟੇਟ ਹੁੰਦੇ ਹੋਏ ਵੀ ਆਪਣਾ ਪਾਣੀ ਉਨ੍ਹਾਂ ਦੂਜੀਆਂ ਸਟੇਟਾਂ ਨੂੰ ਦੇ ਰਹੀ ਹੈ, ਜਿਨ੍ਹਾਂ ਦਾ ਆਪਣਾ ਕੋਈ ਰਾਇਪੇਰੀਅਨ ਰਾਈਟ ਹੀ ਨਹੀਂ ਹੈ।

ਸਰਦਾਰ ਬਲਵਿੰਦਰ ਸਿੰਘ ਬੈਂਸ : ਪੁਆਇੰਟ ਆਫ ਆਰਡਰ, ਸਰ। ਸਪੀਕਰ ਸਾਹਿਬ, ਜਿਹੜਾ ਰੈਜ਼ੋਲਿਊਸ਼ਨ ਪਾਸ ਹੋਇਆ ਸੀ, ਉਸ ਵਿਚ ਅਸੀਂ royalty ਦੀ ਮੰਗ ਨਹੀਂ ਕੀਤੀ। ਸੰਧੂ ਸਾਹਿਬ ਕੁਰੈਕਸ਼ਨ ਕਰ ਲਓ। ਕਾਸਟ ਆਫ ਵਾਟਰ ਦੀ ਮੰਗ ਕੀਤੀ ਸੀ। Thank you.

ਸ਼੍ਰੀ ਕੰਵਰ ਸੰਧੂ : ਇਨ੍ਹਾਂ ਨੇ ਬਿਲਕੁਲ ਸਹੀ ਕਿਹਾ ਹੈ। ਕਾਸਟ ਆਫ ਵਾਟਰ ਦੀ ਗੱਲ ਕੀਤੀ ਹੈ। ਕਿਉਂਕਿ ਜਿਹੜਾ ਪਾਣੀ ਗਿਆ ਹੈ, ਉਹ 2 ਕਰੋੜ ਏਕੜ ਫੁੱਟ ਦੇ ਕਰੀਬ ਗਿਆ ਹੈ ਅਤੇ 19 ਲੱਖ ਕਰੋੜ ਰੁਪਿਆ ਰਾਜਸਥਾਨ ਤੋਂ ਅਤੇ ਹਰਿਆਣੇ ਤੋਂ ਲੈਣਾ ਬਣਦਾ ਹੈ। ਜਿਵੇਂ ਮੈਂ ਦੱਸਿਆ ਕਿ ਪੰਜਾਬ ਅਜਿਹੀ ਇਕੱਲੀ ਸਟੇਟ ਹੈ। ਰਾਜਸਥਾਨ ਨੂੰ ਨਰਮਦਾ ਦਾ ਪਾਣੀ ਕਿਉਂ ਨਹੀਂ ਜਾਂਦਾ। ਨਰਮਦਾ ਟ੍ਰਿਬਿਊਨਲ ਨੇ ਉਨ੍ਹਾਂ ਨੂੰ ਪਾਣੀ ਦੇਣ ਲਈ ਨਾਂਹ ਕਰ ਦਿੱਤੀ ਪਰ ਅਸੀਂ ਦੇ ਦਿੱਤਾ। ਪੰਜਾਬ ਅਤੇ ਹਰਿਆਣਾ ਦੀ ਬਿਲਕੁਲ ਉਹ situation ਹੈ ਜੋ ਆਂਧਰਾ ਅਤੇ ਮਦਰਾਸ ਸਟੇਟ ਦੀ 1953 ਤੋਂ ਪਹਿਲਾਂ ਸੀ। ਉਸ ਵੇਲੇ ਜਦੋਂ 1953 ਵਿਚ ਆਂਧਰਾ ਪ੍ਰਦੇਸ਼ ਅਤੇ ਮਦਰਾਸ ਅੱਡ ਅੱਡ ਹੋਏ, ਉੱਥੇ ਤਿੰਨ ਨਦੀਆਂ ਹਨ-ਗੋਦਾਵਰੀ, ਕ੍ਰਿਸ਼ਨਾ ਅਤੇ ਕਾਵੇਰੀ। ਜਿਹੜੀਆਂ ਗੋਦਾਵਰੀ ਅਤੇ ਕ੍ਰਿਸ਼ਨਾ ਨਦੀਆਂ ਹਨ, ਇਹ ਮਦਰਾਸ ਰਾਹੀਂ ਨਹੀਂ ਲੰਘਦੀਆਂ। ਉਦੋਂ ਉਸ ਨੂੰ ਮਦਰਾਸ ਸਟੇਟ ਕਹਿੰਦੇ ਸੀ। ਮਦਰਾਸ ਸਟੇਟ ਨੂੰ ਪਾਣੀ ਨਹੀਂ ਮਿਲਿਆ। ਕਾਵੇਰੀ ਜਿਹੜੀ ਨਦੀ ਹੈ, ਉਹ ਆਂਧਰਾ ਰਾਹੀਂ ਨਹੀਂ ਲੰਘਦੀ। ਇਨ੍ਹਾਂ ਨੂੰ ਪਾਣੀ ਨਹੀਂ ਮਿਲਿਆ। ਲੇਕਿਨ ਸਾਡਾ ਪਾਣੀ ਹਰਿਆਣੇ ਨੂੰ ਹਾਲੇ ਵੀ ਜਾ ਰਿਹਾ ਹੈ ਅਤੇ ਅਸੀਂ ਆਪਣੀ ਕਾਸਟ ਇਨ੍ਹਾਂ ਤੋਂ ਲੈਣ ਲਈ ਝਿਜਕਦੇ ਹਾਂ। ਜਿਹੜਾ 19 ਐਮ.ਏ.ਐਫ. ਪਾਣੀ ਹੈ, ਉਨ੍ਹਾਂ ਸਟੇਟਾਂ ਨੂੰ ਜਾ ਰਿਹਾ ਹੈ। ਦਿੱਲੀ ਨੂੰ ਜ਼ਿਆਦਾ ਡਰਿਕਿੰਗ ਵਾਟਰ ਜਾ ਰਿਹਾ ਹੈ। ਦਿੱਲੀ ਦਾ ਵੀ ਇਸ ਵਿਚ ਜ਼ਿਕਰ ਹੈ। ਦਿੱਲੀ ਨੂੰ ਵੀ ਪਾਣੀ ਜਾ ਰਿਹਾ ਹੈ। ਸਪੀਕਰ ਸਾਹਿਬ, ਜਿਹੜਾ ਡਰਿਕਿੰਗ ਵਾਟਰ ਹੈ, ਉਹ ਨਰਮਦਾ ਦਾ ਰਾਜਸਥਾਨ ਨੂੰ ਜਾਂਦਾ ਹੈ। (ਸ਼ੋਰ)

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਮਾਨਯੋਗ ਮੈਂਬਰ ਨੇ ਕਿਹਾ ਹੈ ਕਿ ਪਾਣੀ ਦਿੱਲੀ ਵੀ ਜਾਂਦਾ ਹੈ। ਇਹ ਪਹਿਲਾਂ ਦਿੱਲੀ ਵਾਲਿਆਂ ਤੋਂ ਤਾਂ ਪੈਸੇ ਲੈ ਲੈਣ। (ਸ਼ੋਰ)

ਸ਼੍ਰੀ ਕੰਵਰ ਸੰਧੂ : ਮੈਂ clarify ਕਰਨਾ ਚਾਹੁੰਦਾ ਹਾਂ (ਸ਼ੋਰ)

ਮਾਨਯੋਗ ਸਪੀਕਰ : ਬੋਲਣ ਦਿਓ, interrupt ਨਾ ਕਰੋ। ਸੰਧੂ ਸਾਹਿਬ ਨੂੰ ਬੋਲਣ ਦਿਓ।

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਮੈਂ clarify ਕਰਨਾ ਚਾਹੁੰਦਾ ਕਿ ਜੋ ਦਿੱਲੀ ਦਾ ਪਾਣੀ ਬਣਦਾ ਹੈ, ਉਸ ਦੀ ਕਾਸਟ ਬਣਦੀ ਹੈ ਤਾਂ ਉਨ੍ਹਾਂ ਨੂੰ ਇਹ ਰੈਜ਼ੋਲਿਊਸ਼ਨ ਭੇਜਿਆ ਜਾਵੇ।

ਮਾਨਯੋਗ ਸਪੀਕਰ : ਢੀਂਡਸਾ ਸਾਹਿਬ, ਪਲੀਜ਼ ਬੈਠ ਜਾਓ। ਚਲੋ, ਸੰਧੂ ਸਾਹਿਬ।

ਸ਼੍ਰੀ ਕੰਵਰ ਸੰਧੂ : ਸਪੀਕਰ ਸਾਹਿਬ, ਇਹ ਬਹੁਤ ਪੁਰਾਣਾ ਮਸਲਾ ਹੈ। ਤੁਹਾਨੂੰ ਯਾਦ ਹੋਵੇਗਾ ਕਿ ਹਿਮਾਚਲ ਪ੍ਰਦੇਸ਼ ਨੇ ਬਿਜਲੀ ਦਾ ਮਸਲਾ, ਭਾਖੜਾ ਦੀ ਬਿਜਲੀ ਦਾ ਮਸਲਾ ਕਈ ਸਾਲਾਂ ਬਾਅਦ ਚੁੱਕਿਆ। ਉਨ੍ਹਾਂ ਨੂੰ ਭਾਖੜੇ ਤੋਂ ਸਿਰਫ 2.5% ਸ਼ੇਅਰ ਜਾਂਦਾ ਸੀ। ਉਨ੍ਹਾਂ ਨੇ ਇਹ ਮਸਲਾ ਕੋਰਟ ਦੇ ਵਿਚ ਚੁੱਕਿਆ ਔਰ ਕੋਰਟ ਦੇ ਵਿਚ ਉਨ੍ਹਾਂ ਨੇ ਇਹ ਕੇਸ ਜਿੱਤਿਆ। ਉਨ੍ਹਾਂ ਨੂੰ 7.19 ਫੀਸਦੀ ਸ਼ੇਅਰ ਜਾਣ ਲੱਗ ਪਿਆ। ਕਹਿਣ ਦਾ ਭਾਵ ਇਹ ਹੈ ਕਿ ਇਹ ਮਸਲਾ ਸਾਨੂੰ ਚੁੱਕਣਾ ਚਾਹੀਦਾ ਹੈ। ਜੇ ਹਾਊਸ ਦੀ ਲੋੜ ਪਈ ਤਾਂ ਦੁਬਾਰਾ ਰੈਜ਼ੋਲਿਊਸ਼ਨ ਪਾਸ ਕਰਕੇ ਉੱਥੇ ਭੇਜਣਾ ਚਾਹੀਦਾ ਹੈ। ਸਿਰਫ ਇਹੋ ਹੀ ਨਹੀਂ, ਸਪੀਕਰ ਸਾਹਿਬ, ਜਿਵੇਂ ਅੰਗਰੇਜ਼ੀ ਵਿੱਚ ਕਹਿੰਦੇ ਹਾਂ, we are facing double whammy. ਪਹਿਲਾਂ ਪਾਣੀ ਦਿੱਤਾ ਫਿਰ ਅਸੀਂ ਕਿਉਂਕਿ ਮੁਲਕ ਦਾ ਅਨਾਜ ਪੈਦਾ ਕਰਨਾ ਸੀ, ਉਸ ਦੇ ਲਈ ਸਾਨੂੰ ਜ਼ਮੀਨ ਵਿਚੋਂ ਪਾਣੀ ਕੱਢਣਾ ਪਿਆ ਔਰ ਉਸ ਦੇ ਲਈ ਸਾਨੂੰ ਬਿਜਲੀ ਖਰਚ ਕਰਨੀ ਪਈ। ਦੋਵੇਂ ਪਾਸੇ ਤੋਂ ਸਾਨੂੰ ਮਾਰ ਹੀ ਪਈ ਹੈ। ਪਾਣੀ ਵੀ ਗਿਆ ਅਤੇ ਆਪਣੀ ਕਾਸਟ ਤੇ ਸਾਨੂੰ ਬਿਜਲੀ ਵੀ ਕੱਢਣੀ ਪਈ। ਬਿਜਲੀ ਦਾ ਜਿਹੜਾ ਖਰਚ ਹੈ, ਜਿਹੜੇ 14 ਲੱਖ ਟਿਊਬਵੈੱਲ ਵੀ ਲੱਗੇ ਹਨ, ਹਰ ਟਿਊਬਵੈੱਲ ਤੇ 3 ਤੋਂ 5 ਲੱਖ ਰੁਪਏ ਦਾ ਖਰਚਾ ਆਉਂਦਾ ਹੈ ਔਰ ਬਹੁਤ ਸਾਰੇ ਸਬਮਰਸੀਬਲ ਹਨ। ਉਹ ਸਾਰਾ ਖਰਚਾ ਅੱਜ ਤੱਕ ਕਿਸੇ ਨੇ ਵੀ calculate ਨਹੀਂ ਕੀਤਾ। ਮੈਂ ਇਸ ਤੇ ਛੋਟੀ ਜਿਹੀ calculation ਕੀਤੀ ਹੈ। ਜੇਕਰ 14 ਲੱਖ ਟਿਊਬਵੈੱਲਾਂ ਤੇ 3 ਤੋਂ 5 ਲੱਖ ਰੁਪਿਆ ਖਰਚ ਹੋਇਆ ਹੈ ਤਾਂ ਕਰੀਬ 4200 ਕਰੋੜ ਰੁਪਏ ਦਾ ਖਰਚਾ ਬਣਦਾ ਹੈ। ਹਜ਼ਾਰ ਕਰੋੜ ਯੂਨਿਟਸ ਆਫ ਇਲੈਕਟ੍ਰੀਸਿਟੀ ਇਹ ਟਿਊਬਵੈੱਲ ਚਲਾਉਣ ਤੇ ਲੱਗਦੀ ਹੈ ਤਾਂ ਕਰੀਬ 5500 ਹਜ਼ਾਰ ਕਰੋੜ ਰੁਪਇਆ ਬਣਦਾ ਹੈ। ਇਹ ਮਸਲਾ ਕਿਸੇ ਨੇ ਚੁੱਕਿਆ ਹੀ ਨਹੀਂ ਹੈ। ਕੀ ਅਸੀਂ ਇੰਨੇ ਦਿਆਨਤਦਾਰ ਹੋ ਗਏ ਹਾਂ। ਪਿਛਲੇ ਸੈਸ਼ਨ ਵਿਚ ਐਫ.ਐਮ. ਸਾਹਿਬ ਨੇ ਜੀ.ਐਸ.ਟੀ. ਦੀ ਬੜੀ ਤਾਰੀਫ ਕੀਤੀ ਸੀ। ਮੈਨੂੰ ਯਾਦ ਹੈ। ਸ਼ੇਅਰ ਤਾਂ ਮੈਨੂੰ ਉਸ ਵੇਲੇ ਦੇ ਯਾਦ ਨਹੀਂ ਜਿਹੜੇ ਪੜ੍ਹੇ ਸਨ ਪਰ ਉਨ੍ਹਾਂ ਨੇ ਇਹ ਜ਼ਰੂਰ ਕਿਹਾ ਸੀ ਕਿ ਜੀ.ਐਸ.ਟੀ. ਇਹੋ ਜਿਹੀ ਚੀਜ਼ ਹੈ, ਜਿਸ ਦੇ ਨਾਲ ਜੋ ਸਦੀਆਂ ਵਿਚ ਇੱਕ ਅੱਧੀ ਵਾਰ ਇਹੋ ਜਿਹਾ ਮੌਕਾ ਮਿਲਦਾ ਹੈ ਔਰ ਮੁਲਕਾਂ ਦੀ ਅਤੇ ਰਾਜਾਂ ਦੀ ਤਕਦੀਰ ਬਦਲ ਜਾਂਦੀ ਹੈ। ਸਾਡਾ ਤਾਂ ਜੀ.ਐਸ.ਟੀ. ਨੇ ਪਿਛਲੇ ਇੱਕ ਸਾਲ ਤੋਂ ਭੱਠਾ ਹੀ ਬਿਠਾ ਦਿੱਤਾ ਹੈ। ਸਪੀਕਰ ਸਾਹਿਬ, ਵੈਸੇ ਤਾਂ ਐਫ.ਐਮ. ਸਾਹਿਬ ਨੂੰ ਇਸ ਗੱਲ ਲਈ ਹਾਊਸ ਤੋਂ ਮਾਫੀ ਮੰਗਣੀ ਚਾਹੀਦੀ ਹੈ ਕਿ ਇਹੋ ਜਿਹੇ ਲਫਜ਼ਾਂ ਵਿੱਚ ਇਸ ਨੂੰ ਪੇਸ਼ ਕੀਤਾ ਔਰ ਸੈਂਟਰ ਨੂੰ ਲੈਟ ਡਾਊਨ ਕੀਤਾ। ਇਸ ਬਾਰੇ ਇਨ੍ਹਾਂ ਨੇ ਆਪਣੀ ਸਪੀਚ ਵਿੱਚ ਜ਼ਿਕਰ ਵੀ ਨਹੀਂ ਕੀਤਾ। ਖੈਰ, ਕੋਈ ਗੱਲ ਨਹੀਂ। ਮੈਂ ਹਾਲੇ ਵੀ ਫੀਲ ਕਰਦਾ ਹਾਂ ਕਿ ਇਨ੍ਹਾਂ ਨੂੰ ਉਸ ਵੇਲੇ ਇਹ ਚਾਹੀਦਾ ਸੀ, ਜਦੋਂ ਜੀ.ਐਸ.ਟੀ. ਬਿਲ ਇੱਥੇ ਪਾਸ ਕੀਤਾ ਗਿਆ ਕਿ ਸਾਨੂੰ ਇਸ ਤੇ ਸੀ.ਸੀ.ਐਲ. ਮੰਗਣੀ ਚਾਹੀਦੀ ਸੀ। ਜਿਵੇਂ ਅਸੀਂ

ਫਸਲਾਂ ਵੇਲੇ ਪ੍ਰਕਿਓਰਮੈਂਟ ਮੰਗਦੇ ਹਾਂ, ਕੈਸ਼ ਕਰੈਡਿਟ ਲਿਮਟ ਮੰਗਦੇ ਹਾਂ ਤਾਂ ਜੀ.ਐਸ.ਟੀ. ਤੇ ਵੀ ਸਾਨੂੰ ਕੈਸ਼ ਕਰੈਡਿਟ ਲਿਮਟ ਕਲੇਮ ਕਰਨੀ ਚਾਹੀਦੀ ਸੀ ਕਿ ਜਿੰਨੇ ਚਿਰ ਤੱਕ ਸਾਨੂੰ ਪੈਸਾ ਨਹੀਂ ਆਵੇਗਾ, ਸਾਨੂੰ ਸੀ.ਸੀ.ਐਲ ਲਿਮਟ ਦੇ ਦਿੱਤੀ ਜਾਵੇ ਤਾਂ ਕਿ ਰਾਜ ਦਾ ਕੰਮ-ਕਾਜ ਠੱਪ ਨਾ ਹੋਵੇ ਜਿਵੇਂ ਕਿ ਪਿਛਲੇ ਸਾਲਾਂ ਵਿੱਚ ਹੁੰਦਾ ਰਿਹਾ ਹੈ। ਇਸ ਬਜਟ ਸਪੀਚ ਵਿੱਚ ਇੱਕ ਗੱਲ ਹੋਰ ਵੀ ਕਹੀ ਗਈ ਕਿ ਸੋਸ਼ਲ ਸਿਕਿਓਰਟੀ ਸਕੀਮਾਂ ਸਾਡੀ ਪੰਜਾਬ ਦੀ ਟਾੱਪ ਪ੍ਰਾਇਰਟੀ ਹਨ। ਮੈਂ ਦੱਸਣਾ ਚਾਹੁੰਦਾ ਹਾਂ ਕਿ ਸੋਸ਼ਲ ਸਿਕਿਓਰਟੀ ਸਕੀਮਾਂ ਤੇ ਪੰਜਾਬ ਦਾ 18ਵਾਂ ਨੰਬਰ ਆਉਂਦਾ ਹੈ। ਛੱਤੀਸਗੜ੍ਹ, ਝਾਰਖੰਡ, ਆਂਧਰਾ ਪ੍ਰਦੇਸ਼ ਵਰਗੇ ਰਾਜ ਜਿਹੜੇ ਹਨ, ਉਹ ਵੀ ਸਾਡੇ ਤੋਂ ਅੱਗੇ ਹਨ। ਹੁਣੇ ਇਹ ਗੱਲ ਕਰ ਰਹੇ ਸੀ ਕਿ ਸੋਸ਼ਲ ਸਿਕਿਓਰਟੀ ਲੈਜਿਸਲੇਸ਼ਨ ਲੈ ਕੇ ਆਉਣੀ ਹੈ। ਲੈਜਿਸਲੇਸ਼ਨ ਲਿਆਉਣ ਦੀ ਬਜਾਏ ਮੈਂ ਚਾਹੁੰਦਾ ਹਾਂ ਕਿ ਜਿਹੜੀਆਂ ਚੀਜ਼ਾਂ ਤੇ ਅਮਲ ਕਰਨ ਦੀ ਲੋੜ ਹੈ, ਉਨ੍ਹਾਂ ਤੇ ਅਮਲ ਕੀਤਾ ਜਾਵੇ ਤੇ ਐਵੇਂ ਆਪਾਂ ਇਹ ਵਾਅਦੇ, ਇਹ ਅਲਫਾਜ਼, ਲਫਜ਼ਾਂ ਦੇ ਹੇਰ-ਫੇਰ ਕਰਕੇ ਲੋਕਾਂ ਦਾ ਪੇਟ ਨਹੀਂ ਭਰ ਸਕਦੇ। ਜੇ ਆਪਾਂ ਕੁਝ ਕਰਾਂਗੇ ਤਾਂ ਹੀ ਲੋਕਾਂ ਦਾ ਢਿੱਡ ਭਰਾਂਗੇ। ਇਨ੍ਹਾਂ ਨੇ ਆਪਣੀ ਜਿਹੜੀ ਸਪੀਚ ਦਿੱਤੀ ਸੀ, ਉਸ ਵਿੱਚ ਫੈਜ਼ ਅਹਿਮਦ ਫੈਜ਼ ਅਤੇ ਅਲਾਮਾ ਇਕਬਾਲ ਸਾਹਿਬ ਦੀ ਮਦਦ ਲਈ ਸੀ। ਮੈਂ ਉਸ ਦੇ ਜਵਾਬ ਵਿੱਚ ਇੱਕ-ਦੋ ਲਾਈਨਾਂ ਕਹਿਣਾ ਚਾਹੁੰਦਾ ਹਾਂ, ਮਿਰਜ਼ਾ ਗਾਲਿਬ ਸਾਹਿਬ ਨੇ ਕਿਹਾ ਸੀ। ਸਪੀਕਰ ਸਾਹਿਬ, ਮਿਰਜ਼ਾ ਗਾਲਿਬ ਸਾਹਿਬ ਕਹਿੰਦੇ ਹਨ :

ਗਜ਼ਲ ਮੇਂ ਬੰਦਿਸ਼ੇਂ ਅਲਫਾਜ਼ ਹੀ ਨਹੀਂ ਸਭ ਕੁਛ
ਜਿਗਰ ਕਾ ਖੂਨ ਭੀ ਕੁਛ ਚਾਹੀਏ ਅਸਰ ਕੇ ਲੀਏ । (ਥੰਪਿੰਗ)

Thanks.

ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ) : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬਜਟ ਉਤੇ ਬੋਲਣ ਦਾ ਮੌਕਾ ਦਿੱਤਾ। ਸਪੀਕਰ ਸਾਹਿਬ, ਜਦੋਂ ਦਾ ਸਾਡੇ ਮਾਨਯੋਗ ਵਿੱਤ ਮੰਤਰੀ ਸਾਹਿਬ ਨੇ ਬਜਟ ਪੇਸ਼ ਕੀਤਾ ਹੈ, ਮੈਂ ਬਜਟ ਵੱਲ ਦੇਖ ਕੇ ਸੋਚ ਰਿਹਾ ਸੀ ਕਿ ਇਸ ਬਜਟ ਬਾਰੇ ਕੀ ਕਹਾਂ ਕਿਉਂਕਿ ਦੇਖ ਕੇ ਬੜੀ ਮਾਯੂਸੀ ਹੋਈ, ਬੜਾ ਦੁੱਖ ਹੋਇਆ ਹੈ ਤੇ ਮੈਨੂੰ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਤੋਂ ਐਸੇ ਬਜਟ ਦੀ ਆਸ ਨਹੀਂ ਸੀ। ਇਹ ਬਜਟ ਕੋਰਾ ਝੂਠ, ਝੂਠੇ ਅੰਕੜੇ, ਝੂਠੇ ਵਾਅਦੇ, ਜਿਸ ਤਰ੍ਹਾਂ ਦਾ ਕਾਂਗਰਸ ਦਾ ਪਿਛਲੀਆਂ ਚੋਣਾਂ ਵਿੱਚ ਮੈਨੀਫੈਸਟੋ ਸੀ, ਉਹੋ ਜਿਹਾ ਪੰਜਾਬ ਦਾ ਬਜਟ ਹੈ। ਜਿਹੋ ਜਿਹਾ ਪਹਿਲਾ ਬਜਟ ਸੀ, ਤੁਸੀਂ ਦੇਖ ਹੀ ਲਿਆ ਹੈ ਕਿ ਇਸ ਬਜਟ ਦੇ ਕੀ ਨਤੀਜੇ ਹਨ, ਅੱਜ ਉਸੇ ਬਜਟ ਨੂੰ ਇਨ੍ਹਾਂ ਨੇ ਪੇਸ਼ ਕਰਕੇ ਰਿਪੀਟ ਕਰ ਦਿੱਤਾ। ਉਹੀ ਕਮੀਆਂ, ਉਹੀ ਨੁਕਸ ਹਨ ਤੇ ਜੇ ਤੁਸੀਂ ਪਿਛਲਾ ਰਿਕਾਰਡ ਕੱਢ ਕੇ ਦੇਖੋ, ਮੈਂ ਇਨ੍ਹਾਂ ਨੂੰ ਕਿਹਾ ਸੀ, ਸਭ ਤੋਂ ਵੱਡੀ ਗਲਤੀ ਇਹ ਹੈ ਕਿ ਤੁਹਾਡੇ ਫਿਗਰਜ਼ ਹੀ ਮੈਚ ਨਹੀਂ ਕਰਦੇ। 13,000 ਕਰੋੜ ਰੁਪਏ ਦਾ ਪਿਛਲੇ ਬਜਟ ਵਿੱਚ ਗੈਪ ਸੀ ਤੇ ਅੱਜ ਤੁਸੀਂ ਕਢਵਾ ਕੇ ਦੇਖ ਲਓ, 13,000 ਕਰੋੜ ਰੁਪਏ ਤੋਂ ਵੱਧ ਦਾ ਗੈਪ ਪਿਛਲੇ ਬਜਟ ਵਿੱਚ ਇਨ੍ਹਾਂ ਦਾ ਰਿਹਾ ਹੈ। ਰੈਵੀਨਿਊ ਜਿੰਨੇ ਇਨ੍ਹਾਂ ਨੇ ਪ੍ਰਾਜੈਕਟ ਕੀਤੇ ਸੀ, 13,000 ਕਰੋੜ ਰੁਪਏ ਤੋਂ ਵੱਧ ਹੀ ਹੋਣੇ ਹਨ, ਘੱਟ ਨਹੀਂ ਹੋਣੇ। ਫਿਰ ਕੀ ਲਾਗੂ ਹੋਣਾ ਸੀ? ਸਾਰੀਆਂ ਦੀਆਂ ਸਾਰੀਆਂ ਸਕੀਮਾਂ ਹੀ ਰਹਿ ਗਈਆਂ। ਮੈਨੂੰ ਲੱਗਦਾ ਹੈ ਕਿ ਪਲਾਨ ਦਾ 20% ਵੀ ਲਾਗੂ ਨਹੀਂ ਹੋ ਸਕਿਆ। ਕਿੰਨੀਆਂ ਹੀ ਸਕੀਮਾਂ ਇਨ੍ਹਾਂ ਨੇ ਅਨਾਊਂਸ ਕੀਤੀਆਂ ਸਨ। ਫਾਰਮਰ ਡੈੱਟ ਰਿਲੀਫ, ਹਾਰਟੀਕਲਚਰ ਮਾਰਕੀਟਿੰਗ ਬੋਰਡ ਬਣਾਵਾਂਗੇ, ਫਸਲ ਦਾ ਮੁਆਵਜ਼ਾ ਅੱਠ ਹਜ਼ਾਰ ਰੁਪਏ ਤੋਂ 12,000 ਰੁਪਿਆ ਪਰ ਏਕੜ ਕਰਾਂਗੇ, ਪੰਜ ਡਿਗਰੀ ਕਾਲਜ ਖੋਲ੍ਹਾਂਗੇ, ਇੱਕ ਸ਼ਹੀਦ ਭਗਤ ਸਿੰਘ ਰੁਜ਼ਗਾਰ ਸਿਰਜਣ ਯੋਜਨਾ ਬੜੇ ਜੋਸ਼ ਨਾਲ ਲਾਂਚ ਕੀਤੀ ਸੀ ਤੇ ਉਸ ਵਿੱਚ ਤਿੰਨ ਸਕੀਮਾਂ ਸਨ, ਆਪਣੀ ਗੱਡੀ ਆਪਣਾ ਰੁਜ਼ਗਾਰ, ਹਰਾ ਟਰੈਕਟਰ, ਯਾਰੀ ਐਂਟਰਪ੍ਰਾਈਇਜਜ਼, ਇੱਕ ਵੀ ਦੱਸ ਦੇਣ, ਕੋਈ ਲਾਗੂ ਹੋਈ ਹੈ ? ਫਿਰ ਰੁਜ਼ਗਾਰ ਬਿਊਰੋ, ਪਿਛਲੇ ਸਾਲ ਵੀ, ਇਸ ਸਾਲ ਵੀ,

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਮੈਡੀਕਲ ਕਾਲਜ, ਇੰਡਸਟਰੀਅਲ ਪਾਰਕ 16 ਬਣਾਵਾਂਗੇ। ਸਪੀਕਰ ਸਾਹਿਬ, ਲਿਸਟ ਬੜੀ ਲੰਬੀ ਹੈ। ਮੈਂ ਉਸ ਵਿੱਚ ਨਹੀਂ ਜਾਣਾ ਚਾਹੁੰਦਾ। ਗੱਲ ਐਲਾਨ ਕਰਨ ਦੀ ਨਹੀਂ, ਗੱਲ ਹੈ, ਜੋ ਤੁਸੀਂ ਐਲਾਨ ਕੀਤਾ ਹੈ, ਉਸ ਨੂੰ ਲਾਗੂ ਕਰਨਾ ਹੈ। ਉਨਾ ਕੁ ਐਲਾਨ ਕਰੋ, ਜਿੰਨੇ ਤੁਹਾਡੇ ਕੋਲ ਸਾਧਨ ਹਨ। ਆਪਾਂ ਇੱਕ ਵਾਰੀ ਵਾਹਵਾ ਖੱਟਣ ਲਈ ਬੜੇ ਬੜੇ ਵੱਡੇ ਐਲਾਨ ਕਰ ਦਿੰਦੇ ਹਾਂ ਤੇ ਫਿਰ ਆਖਰ ਵਿੱਚ ਲੋਕਾਂ ਦੇ ਸੈਂਟੀਮੈਂਟਸ ਨਾਲ ਖਿਲਵਾੜ ਹੁੰਦਾ ਹੈ, ਹੋਰ ਕੁਝ ਨਹੀਂ। ਬਜਟ ਤੋਂ ਲੋਕਾਂ ਨੂੰ ਆਸਾਂ ਬਣ ਜਾਂਦੀਆਂ ਹਨ ਕਿ ਸ਼ਾਇਦ ਬਜਟ ਵਿੱਚ ਕੁਝ ਐਲਾਨ ਹੋਵੇਗਾ ਪਰ ਲੋਕਾਂ ਨੂੰ ਕੀ ਪਤਾ ਕਿ ਇਹ ਤਾਂ ਸਿਰਫ ਅੰਕੜਿਆਂ ਦਾ ਹੇਰਫੇਰ ਹੈ ਹੋਰ ਕੁਝ ਨਹੀਂ। ਸਪੀਕਰ ਸਾਹਿਬ, ਮੈਂ ਤੱਥਾਂ ਦੇ ਆਧਾਰ ਤੇ, ਅੰਕੜਿਆਂ ਦੇ ਆਧਾਰ ਤੇ ਸਾਰੀਆਂ ਗੱਲਾਂ ਕਰਾਂਗਾ। ਪਹਿਲੀ ਗੱਲ ਹਰ ਵਾਰੀ ਇਹ ਬਜਟ ਵਿੱਚ ਕਹਿੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਇੰਨਾ ਕਰਜ਼ਾ ਸਾਡੇ ਸਿਰ ਚਾੜ੍ਹ ਦਿੱਤਾ ਪਰ ਅਸਲੀਅਤ ਕੀ ਹੈ। ਸਪੀਕਰ ਸਾਹਿਬ, ਕਰਜ਼ਾ ਹੁੰਦਾ ਹੈ ਜਿਹੜਾ ਬਜਟ ਨੂੰ ਫੰਡ ਕਰਨ ਵਾਸਤੇ ਲਿਆ ਗਿਆ ਹੋਵੇ। ਜਦੋਂ ਅਸੀਂ ਕਾਰਜ ਸਾਂਭਿਆ ਸੀ, ਉਦੋਂ 51,000 ਕਰੋੜ ਰੁਪਏ ਦਾ ਕਰਜ਼ਾ ਸੀ ਅਤੇ ਅਸੀਂ ਦਸ ਸਾਲਾਂ ਦੇ ਵਿੱਚ ਤਕਰੀਬਨ 81,000 ਕਰੋੜ ਰੁਪਏ ਦਾ ਕਰਜ਼ਾ ਬਜਟ ਨੂੰ ਫੰਡ ਕਰਨ ਵਾਸਤੇ ਲਿਆ ਹੈ। ਤਕਰੀਬਨ 1,32,000 ਕਰੋੜ ਰੁਪਿਆ ਬਣਦਾ ਹੈ। ਜਿਹੜੀ ਇਹ ਗੱਲ ਕਰਦੇ ਹਨ ਕਿ 30,000 ਕਰੋੜ ਰੁਪਏ ਦੀ ਸੀ.ਸੀ.ਐਲ. ਲਿਮਿਟ ਦਾ ਇਹ ਸਾਡੇ ਤੇ ਬੋਝ ਚਾੜ੍ਹ ਗਏ। ਕੀ ਹੈ ਸਚਾਈ? ਉਹ ਸਚਾਈ ਇਹ ਹੈ ਕਿ ਸੀ.ਸੀ.ਐਲ. ਲਿਮਿਟ ਵਿੱਚ ਇਕੱਲੀ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨਹੀਂ ਸੀ, ਇਹ ਲੰਬੇ ਸਮੇਂ ਤੋਂ ਹਰ ਸਾਲ, ਸੀ.ਸੀ.ਐਲ. ਲਿਮਿਟ ਪਿਛਲੇ 15-20 ਸਾਲਾਂ ਤੋਂ ਨਵੀਂ ਲੈ ਲੈਂਦੇ ਸੀ, ਪਿਛਲੀ ਦਾ ਹਿਸਾਬ ਨਹੀਂ ਸੀ ਹੁੰਦਾ, ਉਸ ਤੇ ਇੰਟਰਸਟ ਪੈ ਜਾਂਦਾ ਸੀ। ਉਹ ਵੱਧ ਵੱਧ ਕੇ 31,000 ਕਰੋੜ ਲੰਬੇ ਸਮੇਂ ਵਿੱਚ ਹੋਈ ਹੈ। ਸਾਨੂੰ ਇਹ ਸੈਟਲ ਕਰਨੀ ਪਈ। ਕਿਉਂ? ਕਿਉਂਕਿ 12 ਪ੍ਰਤੀਸ਼ਤ ਉਸ ਤੇ ਵਿਆਜ ਪੈਂਦਾ ਸੀ। ਅਸੀਂ ਕਿਹਾ ਕਿ 8 ਪ੍ਰਤੀਸ਼ਤ ਵਿਆਜ ਤੇ ਬੈਂਕਸ ਨਾਲ ਸੈਟਲ ਕਰਕੇ, ਸਵਾ ਅੱਠ ਪ੍ਰਤੀਸ਼ਤ ਵਿਆਜ ਤੇ ਲਿਆ ਕੇ ਉਸ ਨੂੰ ਸੈਟਲ ਕਰਕੇ, ਵੰਨ ਟਾਈਮ ਸੈਟਲਮੈਂਟ ਕਰ ਲਈ। ਇਹ ਤਾਂ ਕਿਸੇ ਨੂੰ ਕਿਸੇ ਸਟੇਜ ਤੇ ਸੈਟਲ ਕਰਨਾ ਹੀ ਪੈਣਾ ਸੀ ਕਿਉਂਕਿ ਸਟੇਟ ਦੀ ਦੇਣਦਾਰੀ ਹੈ। ਇਹ ਕੋਈ ਕਿਸੇ ਦਾ ਉਹ ਨਹੀਂ ਹੈ। ਇਸ ਕਰਕੇ, ਸਪੀਕਰ ਸਾਹਿਬ, ਇਸ ਨੂੰ ਇੱਕ ਬਹਾਨਾ ਬਣਾ ਕੇ, ਸੀ.ਸੀ.ਐਲ. ਲਿਮਿਟ ਨੂੰ ਇੱਕ ਬਹਾਨਾ ਬਣਾ ਕੇ ਵਾਰੀ ਵਾਰੀ ਪੇਸ਼ ਕੀਤਾ ਜਾ ਰਿਹਾ ਹੈ। ਸੀ.ਸੀ.ਐਲ. ਲਿਮਿਟ ਇਨਕਲੂਡ ਕਰਕੇ, ਪੀ.ਐਸ.ਪੀ.ਸੀ.ਐਲ. ਜਿਹੜਾ ਸੀ, ਅਸਲ ਦੇ ਵਿੱਚ ਜਿਹੜਾ 1,32,000 ਕਰੋੜ ਤੋਂ ਇਲਾਵਾ 50,000 ਕਰੋੜ ਹੈ, ਉਹ ਡੈਟ ਸਵੈਪ ਹੈ। ਉਹ ਅਸੀਂ ਇੱਕ ਕਰਜ਼ਾ ਲੈ ਕੇ ਦੂਜਾ ਕਰਜ਼ਾ ਮੋੜਿਆ ਹੈ। ਉਹ ਕਰਜ਼ੇ ਦੀ ਦਰ ਘਟਾਈ ਹੈ। 12 ਪ੍ਰਤੀਸ਼ਤ ਤੋਂ ਤਕਰੀਬਨ 8 ਪ੍ਰਤੀਸ਼ਤ ਤੱਕ ਅਸੀਂ ਲੈ ਕੇ ਆਏ ਹਾਂ। ਉਸ ਨਾਲ ਪੰਜਾਬ ਦਾ ਫਾਇਦਾ ਕੀਤਾ ਹੈ, ਅਸੀਂ ਇਸ ਫੈਸਲੇ ਦੇ ਨਾਲ ਪੰਜਾਬ ਦਾ ਕੋਈ ਨੁਕਸਾਨ ਨਹੀਂ ਕੀਤਾ। ਜਿਹੜੀਆਂ ਗੱਲਾਂ ਕਰਨ ਵਾਲੀਆਂ ਹਨ, ਹੁਣ ਇਨ੍ਹਾਂ ਦੇ ਬਜਟ ਵਿੱਚ 21,000 ਕਰੋੜ ਰੁਪਏ ਕਰਜ਼ੇ ਦਾ ਜ਼ਿਕਰ ਹੈ, ਅਸੀਂ ਤਾਂ 81,000 ਕਰੋੜ ਰੁਪਿਆ ਦਸ ਸਾਲਾਂ ਵਿੱਚ ਲਿਆ ਹੈ, ਇਸ ਸਾਲ 21,000 ਕਰੋੜ ਦਾ ਇਨ੍ਹਾਂ ਨੇ ਆਪ ਬਜਟ ਵਿੱਚ ਲਿਖਿਆ ਹੈ ਕਿ ਅਸੀਂ ਕਰਜ਼ਾ ਲੈ ਰਹੇ ਹਾਂ। ਇਹ ਤਾਂ ਸਿਰਫ ਬਜਟ ਵਿੱਚ ਹੈ, ਇਸ ਤੋਂ ਇਲਾਵਾ ਪੁੱਡਾ, ਗਮਾਡਾ, ਪੀ.ਆਈ.ਡੀ.ਬੀ., ਆਰ.ਡੀ.ਐਫ., ਪੀ.ਐਸ.ਪੀ.ਸੀ.ਐਲ., ਉਨ੍ਹਾਂ ਦੇ ਜਿਹੜੇ ਕਰਜ਼ੇ ਲੈਣੇ ਹਨ, ਉਹ ਅੱਡ ਹਨ। ਮੈਨੂੰ ਲਗਦਾ ਹੈ 6-7 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਉਹ ਹੋ ਜਾਣਾ ਹੈ। ਇਹ ਪੰਜਾਬ ਨੂੰ ਕਿੱਧਰ ਨੂੰ ਲੈ ਕੇ ਜਾ ਰਹੇ ਹਨ। ਇਹ ਉਸ ਦਾ ਜਵਾਬ ਦੇਣ। ਸਾਡੇ ਵੇਲੇ ਜਦੋਂ ਅਸੀਂ ਕਾਰਜਭਾਰ ਸੰਭਾਲਿਆ ਸੀ, ਉਦੋਂ ਪੰਜਾਬ ਦੀ ਜੀ.ਡੀ.ਪੀ. ਪਤਾ ਕਿੰਨੀ ਸੀ? 2007 ਦੇ ਵਿੱਚ, ਸਪੀਕਰ ਸਾਹਿਬ, 1,40,000 ਕਰੋੜ ਰੁਪਏ ਸੀ। ਜਦੋਂ ਅਸੀਂ ਸਰਕਾਰ ਛੱਡੀ, ਉਦੋਂ ਵਧ ਕੇ ਪੰਜਾਬ ਦੀ 4,33,000 ਕਰੋੜ ਰੁਪਏ ਜੀ.ਡੀ.ਪੀ. ਹੋਈ। ਇਹ 3.2 ਟਾਈਮ ਗਰੋਥ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲੋਂ ਥੰਪਿੰਗ) ਦਸ ਸਾਲਾਂ ਦੇ ਵਿੱਚ

ਜੇਕਰ ਪੰਜਾਬ ਦਾ ਕਾਰੋਬਾਰ ਨਹੀਂ ਵਧਿਆ, ਪੰਜਾਬ ਦੇ ਵਿੱਚ ਜੇ ਇੰਡਸਟਰੀ ਨਹੀਂ ਆਈ ਤਾਂ ਪੰਜਾਬ ਦੀ ਜੀ.ਡੀ.ਪੀ. ਕਿਵੇਂ ਵਧ ਗਈ। ਇਹ ਅੰਕੜੇ ਕੋਈ ਮੇਰੇ ਨਹੀਂ, ਇਹ ਅੰਕੜੇ ਗੌਰਮਿੰਟ ਆਫ ਇੰਡੀਆ ਦੇ, ਪੰਜਾਬ ਦੇ ਅੰਕੜੇ ਹਨ। ਜਦੋਂ ਮਰਜ਼ੀ ਕਢਾ ਕੇ ਦੇਖ ਲਵੋ। ਫਿਰ ਕਹਿੰਦੇ ਕਿ ਜੀ ਬੜੀ ਮਿਸਮੈਨੇਜਮੈਂਟ ਸੀ। ਤੁਸੀਂ ਇਨ੍ਹਾਂ ਦਾ ਹੀ ਬਜਟ ਐਟ ਏ ਗਲਾਂਸ ਚੁੱਕ ਲਵੋ। 2016-17 ਵਿੱਚ, ਇੱਕ ਮਹੀਨਾ ਇਨ੍ਹਾਂ ਦਾ ਸੀ, ਇੱਕ ਮਹੀਨਾ ਵੀ ਕਿਥੇ ਅੱਧਾ ਮਹੀਨਾ ਸੀ, ਬਾਕੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਦੀ ਸਰਕਾਰ ਸੀ, 2017-18 ਵਿੱਚ ਰੈਵੇਨਿਊ ਡੈਫਿਸਿਟ ਕਿੰਨਾ ਸੀ, 7310 ਕਰੋੜ ਰੁਪਏ। ਹੁਣ ਉਹ ਵੱਧ ਕੇ ਇਸ ਸਾਲ, ਸਪੀਕਰ ਸਾਹਿਬ, 14,309 ਕਰੋੜ ਰੁਪਏ ਹੋ ਗਿਆ, ਇਹ ਦੁੱਗਣਾ ਹੋ ਗਿਆ। ਇਹ ਕਹਿੰਦੇ ਅਸੀਂ ਰੈਵੇਨਿਊ ਡੈਫਿਸਿਟ ਜ਼ੀਰੋ ਕਰਾਂਗੇ, ਰੈਵੇਨਿਊ ਡੈਫਿਸਿਟ ਦੁੱਗਣਾ ਹੋ ਗਿਆ ਹੈ। ਸਰਕਾਰ ਕਿੱਧਰ ਨੂੰ ਜਾ ਰਹੀ ਹੈ। ਇਹ ਕੋਈ ਮੈਂ ਨਹੀਂ ਕਹਿੰਦਾ, ਇਹ ਜਿਹੜੇ ਤੁਹਾਡੀ ਸਰਕਾਰ ਦੇ ਅੰਕੜੇ ਹਨ, ਉਹ ਦੱਸ ਰਹੇ ਹਨ। ਫਿਰ ਕਹਿੰਦੇ ਜੀ ਅਕਾਲੀ ਦਲ ਦੀ ਸਰਕਾਰ ਦੀ ਮਿਸਮੈਨੇਜਮੈਂਟ ਸੀ। ਇਹ ਹੁਣ ਆਪ ਦੇਖ ਲੈਣ ਕਿ ਇਹ ਕੀ ਕਰ ਰਹੇ ਹਨ। ਸਪੀਕਰ ਸਾਹਿਬ ਫਿਰ ਅੰਕੜੇ ਸਾਰੇ ਝੂਠੇ, totally false ਹਨ ਰੈਵੇਨਿਊਜ਼ ਨੂੰ ਵਧਾ ਦਿੱਤਾ। ਕਿਉਂਕਿ ਇਨ੍ਹਾਂ ਨੇ ਬਜਟ ਨੂੰ ਮੈਚ ਕਰਨਾ ਹੈ, ਖਰਚੇ ਹੁਣ ਦਿਖਾ ਦਿੱਤੇ ਕਿ ਕਰਨੇ ਹਨ। ਰੈਵੇਨਿਊ ਅਤੇ ਐਕਸਪੈਂਡੀਚਰ ਨੂੰ ਮੈਚ ਕਰਨਾ ਹੈ। ਜਿਵੇਂ ਪਿਛਲੀ ਵਾਰ ਇਨਫਲੇਟ ਕੀਤੇ ਸੀ, ਇਸ ਵਾਰ ਫਿਰ ਕਰ ਦਿੱਤੇ। ਬੋਰਿੰਗ ਲਿਮਿਟ ਬਾਰੇ ਇਨ੍ਹਾਂ ਨੇ ਦੱਸਿਆ ਕਿ ਫਿਸਕਲ ਡੈਫਿਸਿਟ 3.86 ਪ੍ਰਤੀਸ਼ਤ ਹੋਏਗਾ ਪਰ ਇਹ ਖੁਦ ਵੀ ਜਾਣਦੇ ਹਨ ਕਿ 3 ਪਰਸੈਂਟ ਤੋਂ ਵੱਧ ਤਾਂ ਅਸੀਂ ਬੋਰੋ ਹੀ ਨਹੀਂ ਕਰ ਸਕਦੇ, ਸਾਨੂੰ ਐਫ. ਆਰ.ਬੀ.ਐਮ. ਐਕਟ, ਜੋ ਸਾਡੀਆਂ ਫਾਈਨਾਂਸ ਕਮਿਸ਼ਨ ਦੀਆਂ ਗਾਈਡ ਲਾਈਨਜ਼ ਹਨ, ਗੌਰਮਿੰਟ ਆਫ ਇੰਡੀਆ ਉਸ ਤੋਂ ਵੱਧ ਕਰਨ ਨੂੰ ਅਲਾਓ ਹੀ ਨਹੀਂ ਕਰਦੀ। ਪਿਛਲੀ ਵਾਰ ਇਨ੍ਹਾਂ ਨੇ ਚਿੱਠੀ ਲਿਖ ਕੇ ਦੇਖੀ ਸੀ, ਇਨ੍ਹਾਂ ਨੂੰ ਪੁੱਛ ਲਵੋ ਕਿ ਇਨ੍ਹਾਂ ਨੂੰ ਬੋਰੋ ਕਰਨ ਨੂੰ ਅਲਾਓ ਕੀਤਾ ਸੀ? ਫਿਰ ਕਿੰਨਾ ਫਰਕ ਹੈ, ਮਿਲਣਾ 3 ਪ੍ਰਤੀਸ਼ਤ, ਪਰ ਇਨ੍ਹਾਂ ਨੇ 3.86% ਲਿਖਿਆ ਹੈ, 0.86 ਪਰਸੈਂਟ ਨਾਲ ਪਤਾ ਕਿੰਨੀ ਰਾਸ਼ੀ ਬਣਦੀ ਹੈ, ਜਿਹੜੀ ਇਨ੍ਹਾਂ ਨੇ ਵੱਧ ਦਿਖਾਈ ਹੈ। ਸਪੀਕਰ ਸਾਹਿਬ, ਇਹ 4100 ਕਰੋੜ ਰੁਪਿਆ ਬਣਦੀ ਹੈ, ਜਿਹੜਾ ਪੈਸਾ 4100 ਕਰੋੜ ਰੁਪਿਆ ਆਉਣਾ ਹੀ ਨਹੀਂ ਹੈ ਲੇਕਿਨ ਉਹ ਇਨ੍ਹਾਂ ਨੇ ਵਿਚ ਲਿਖ ਦਿੱਤਾ ਹੈ ਕਿ ਇਹ ਅਸੀਂ ਬੋਰੋ ਕਰਾਂਗੇ। ਪਰ ਨਹੀਂ ਹੋਣਾ।

ਦੂਸਰਾ, ਇਨ੍ਹਾਂ ਨੇ ਲਿਖਿਆ ਹੈ, ਬਾਕੀ ਤਾਂ ਸਾਰੇ ਹੀ ਥੋੜ੍ਹੇ ਥੋੜ੍ਹੇ ਇਨਫਲੇਟ ਕੀਤੇ ਹਨ, ਚਲੋ, ਮੈਂ ਇੰਨੀ ਕੁ ਇਨ੍ਹਾਂ ਨੂੰ leverage ਦਿੰਦਾ ਹਾਂ ਕਿ ਸਾਰੇ ਤੁਹਾਡੇ ਸਟੇਟਸ ਆਨ ਟੈਕਸ ਰੈਵੇਨਿਊ ਮੰਨ ਲਏ। ਸਪੀਕਰ ਸਾਹਿਬ, ਮੈਂ ਨਾਨ ਟੈਕਸ ਰੈਵੇਨਿਊ ਦੀ ਗੱਲ ਕਰਦਾ ਹਾਂ। ਇਨ੍ਹਾਂ ਦੀ ਪਿਛਲੇ ਸਾਲ ਨਾਨ ਟੈਕਸ ਰੈਵੇਨਿਊ ਦੀ ਇਨਕਮ 5096 ਕਰੋੜ ਰੁਪਏ ਸੀ। ਇਹ ਇਨ੍ਹਾਂ ਨੇ ਲਿਖਿਆ ਹੈ, ਇਸ ਸਾਲ ਸਟੇਟਸ ਆਨ ਟੈਕਸ ਰੈਵੇਨਿਊ ਮਿਸਲੇਨੀਅਸ ਅਤੇ ਜਨਰਲ ਰਿਸੀਟਸ 10,248 ਕਰੋੜ ਰੁਪਏ ਪਾ ਦਿੱਤਾ, ਸਿੱਧਾ ਦੁੱਗਣਾ। ਦੱਸੋ, ਮੈਂ 5000 ਕਰੋੜ ਰੁਪਏ ਦੀ ਆਮਦਨ ਕਿਥੋਂ ਵੱਧੇਗੀ? ਮੈਨੂੰ ਤਾਂ ਇਹ ਗੱਲ ਸਮਝ ਨਹੀਂ ਆਉਂਦੀ ਕਿ ਇਹ ਪੰਜ ਹਜ਼ਾਰ ਕਰੋੜ ਕਿਥੋਂ ਲੈ ਕੇ ਆਉਣਗੇ, ਕੋਈ ਨਹੀਂ ਲਿਖਿਆ। ਸਿਰਫ ਆਪਣੇ ਫਿਗਰਜ਼ ਨੂੰ ਵਧਾਉਣ ਵਾਸਤੇ ਉਸ ਵਿੱਚ ਇਨ੍ਹਾਂ ਨੇ ਪੰਜ ਹਜ਼ਾਰ ਕਰੋੜ ਰੁਪਿਆ ਪਾ ਦਿੱਤਾ, ਦੂਸਰਾ ਇਹ ਫਰਕ ਕਿੰਨਾ ਹੈ, ਚਲੋ ਮੈਂ ਇਹ ਸਮਝਦਾ ਹਾਂ ਕਿ ਜੇ ਜ਼ੋਰ ਵੀ ਲਗਾਉਣਗੇ ਤਾਂ 700 ਕਰੋੜ ਰੁਪਿਆ ਵਧਾ ਲੈਣਗੇ ਫਿਰ ਵੀ 4500 ਕਰੋੜ ਰੁਪਏ ਦਾ ਆਨ ਰੈਵੇਨਿਊ ਤੇ ਮਿਸਲੇਨੀਅਸ ਰਿਸੀਟਸ ਵਿਚ ਡਿਫਰੈਂਸ ਹੈ। ਫਿਰ ਕਹਿੰਦੇ ਹਨ ਕਿ ਅਸੀਂ ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜ਼ੇਸ਼ਨ ਕਰਾਂਗੇ, ਐਡੀਸ਼ਨਲ ਰਿਸੋਰਸਿਜ਼ ਮੋਬੇਲਾਈਜ਼ੇਸ਼ਨ 1500 ਕਰੋੜ, ਉਸ ਵਿੱਚ ਲਿਖਿਆ ਹੈ ਕਿ ਪ੍ਰੋਫੈਸ਼ਨਲ ਟੈਕਸ ਤੋਂ 150 ਕਰੋੜ, ਪਰ ਫਿਰ ਮੈਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਚਲੋ 150 ਨਹੀਂ 200 ਕਰੋੜ ਰੁਪਿਆ ਕਮਾ ਲੈਣ, ਬਾਕੀ 1200 ਕਰੋੜ ਰੁਪਿਆ ਕਿਥੋਂ ਆਵੇਗਾ? ਸਟੇਟ ਕੋਲ ਹੁਣ ਬਹੁਤ ਟੈਕਸ ਲਗਾਉਣ ਦੀ leverage ਨਹੀਂ ਹੈ, ਆਪਾਂ ਕਿਤੇ ਟੈਕਸ ਨਹੀਂ ਲਗਾ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]

ਸਕਦੇ, ਜਿਹੜੇ ਜਿਹੜੇ ਸਰੋਤ ਸਨ, ਜਿਥੇ ਟੈਕਸ ਲਗ ਸਕਦੇ ਸੀ, ਉਹ ਤਕਰੀਬਨ ਸੂਬਿਆਂ ਦੀਆਂ ਸਰਕਾਰਾਂ ਲਗਾ ਚੁਕੀਆਂ ਹਨ। ਹੁਣ ਇਸ ਵਿੱਚ ਡਿਫਰੈਂਸ ਕਿੰਨਾ ਹੈ, ਇਹ 1300 ਕਰੋੜ ਰੁਪਏ ਦਾ ਹੈ, ਇਹ ਕਿਥੋਂ ਲੈ ਕੇ ਆਉਣਗੇ? ਇਨ੍ਹਾਂ ਨੇ ਤਾਂ ਕਿਹਾ ਹੈ ਕਿ ਸਾਡਾ 4000 ਤੋਂ ਉਪਰ ਦਾ ਡਿਫਰੈਂਸ ਆ ਰਿਹਾ ਹੈ ਪਰ ਅਸਲ ਵਿਚ 9900 ਕਰੋੜ ਰੁਪਏ ਦਾ ਇਨ੍ਹਾਂ ਨੇ ਆਪਣੀ ਇਨਕਮ ਵਧਾ ਕੇ ਦਿਖਾਈ ਹੈ। ਸਪੀਕਰ ਸਾਹਿਬ, 9900 ਕਰੋੜ ਰੁਪਿਆ। ਦੂਜੇ ਪਾਸੇ ਇਨ੍ਹਾਂ ਨੇ ਆਪਣੇ ਖਰਚਿਆਂ ਨੂੰ ਸਪਰੈਸ ਕਰ ਦਿੱਤਾ, ਜਿਹੜੇ ਖਰਚੇ ਹੋਣੇ ਹਨ, ਉਨ੍ਹਾਂ ਨੂੰ ਘਟਾ ਦਿੱਤਾ ਤਾਂ ਕਿ ਠੀਕ ਲੱਗੇ ਕਿ ਇੰਨਾ ਖਰਚਾ ਨਹੀਂ ਹੋ ਰਿਹਾ। ਸੈਲਰੀ ਐਂਡ ਵੇਜ਼ਿਜ਼ ਦੇ ਅਕਾਉਂਟ ਵਿਚ ਇਨ੍ਹਾਂ ਨੇ ਸਿਰਫ 700 ਕਰੋੜ ਰੁਪਏ ਦਾ ਵਾਧਾ ਦਿਖਾਇਆ ਹੈ। ਇਨ੍ਹਾਂ ਦਾ ਕਹਿਣਾ ਹੈ ਕਿ 24,938 ਕਰੋੜ ਤੋਂ ਵੱਧ 25,708 ਕਰੋੜ ਰੁਪਏ ਹੋਵੇਗਾ ਪਰ ਜਿਹੜਾ ਪਿਛਲਾ ਹੈ, ਉਸ ਵੱਲ ਨਿਗਾਹ ਮਾਰ ਕੇ ਦੇਖੋ ਤਾਂ ਹਰ ਸਾਲ ਸੈਲਰੀ ਐਂਡ ਵੇਜ਼ਿਜ਼ 2500 ਤੋਂ 3000 ਕਰੋੜ ਰੁਪਏ ਵੱਧਦੀਆਂ ਹਨ। ਪਿਛਲੇ ਸਾਲ ਸੈਲਰੀ ਐਂਡ ਵੇਜ਼ਿਜ਼ ਦਾ ਜੋ ਬਿੱਲ ਇਨਕਰੀਜ਼ ਹੋਇਆ ਹੈ, ਉਹ 3200 ਕਰੋੜ ਰੁਪਿਆ ਹੋਇਆ ਹੈ। ਇਹ 700 ਕਰੋੜ ਰੁਪਏ ਨਾਲ ਕਿਵੇਂ ਕਰਨਗੇ? ਅਜੇ ਇਸ ਤੋਂ ਇਲਾਵਾ ਤੁਸੀਂ ਤਿੰਨ ਡੀ.ਏ. ਦੇਣੇ ਹਨ, ਏਰੀਅਰ ਤੁਸੀਂ ਦੇਣੇ ਹਨ ਤੇ ਪੇਅ ਕਮਿਸ਼ਨ ਦੀ ਰਿਪੋਰਟ ਆਉਣੀ ਹੈ, ਉਹ ਤੁਸੀਂ ਦੇਣੀ ਹੈ ਪਰ ਰੱਖਿਆ ਸਿਰਫ 700 ਕਰੋੜ ਰੁਪਿਆ ਹੈ ਤੇ ਉਹ ਵੀ ਵਧੇਗਾ। ਨਵੀਂ ਭਰਤੀ ਅਜੇ ਇਨ੍ਹਾਂ ਨੇ ਕਰਨੀ ਹੈ, ਕਹਿੰਦੇ ਹਨ ਕਿ ਬੜੀ ਭਰਤੀ ਕਰਨੀ ਹੈ। ਸਪੀਕਰ ਸਾਹਿਬ, ਮੈਂ ਮਹਿਸੂਸ ਕਰਦਾ ਹਾਂ ਕਿ ਘੱਟੋ ਘੱਟ ਬਹੁਤ ਘਟਾ ਕੇ ਕੋਸ਼ਿਸ਼ ਕਰਦਾ ਹਾਂ ਕਿ ਇਨ੍ਹਾਂ ਨੇ 2000 ਕਰੋੜ ਰੁਪਿਆ ਆਪਣੇ ਖਰਚ ਨੂੰ ਸਪਰੈਸ ਕੀਤਾ ਹੈ, ਜਿਹੜਾ ਘੱਟ ਦਿਖਾਇਆ ਹੈ।

ਇਸੇ ਤਰ੍ਹਾਂ ਪਾਵਰ ਸਬਸਿਡੀ ਹੈ। ਇਨ੍ਹਾਂ ਨੇ 12,950 ਕਰੋੜ ਰੁਪਏ ਦਿਖਾਈ ਹੈ, ਪੰਜ ਹਜ਼ਾਰ ਕਰੋੜ ਰੁਪਏ ਦਾ ਤਾਂ ਇਨ੍ਹਾਂ ਦਾ ਹਾਲੇ ਬੈਕਲਾਗ ਹੀ ਪਿਆ ਹੈ, ਜਿਹੜਾ ਪਿਛਲਾ ਦੇਣ ਵਾਲਾ ਹੈ। ਮੇਰਾ ਖਿਆਲ ਹੈ ਕਿ 9000-9500 ਕਰੋੜ ਰੁਪਿਆ ਟੈਰਿਫ ਆਰਡਰ ਹੈ, 14,500 ਕਰੋੜ ਰੁਪਿਆ ਤਾਂ ਇਹੀ ਬਣ ਗਿਆ, ਤੁਸੀਂ ਦਿਖਾਇਆ 12 ਹਜ਼ਾਰ ਕੁਝ ਕਰੋੜ ਰੁਪਿਆ ਹੈ, 1500 ਕਰੋੜ ਰੁਪਏ ਦਾ ਇਸ ਵਿਚ ਫਰਕ ਹੈ। ਸਪੀਕਰ ਸਾਹਿਬ, ਇਹ ਜਿਹੜਾ ਟੋਟਲ ਇਨ੍ਹਾਂ ਨੇ ਆਪਣਾ ਐਕਸਪੈਂਡੀਚਰ ਸਪਰੈਸ ਕੀਤਾ ਹੈ, ਉਹ 3500 ਕਰੋੜ ਰੁਪਏ ਦਾ ਹੈ, ਹੁਣ ਜੋੜ ਲਗਾ ਲਵੋ, ਕੁਝ ਸੁਪਰੈਸ ਕੀਤਾ ਹੈ, ਕੁਝ ਇਨਫਲੇਟ ਕੀਤਾ ਹੈ, ਇਨ੍ਹਾਂ ਦਾ 13,400 ਕਰੋੜ ਰੁਪਏ ਦਾ ਗੈਪ ਆ ਰਿਹਾ ਹੈ। This is as per conservative estimates. 13,400 ਕਰੋੜ ਰੁਪਏ ਦਾ ਨਤੀਜਾ ਕੀ ਹੋਣਾ ਹੈ। ਨਾ ਤਾਂ ਕਿਸਾਨਾਂ ਦੀ ਕਰਜ਼ਾ ਮੁਆਫੀ ਹੋਣੀ ਹੈ, ਨਾ ਹੀ ਕੋਈ ਸਕੀਮ ਚਲਣੀ ਹੈ ਤਾਂ ਹੀ ਕਿਤੇ 5 ਕਰੋੜ ਦੀਆਂ, ਕਿਤੇ 10 ਕਰੋੜ ਦੀਆਂ ਟੋਕਨ ਸਕੀਮਾਂ ਲਿਆਂਦੀਆਂ ਹਨ ਕਿਉਂਕਿ ਅਸੀਂ ਇਹ ਦੇਣੇ ਤਾਂ ਹੈ ਨਹੀਂ, ਚਲੋ ਟੋਕਨ ਪ੍ਰੋਵੀਜ਼ਨ ਲਈ ਇਹ ਕਰ ਲਿਆ ਜਾਵੇ ਤੇ ਇਸ ਤਰ੍ਹਾਂ ਹੀ ਸਾਡਾ ਚੱਲ ਜਾਵੇਗਾ। ਡੈੱਟ ਰਿਲੀਫ ਲਈ 4200 ਕਰੋੜ ਰੁਪਿਆ ਕਿਹਾ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 500 ਕਰੋੜ ਰੁਪਿਆ ਹੱਦ ਹੈ ਜੇਕਰ ਇਹ ਦੇ ਦੇਣ। ਇਹ ਜਿਹੜਾ ਪੈਸੇ ਦਾ ਫਰਕ ਹੈ, ਇਹ ਸਾਰਾ ਡੈੱਟ ਰਿਲੀਫ ਤੇ ਹੀ ਕੱਟ ਲੱਗਣਾ ਹੈ।

ਸਰਦਾਰ ਕੁਲਜੀਤ ਸਿੰਘ ਨਾਗਰਾ (ਬੈਠੇ ਬੈਠੇ) : ਤੁਸੀਂ ਤਾਂ ਕਹਿੰਦੇ ਹੋ ਅਸੀਂ ਦਿੰਦੇ ਹੀ ਨਹੀਂ?

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਅਸੀਂ ਤਾਂ ਕਹਿੰਦੇ ਹਾਂ ਕਿ 90,000 ਕਰੋੜ ਦਿਓ, ਅਸੀਂ ਤੁਹਾਨੂੰ ਨਹੀਂ ਰੋਕਦੇ। ਅਸੀਂ ਕਹਿੰਦੇ ਹਾਂ ਕਿ ਦਿਓ।

ਸਰਦਾਰ ਕੁਲਜੀਤ ਸਿੰਘ ਨਾਗਰਾ : ਤੁਸੀਂ ਕਹਿੰਦੇ ਹੋ ਕਿ ਅਸੀਂ ਦਿੰਦੇ ਹੀ ਨਹੀਂ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਤੁਸੀਂ ਫੇਰ ਦੇ ਹੀ ਨਹੀਂ ਰਹੇ। 500 ਕਰੋੜ ਨਾਲ ਤਾਂ ਉਨ੍ਹਾਂ ਦਾ ਵਿਆਜ ਹੀ ਪੂਰਾ ਨਹੀਂ ਹੁੰਦਾ।

Mr Speaker : Please address the Chair.

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਫੇਰ ਇਹ ਕਹਿੰਦੇ ਹਨ ਕਿ ਪਿਛਲੀ ਸਰਕਾਰ ਨੇ ਕਰਜ਼ਾ ਕਿਉਂ ਮਾਫ ਨਹੀਂ ਕੀਤਾ, ਸਾਨੂੰ ਕਹਿੰਦੇ ਹਨ ਕਿ ਇਨ੍ਹਾਂ ਨੂੰ ਕਰਨਾ ਚਾਹੀਦਾ ਸੀ। ਅਸੀਂ ਤਾਂ ਆਪਣੇ 2012 ਦੇ ਮੈਨੀਫੈਸਟੋ ਵਿੱਚ ਐਲਾਨ ਨਹੀਂ ਕੀਤਾ...

ਸਰਦਾਰ ਕੁਲਜੀਤ ਸਿੰਘ ਨਾਗਰਾ : 2006 ਵਿੱਚ ਬਾਦਲ ਸਾਹਿਬ ਨੇ ਕਿਹਾ ਹੈ....

ਮਾਨਯੋਗ ਸਪੀਕਰ : ਨਾਗਰਾ ਜੀ, ਬੈਠੋ...ਨਾਗਰਾ ਜੀ, ਬੋਲਣ ਦਿਓ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਕੋਈ ਮੈਨੀਫੈਸਟੋ ਵਿੱਚ ਐਲਾਨ ਨਹੀਂ ਕੀਤਾ ਕਿ ਅਸੀਂ ਕਰਜ਼ਾ ਮਾਫ ਕਰਾਂਗੇ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਕਿਸਾਨਾਂ ਨਾਲ ਜਿਹੜੇ ਵੀ ਵਾਅਦੇ ਕੀਤੇ, ਉਹ ਸਾਰੇ ਦੇ ਸਾਰੇ ਵਾਅਦੇ ਪੂਰੇ ਕੀਤੇ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਜੀਤ ਸਿੰਘ ਨਾਗਰਾ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀਆਂ ਸੀਟਾਂ ਤੇ ਖੜ੍ਹੇ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਫੇਰ ਇਹ ਕਹਿੰਦੇ ਹਨ ਕਿ ਦਿੱਲੀ ਜਾ ਕੇ ਰੌਲਾ ਪਾਓ, ਦਿੱਲੀ ਕਿਉਂ ਮਾਫ ਕਰੇ? (ਵਿਘਨ, ਸ਼ੋਰ)

ਮਾਨਯੋਗ ਸਪੀਕਰ : ਪਲੀਜ਼ ਬੈਠੋ।

ਸਰਦਾਰ ਬਿਕਰਮ ਸਿੰਘ ਮਜੀਠੀਆ : ਸਪੀਕਰ ਸਾਹਿਬ, ਬੇਨਤੀ ਹੈ ਕਿ 2006 ਦਾ ਜਿਹੜਾ ਸ਼੍ਰੋਮਣੀ ਅਕਾਲੀ ਦਲ ਦਾ ਮੈਨੀਫੈਸਟੋ ਬਣਿਆ ਸੀ, ਉਹ ਖਜ਼ਾਨਾ ਮੰਤਰੀ, ਸਰਦਾਰ ਮਨਪ੍ਰੀਤ ਸਿੰਘ ਬਾਦਲ ਨੇ ਉਦੋਂ ਬਣਾਇਆ ਸੀ। 2012 ਦਾ ਪੀ.ਪੀ.ਪੀ. ਦਾ ਬਣਾਇਆ ਸੀ ਅਤੇ ਹੁਣ ਇਨ੍ਹਾਂ ਦਾ ਬਣਾ ਦਿੱਤਾ। ਚੌਥੀ ਵਾਰ ਬਸਪਾ ਦਾ ਬਣਾ ਦੇਣਾ ਹੈ, ਇਨ੍ਹਾਂ ਨੂੰ ਕਿਹੜਾ ਕੋਈ ਚੜ੍ਹੀ ਲੱਥੀ ਹੈ?

ਮਾਨਯੋਗ ਸਪੀਕਰ : ਢੀਂਡਸਾ ਸਾਹਿਬ ਨੂੰ ਬੋਲ ਲੈਣ ਦਿਓ। (ਵਿਘਨ, ਸ਼ੋਰ) ਢੀਂਡਸਾ ਸਾਹਿਬ, ਵਾਈਂਡ ਅੱਪ ਕਰੋ ਜੀ। ਤੁਹਾਡਾ ਟਾਈਮ ਹੋ ਗਿਆ ਹੈ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੇਰੇ ਕੋਲ ਟਾਈਮ ਹੈ। ਮੇਰੀ ਤੁਹਾਨੂੰ ਬੇਨਤੀ ਹੈ, ਇਹ ਕਹਿੰਦੇ ਹਨ ਕਿ ਦਿੱਲੀ ਜਾ ਕੇ ਧਰਨੇ ਦਿਓ। ਕਿਉਂ ਜੀ? ਐਨ.ਡੀ.ਏ. ਸਰਕਾਰ ਨੇ ਕਦੋਂ ਵਾਅਦਾ ਕੀਤਾ ਹੈ ਕਿ ਕਿਸਾਨਾਂ ਦਾ ਕਰਜ਼ਾ ਮਾਫ ਕਰਨਾ ਹੈ? ਇਹ ਹੁਣ ਕਹਿੰਦੇ ਹਨ... ਮੈਂ ਕਰਜ਼ਾ ਮਾਫੀ ਬਾਰੇ ਗੱਲ ਕਰ ਰਿਹਾ ਹਾਂ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ) : ਸਪੀਕਰ ਸਾਹਿਬ, ਕੀ ਇਹ ਨਹੀਂ ਚਾਹੁੰਦੇ ਕਿ ਕਰਜ਼ਾ ਮਾਫ ਹੋਵੇ।

ਮਾਨਯੋਗ ਸਪੀਕਰ : ਤੁਹਾਡੇ ਸਪੀਕਰ ਬੋਲਣਗੇ, ਉਦੋਂ ਜਵਾਬ ਦੇ ਦੇਣਾ। ਹੁਣ ਤੁਸੀਂ ਨੋਟ ਕਰ ਲਓ।

ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ : ਸਪੀਕਰ ਸਾਹਿਬ, ਇਹ ਜਿਹੜੀ ਗੱਲ ਕਹਿ ਰਹੇ ਹਨ, ਕੀ ਇਹ ਨਹੀਂ ਚਾਹੁੰਦੇ ਕਿ ਕਰਜ਼ਾ ਮਾਫ ਹੋਵੇ?

ਮਾਨਯੋਗ ਸਪੀਕਰ : ਤੁਸੀਂ ਨੋਟ ਕਰ ਲਓ। ਵਿਜੈ ਇੰਦਰ ਸਿੰਗਲਾ ਨੇ ਬੋਲਣਾ ਹੈ, ਇਹ ਜਵਾਬ ਦੇ ਦੇਣਗੇ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਅਸੀਂ ਚਾਹੁੰਦੇ ਹਾਂ ਕਿ ਕਰਜ਼ਾ ਮਾਫ ਹੋਵੇ ਪਰ ਉਹ ਮਾਫ ਕਰਨ ਜਿਹੜੇ ਲੋਕਾਂ ਨਾਲ ਵਾਅਦੇ ਕਰਕੇ ਆਏ ਹਨ। ਜਿਹੜੇ ਵਾਅਦਿਆਂ ਦੇ ਅਧਾਰ ਤੇ ਵੋਟਾਂ ਲੈ ਕੇ ਆਏ ਹਨ। ਇਹ ਹੁਣ ਚੁੱਕ ਕੇ ਕਦੇ ਸੈਂਟਰ ਸਰਕਾਰ ਦੇ ਸਿਰ ਪਾ ਦਿੱਤਾ, ਕਦੇ ਪਿਛਲੀ ਸਰਕਾਰ ਦੇ ਸਿਰ ਪਾ ਦਿੱਤਾ, ਹੁਣ ਜੇ ਤੁਸੀਂ ਆਪ ਵਾਅਦਾ ਕੀਤਾ ਹੈ ਤਾਂ ਪੂਰਾ ਕਰੋ। ਭੱਜੋ ਨਾ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ, ਸਰਦਾਰ ਕੁਲਜੀਤ ਸਿੰਘ ਨਾਗਰਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

ਮਾਨਯੋਗ ਸਪੀਕਰ : ਨਾਗਰਾ ਜੀ, ਬੈਠੋ। (ਵਿਘਨ, ਸ਼ੋਰ) Nagra ji, address the Chair.

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਨਾਗਰਾ ਜੀ ਭੁੱਲ ਗਏ ਹਨ ਕਿ ਸਰਕਾਰ ਤੁਹਾਡੀ ਹੈ ਅਤੇ ਤੁਸੀਂ ਵਾਅਦੇ ਪੂਰੇ ਕਰਨੇ ਹਨ, ਜੇਕਰ ਸਾਡੀ ਸਰਕਾਰ ਹੁੰਦੀ ਤਾਂ ਅਸੀਂ ਪੂਰੇ ਕਰਨੇ ਸਨ। (ਸਰਦਾਰ ਕੁਲਜੀਤ ਸਿੰਘ ਨਾਗਰਾ ਵੱਲੋਂ ਵਿਘਨ)

ਮਾਨਯੋਗ ਸਪੀਕਰ : ਬੈਠੋ ਜੀ, ਪਲੀਜ਼.....ਪਲੀਜ਼, ਬੈਠੋ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਇਨ੍ਹਾਂ ਨੇ 42,000 ਕਰੋੜ ਰੁਪਿਆ ਕਿਹਾ ਹੈ ਪਰ ਮੈਨੂੰ ਕੋਈ ਆਸ ਨਹੀਂ ਹੈ ਕਿ ਇਹ ਮਾਫ ਹੋਵੇਗਾ। ਲੋਕਾਂ ਦੀਆਂ ਆਸਾਂ ਜਗਾਉਣੀਆਂ ਤੇ ਫੇਰ ਉਸ ਤੇ ਪਾਣੀ ਪਾ ਦੇਣਾ, ਇਹ ਮਾੜੀ ਗੱਲ ਹੈ। ਜੀ.ਐਸ.ਟੀ. ਬਾਰੇ ਅਖਬਾਰਾਂ ਵਿੱਚ ਇਨ੍ਹਾਂ ਦਾ ਇਹ ਹਿਸਾਬ ਰਿਹਾ ਹੈ ਜਾਂ ਤਾਂ ਅਖਬਾਰਾਂ ਇਨ੍ਹਾਂ ਨੂੰ ਪੁੱਛ ਕੇ ਲਿਖਦੀਆਂ ਹਨ, ਉਹ ਕੀ ਲਿਖਦੀਆਂ ਹਨ ਕਿ ਤਨਖਾਹਾਂ ਨਹੀਂ ਦਿੱਤੀਆਂ ਗਈਆਂ ਕਿਉਂਕਿ ਜੀ.ਐਸ.ਟੀ. ਦਾ ਰੈਵੇਨਿਊ ਸਾਨੂੰ ਲੇਟ ਆਇਆ ਹੈ। ਮੈਂ ਸਪੀਕਰ ਸਾਹਿਬ, ਇਹ ਗੱਲ ਅੱਜ ਕਹਿਣਾ ਚਾਹੁੰਦਾ ਹਾਂ ਕਿ ਅੱਜ ਜੇਕਰ ਇਹ ਸਰਕਾਰ ਚੱਲ ਰਹੀ ਹੈ ਤਾਂ ਸਿਰਫ ਜੀ.ਐਸ.ਟੀ. ਦੀ ਵਜ੍ਹਾ ਨਾਲ ਚੱਲ ਰਹੀ ਹੈ, ਨਹੀਂ ਤਾਂ ਇਨ੍ਹਾਂ ਦੀ ਸਰਕਾਰ ਦੇ ਖਜ਼ਾਨਿਆਂ ਨੂੰ ਕਦੋਂ ਦੇ ਤਾਲੇ ਲੱਗ ਗਏ ਹੁੰਦੇ। ਮੈਂ ਹਾਲੇ ਤੁਹਾਨੂੰ ਸਿਰਫ ਛੇ ਮਹੀਨਿਆਂ ਦਾ ਹਿਸਾਬ ਦਿੰਦਾ ਹਾਂ। ਪਹਿਲੇ ਛੇ ਮਹੀਨਿਆਂ ਵਿੱਚ ਜੀ.ਐਸ.ਟੀ. ਵਿੱਚ 2838 ਕਰੋੜ

ਰੁਪਏ ਦੀ ਸਿਰਫ ਕੰਪਨਸੇਸ਼ਨ ਆਈ ਹੈ। ਉਹ bi-monthly ਹਿਸਾਬ ਕਰਦੇ ਹਨ, ਦੋ ਮਹੀਨਿਆਂ ਬਾਅਦ ਜਿੰਨਾ ਹਿਸਾਬ ਹੁੰਦਾ ਹੈ, ਉਹ ਇਨ੍ਹਾਂ ਨੂੰ ਪੈਸੇ ਦੇ ਦਿੰਦੇ ਹਨ। ਉਸ ਵਿੱਚ ਕੀ ਹੁੰਦਾ ਹੈ? ਇਹ ਨਹੀਂ ਕਿ ਇਨ੍ਹਾਂ ਨੂੰ ਪੈਸਾ ਨਹੀਂ ਆਉਂਦਾ ਹੈ। ਆਪਣਾ ਰੈਵੇਨਿਊ ਪੰਜਾਬ ਸਰਕਾਰ ਇਕੱਠਾ ਕਰ ਰਹੀ ਹੈ, ਜੀ.ਐਸ.ਟੀ. ਦਾ ਸਟੇਟ ਸ਼ੇਅਰ ਇਨ੍ਹਾਂ ਕੋਲ ਹੀ ਹੈ। ਇਹੀ ਕੱਟ ਰਹੇ ਹਨ ਪਰ ਦੋ ਮਹੀਨਿਆਂ ਬਾਅਦ ਦਾ ਸਿਰਫ ਜੀ.ਐਸ.ਟੀ. ਕੰਪਨਸੇਸ਼ਨ ਦਾ ਹਿਸਾਬ ਹੁੰਦਾ ਹੈ, ਜਿਹੜਾ ਆਪਾਂ ਉਨ੍ਹਾਂ ਤੋਂ ਲੈਣਾ ਹੈ। 14% ਵਾਧੇ ਨਾਲ ਜੀ.ਐਸ.ਟੀ. ਤੋਂ ਪਹਿਲੇ ਸਾਲ ਵਿੱਚ ਇਨ੍ਹਾਂ ਨੂੰ ਤਕਰੀਬਨ 20% ਤੋਂ ਉੱਪਰ ਵਾਧਾ ਮਿਲਿਆ ਹੈ। ਤੁਸੀਂ ਹਿਸਾਬ ਲਗਾਓ ਕਿ 15,000 ਕਰੋੜ ਵਿਚੋਂ 4,000 ਕਰੋੜ ਰੁਪਏ ਤੋਂ ਉੱਪਰ ਦਾ ਇਨ੍ਹਾਂ ਨੂੰ ਜੀ.ਐਸ.ਟੀ. ਦਾ ਕੰਪਨਸੇਸ਼ਨ ਹੈ। ਜੇ ਇਹ ਨਾ ਆਉਂਦਾ ਤਾਂ ਅੱਜ ਸਰਕਾਰ ਦਾ ਦਿਵਾਲੀਆ ਨਿਕਲ ਗਿਆ ਹੁੰਦਾ। ਪਰ ਇਹ ਅਖਬਾਰਾਂ ਦੇ ਰਾਹੀਂ ਦੋਸ਼ ਲਗਾਉਂਦੇ ਹਨ ਕਿ ਜੀ.ਐਸ.ਟੀ. ਕਰਕੇ ਸਾਡੀਆਂ ਤਨਖਾਹਾਂ ਨਹੀਂ ਦਿੱਤੀਆਂ ਜਾ ਰਹੀਆਂ, ਜੀ.ਐਸ.ਟੀ ਕਾਰਨ ਤਨਖਾਹਾਂ ਦੇਣ ਤੋਂ ਲੇਟ ਹੋ ਗਈਆਂ। ਇਨ੍ਹਾਂ ਨੂੰ ਤਾਂ ਧੰਨਵਾਦ ਕਰਨਾ ਚਾਹੀਦਾ ਹੈ ਕਿ ਜੇ ਜੀ.ਐਸ.ਟੀ. ਆ ਗਈ ਤਾਂ ਇਨ੍ਹਾਂ ਦਾ ਕੁਝ ਨਾ ਕੁਝ ਬਚਾਅ ਰਹਿ ਗਿਆ। ਸਪੀਕਰ ਸਾਹਿਬ, ਇਨ੍ਹਾਂ ਦਾ ਹਰ ਰੈਵੇਨਿਊ ਸੋਰਸ, ਜਿਥੋਂ ਵੀ ਇਨ੍ਹਾਂ ਨੂੰ ਪੈਸਾ ਆਉਂਦਾ ਹੈ, ਸਿਰਫ ਜੀ.ਐਸ.ਟੀ. ਦੇ ਵਿਚ ਇਨ੍ਹਾਂ ਦੇ ਟਾਰਗੈਟ ਪੂਰੇ ਹੋਏ ਹਨ ਜਾਂ ਜੋ ਡੈਵੋਲਿਊਸ਼ਨ ਆਫ ਸੈਂਟਰਲ ਫੰਡਜ਼ ਹੈ, from Centre, ਇਨ੍ਹਾਂ ਦੇ ਹੀ ਏਰੀਆਜ਼ ਵਿਚ ਇਨ੍ਹਾਂ ਨੂੰ ਪੂਰੇ ਪੈਸੇ ਆਏ ਹਨ, ਨਹੀਂ ਤਾਂ ਹਰ ਫੀਲਡ ਵਿਚ ਇਨ੍ਹਾਂ ਨੇ ਟਾਰਗੈਟਸ ਮਿਸ ਕੀਤੇ ਹਨ। ਐਫ.ਐਮ. ਸਾਹਿਬ ਇਸ ਦਾ ਜਵਾਬ ਦੇ ਦੇਣ। ਇਹ ਸਿਰਫ ਜੀ.ਐਸ.ਟੀ. ਕਰਕੇ ਹੋਇਆ ਹੈ। ਸਪੀਕਰ ਸਾਹਿਬ, ਮੈਂ ਐਫ.ਐਮ. ਸਾਹਿਬ ਨੂੰ ਇਕ ਬੇਨਤੀ ਕਰਦਾ ਹਾਂ ਕਿ ਪੰਜਾਬ ਦੀ ਅਸੰਬਲੀ ਨੂੰ ਅਤੇ ਪੰਜਾਬ ਦੇ ਲੋਕਾਂ ਨੂੰ ਜ਼ਰੂਰ ਇਹ ਦੱਸ ਦੇਣ ਕਿ ਕੀ ਜੀ.ਐਸ.ਟੀ. ਨੇ ਪੰਜਾਬ ਦਾ ਫਾਇਦਾ ਕੀਤਾ ਹੈ ਜਾਂ ਨੁਕਸਾਨ ਕੀਤਾ ਹੈ। ਇਹ ਗੱਲ ਵੀ ਦੱਸ ਦੇਣ ਕਿ ਜਿਹੜੀ ਜੀ.ਐਸ.ਟੀ. ਅਸੀਂ ਪੰਜਾਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਨੈਗੋਸ਼ੀਏਟ ਕੀਤੀ, ਕੀ ਉਹ ਮਾੜੀ ਕੀਤੀ ਹੈ? ਜੇ ਅਸੀਂ ਗਲਤ ਕੀਤਾ ਹੋਇਆ ਤਾਂ ਅਸੀਂ ਮੁਆਫੀ ਮੰਗਣ ਨੂੰ ਤਿਆਰ ਹਾਂ। ਮੈਂ ਮੁਆਫੀ ਮੰਗਣ ਨੂੰ ਤਿਆਰ ਹਾਂ ਕਿਉਂਕਿ ਮੈਂ ਉਸ ਨੈਗੋਸੀਏਸ਼ਨ ਦੇ ਵਿਚ ਸੀ। ਜਿੰਨੀ ਕੁ ਨੈਗੋਸੀਏਸ਼ਨ ਹੋਈ ਹੈ ਤਾਂ ਮੈਂ ਉਥੇ ਸਿਰਫ ਇਕੋ ਹੀ ਗੱਲ ਕਰਦਾ ਰਿਹਾ ਹਾਂ, ਹੋਰ ਬੜੇ ਇਸ਼ੂਜ ਤੇ ਵੀ ਗੱਲ ਹੁੰਦੀ ਸੀ ਕਿ ਟਰੇਡਰਜ਼ ਕਿੰਨੇ ਕਿੰਨੇ ਵੰਡਣੇ ਹਨ, ਜਿਹੜੇ ਟੈਕਸ ਪੇਅਰਜ਼ ਹਨ, ਉਨ੍ਹਾਂ ਨੂੰ ਕਿਸ ਤਰੀਕੇ ਨਾਲ ਸੈਂਟਰ ਅਤੇ ਸਟੇਟ ਵਿਚ ਵੰਡਿਆ ਜਾਵੇ। ਸਾਡਾ ਇਕੋ ਹੀ ਸਟੈਂਡ ਸੀ ਕਿ ਸਾਨੂੰ ਸਿਰਫ ਸਾਡੇ ਰੈਵੇਨਿਊਜ਼ ਲਈ ਸਾਡੇ ਫਿਕਸ ਰੇਟਸ ਸਕਿਓਰ ਕਰੋ। ਯੂਨੀਵਰਸਲੀ ਦੇਸ਼ ਦੇ ਵਿਚ ਸਕਿਓਰ ਕਰੋ, ਉਸ ਤੋਂ ਬਿਨਾਂ ਪੰਜਾਬ ਨੂੰ ਕੁਝ ਨਹੀਂ ਚਾਹੀਦਾ। ਜੇ ਅਸੀਂ ਉਹ ਨੈਗੋਸ਼ੀਏਟ ਕੀਤਾ, ਜਿਹੜੇ ਅਸੀਂ ਚੰਗੇ ਕੰਮ ਕੀਤੇ ਹਨ, ਅੱਜ ਤੱਕ ਕਦੇ ਵੀ ਕਿਸੇ ਦੇ ਮੂੰਹ ਵਿਚੋਂ ਉਨ੍ਹਾਂ ਪ੍ਰਤੀ ਕੋਈ ਗੱਲ ਅਤੇ ਸ਼ਬਦ ਵੀ ਨਹੀਂ ਨਿਕਲਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੇ ਸਾਡੇ ਲਈ ਕੁਝ ਚੰਗਾ ਕੀਤਾ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵਲੋਂ ਥੰਪਿੰਗ) ਮੈਂ ਇਕ ਹੋਰ ਗੱਲ ਦੱਸਣੀ ਚਾਹੁੰਦਾ ਹਾਂ ਕਿ ਇਸ ਵਿਚ ਸਾਡੇ ਕੇਂਦਰੀ ਫਾਈਨਾਂਸ ਮਨਿਸਟਰ ਸ਼੍ਰੀ ਅਰੁਨ ਜੇਤਲੀ ਜੀ ਦਾ ਵੀ ਬਹੁਤ ਵੱਡਾ ਰੋਲ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਬੈਂਚਿਜ਼ ਵਲੋਂ ਥੰਪਿੰਗ) ਕਿਉਂਕਿ ਕੌਂਸਲ ਇਕ ਵਾਰੀ ਤਕਰੀਬਨ ਫੈਸਲਾ ਕਰ ਚੁੱਕੀ ਸੀ ਕਿ ਸਟੇਟਸ ਨੂੰ ਆਪਣੀ ਆਪਣੀ ਗਰੋਥ ਰੇਟ ਦੇ ਬੇਸ ਤੇ ਕਰੋ। ਮੈਂ ਉਨ੍ਹਾਂ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਮੀਟਿੰਗ ਦੇ ਵਿਚੋਂ ਉਠ ਕੇ ਮੀਟਿੰਗ ਨੂੰ ਬਰੇਕ ਦਿੱਤੀ ਅਤੇ ਬਰੇਕ ਤੋਂ ਬਾਅਦ ਫਿਰ ਉਨ੍ਹਾਂ ਨੇ ਰਿਕੁਐਸਟ ਕਰਕੇ ਸਾਰਿਆਂ ਨੂੰ ਇਕ ਯੂਨੀਵਰਸਲ ਰੇਟ ਆਫ ਗਰੋਥ ਲੈ ਕੇ ਦਿੱਤਾ। ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਅੱਜ ਭੁੱਲਣਾ ਨਹੀਂ ਚਾਹੀਦਾ। ਸਪੀਕਰ ਸਾਹਿਬ, ਚਿੰਤਾ ਦਾ ਵਿਸ਼ਾ ਕੀ ਹੈ ਜੀ? ਚਿੰਤਾ ਦਾ ਵਿਸ਼ਾ ਇਹ ਨਹੀਂ ਹੈ ਕਿ ਅੱਜ ਕੀ ਹੋ ਰਿਹਾ ਹੈ। ਚਿੰਤਾ ਦਾ ਵਿਸ਼ਾ ਹੈ ਕਿ ਅੱਜ ਤੋਂ ਪੰਜ ਸਾਲ ਬਾਅਦ ਕੀ ਹੋਣਾ ਹੈ। ਤੁਹਾਨੂੰ ਪੰਜ ਸਾਲ ਲਈ ਤਾਂ ਫਿਕਸ ਰੇਟ ਆਫ ਗਰੋਥ 14% ਮਿਲ ਜਾਣਾ ਹੈ, ਮਤਲਬ ਕਿ ਹਰ ਸਾਲ ਤੁਸੀਂ ਕੁਝ ਵੀ ਨਾ ਕਰੋ, ਤਾਂ ਵੀ ਤੁਹਾਨੂੰ 14% ਪਿਛਲੇ ਸਾਲ ਨਾਲੋਂ ਵੱਧ ਮਿਲ ਜਾਣਾ

[ਸਰਦਾਰ ਪਰਮਿੰਦਰ ਸਿੰਘ ਢੀਂਡਸਾ]
ਹੈ। ਪਰ ਪੰਜ ਸਾਲਾਂ ਬਾਅਦ ਜੀ.ਐਸ.ਟੀ. ਕੰਪਨਸੇਸ਼ਨ ਬਿਲਕੁਲ ਖਤਮ ਹੋ ਜਾਣੀ ਹੈ। ਜੇ ਸਰਕਾਰ ਨੇ ਆਪਣੀਆਂ ਪਰਫਾਰਮੈਂਸਿਜ਼ ਨੂੰ ਠੀਕ ਨਾ ਕੀਤਾ, ਇੰਪਰੂਵ ਨਾ ਕੀਤਾ, ਜੇ ਟਾਰਗੈਟਸ ਨੂੰ ਮੈਚ ਨਾ ਕੀਤਾ ਤਾਂ ਫਿਰ ਪੰਜ ਸਾਲਾਂ ਬਾਅਦ ਪੰਜਾਬ ਦੇ ਵਿੱਤੀ ਹਾਲਾਤ ਇੰਨੇ ਮਾੜੇ ਹੋ ਜਾਣੇ ਹਨ ਕਿ ਕਿਸੇ ਤੋਂ ਸੰਭਾਲੇ ਨਹੀਂ ਜਾਣੇ। ਜਾਂ ਤਾਂ ਹੁਣੇ ਹੀ ਤੁਸੀਂ ਜੀ.ਐਸ.ਟੀ. ਕੌਂਸਲ ਤੋਂ ਇਹ ਐਸ਼ੋਰੈਂਸ ਲਵੋ ਕਿ ਪੰਜ ਸਾਲ ਤੋਂ ਬਾਅਦ ਸਾਡੇ ਸੂਬੇ ਨੂੰ ਕੋਈ ਨਾ ਕੋਈ ਫਿਕਸ ਆਮਦਨ ਮਿਲੇ, ਨਹੀਂ ਤਾਂ ਜੋ ਅੱਜ ਮੇਰੇ ਅੰਦਾਜ਼ੇ ਹਨ ਕਿ ਜਿਸ ਦਿਨ ਤੋਂ ਕੰਪਨਸੇਸ਼ਨ ਖਤਮ ਹੁੰਦੀ ਹੈ, ਪੰਜਾਬ ਦਾ ਰੈਵੇਨਿਊ 10,000 ਤੋਂ 12,000 ਕਰੋੜ ਰੁਪਿਆ ਡਾਊਨ ਜਾਵੇਗਾ। ਉਸ ਤੋਂ ਬਾਅਦ ਨਾ ਤਾਂ ਪੰਜਾਬ ਤੋਂ ਆਪਣੀਆਂ ਤਨਖਾਹਾਂ ਦਿੱਤੀਆਂ ਜਾਣੀਆਂ ਹਨ, ਨਾ ਆਪਣੇ ਕਰਜ਼ੇ ਮੋੜੇ ਜਾਣੇ ਹਨ, ਪੰਜਾਬ ਨੇ ਕੁਝ ਵੀ ਨਹੀਂ ਕਰ ਸਕਣਾ। ਅੱਜ ਜੇ ਉਸ ਤੇ ਮੌਜੂਦਾ ਸਰਕਾਰ ਨੇ ਸਟੈੱਪਸ ਨਾ ਲਏ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਦਾ ਭਵਿੱਖ ਇਨ੍ਹਾਂ ਦੀ ਸਰਕਾਰ ਨੇ ਤਹਿ ਕਰਨਾ ਹੈ ਕਿ ਇਹ ਪੰਜਾਬ ਨੂੰ ਕੀ ਫਾਈਨਾਂਸ਼ੀਅਲ ਸਕਿਓਰਟੀ ਦੇ ਕੇ ਜਾਂਦੇ ਹਨ। ਇਨ੍ਹਾਂ ਕੋਲ ਚਾਰ ਸਾਲ ਰਹਿ ਗਏ ਹਨ, ਇਹ ਜੀ.ਐਸ.ਟੀ. ਕੌਂਸਲ ਦੇ ਵਿਚ ਕਿਸ ਤਰੀਕੇ ਦੇ ਨਾਲ ਪੰਜਾਬ ਦੇ ਪੱਖ ਨੂੰ ਰੱਖਦੇ ਹਨ। ਸਪੀਕਰ ਸਾਹਿਬ, ਮੈਂ ਇਨ੍ਹਾਂ ਨੂੰ ਜ਼ਰੂਰ ਇਸ ਬਾਰੇ ਬੇਨਤੀ ਕਰਨੀ ਚਾਹੁੰਦਾ ਹਾਂ।

ਸਪੀਕਰ ਸਾਹਿਬ, ਇਕ ਇਨ੍ਹਾਂ ਨੇ ਕਿਹਾ ਹੈ ਕਿ ਇਨ੍ਹਾਂ ਦੇ ਵੇਲੇ ਆਊਟ ਸਟੈਂਡਿੰਗ ਬਿਲਜ਼ 13,000 ਕਰੋੜ ਰੁਪਏ ਸੀ।

ਮਾਨਯੋਗ ਸਪੀਕਰ : ਹੁਣ ਵਾਈਂਡ ਅੱਪ ਕਰੋ ਜੀ। ਸਰਦਾਰ ਸੁਖਬੀਰ ਸਿੰਘ ਬਾਦਲ ਜੀ ਨੇ ਵੀ ਅਜੇ ਬੋਲਣਾ ਹੈ।

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਅਜੇ ਮੇਰਾ ਟਾਈਮ ਰਹਿੰਦਾ ਹੈ ਜੀ। ਮੈਂ ਦੋ ਮਿੰਟ ਵਿਚ ਨਿਬੇੜ ਦਿੰਦਾ ਹਾਂ ਜੀ। ਆਊਟਸਟੈਂਡਿੰਗ ਬਿਲਜ਼ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ 13,000 ਕਰੋੜ ਰੁਪਏ ਤੋਂ ਘਟਾ ਕੇ...(ਵਿਘਨ)... ਮੈਂ ਤਾਂ ਇਹ ਅਖਬਾਰ ਵਿਚ ਹੀ ਪੜ੍ਹਿਆ ਹੈ, ਕਿ ਇਹ ਬਿਲਜ਼ 13,000 ਕਰੋੜ ਰੁਪਏ ਤੋਂ ਘਟਾ ਕੇ 8,000 ਕਰੋੜ ਰੁਪਏ ਕਰ ਦਿੱਤੇ ਹਨ ਪਰ ਮੈਨੂੰ ਹੈਰਾਨੀ ਹੁੰਦੀ ਹੈ ਕਿ ਇਹ 8,000 ਕਰੋੜ ਰੁਪਏ ਕਿਥੋਂ ਹੋ ਗਏ? ਤੁਸੀਂ ਆਪ ਹੀ ਜੋੜ ਲਗਾ ਲਵੋ। ਪਾਵਰ ਸਬਸਿਡੀ ਜਦੋਂ ਅਸੀਂ ਸਰਕਾਰ ਛੱਡੀ ਸੀ, ਉਹ 2300 ਕਰੋੜ ਰੁਪਏ ਸੀ। ਅੱਜ 5,000 ਕਰੋੜ ਰੁਪਏ ਦੀ ਆਊਟਸਟੈਂਡਿੰਗ ਪਾਵਰ ਸਬਸਿਡੀ ਹੈ। ਮੁਲਾਜ਼ਮਾਂ ਦੇ ਏਰੀਅਰਜ਼, ਜਿਵੇਂ ਇਹ ਕਹਿੰਦੇ ਹਨ ਕਿ ਉਦੋਂ 2200 ਕਰੋੜ ਰੁਪਏ ਸੀ ਪਰ ਅੱਜ ਮੁਲਾਜ਼ਮਾਂ ਦੇ ਏਰੀਅਰ ਦਾ ਬਕਾਇਆ 4500 ਕਰੋੜ ਹੋ ਗਿਆ। ਆਟਾ ਦਾਲ ਸਕੀਮ ਦਾ 1700 ਕਰੋੜ ਦੇਣ ਵਾਲਾ ਹੈ, ਉਹ ਵੀ ਨਹੀਂ ਦਿੱਤਾ, ਉਹ ਸਾਰਾ ਬੈਕਲਾਗ ਪਿਆ ਹੈ। ਅਰਬਨ ਐਂਡ ਰੂਰਲ ਲੋਕਲ ਬਾਡੀਜ਼ ਦੀ ਜੋ ਐਫ.ਸੀ. ਦੀ ਗਰਾਂਟ ਸੀ, ਉਹ 700 ਤੋਂ 900 ਕਰੋੜ ਰੁਪਇਆ ਬਕਾਇਆ ਪਈ ਹੈ। ਇਕ ਹਜ਼ਾਰ ਕਰੋੜ ਰੁਪਏ ਦੇ ਕਰੀਬ ਪੋਸਟ ਮੈਟਰਿਕ ਸਕਾਲਰਸ਼ਿਪ ਦਾ ਬਕਾਇਆ ਪਿਆ ਹੈ। ਇਸ ਤੋਂ ਇਲਾਵਾ ਤਕਰੀਬਨ 3-4 ਹਜ਼ਾਰ ਕਰੋੜ ਰੁਪਏ ਦੇ ਨਾਨ-ਪਲਾਨ ਸਕੀਮਾਂ ਦੇ, ਸਟੇਟ ਅਤੇ ਸੈਂਟਰ ਸਕੀਮਾਂ ਦੇ ਪੈਸੇ ਬਕਾਇਆ ਪਏ ਹਨ। ਸੋ, ਇਹ ਕੁੱਲ ਮਿਲਾ ਕੇ 17 ਹਜ਼ਾਰ ਕਰੋੜ ਰੁਪਿਆ ਬਣ ਗਿਆ। ਸੋ, ਸਰਕਾਰ ਦੀਆਂ ਪਹਿਲਾਂ ਨਾਲੋਂ ਦੇਣਦਾਰੀਆਂ ਇਕ ਸਾਲ ਦੇ ਵਿਚ ਵੱਧ ਗਈਆਂ। ਹਾਲੇ ਤਾਂ ਕਿਸਾਨਾਂ ਦੀ ਦੇਣਦਾਰੀ ਤਾਂ ਇਸ ਵਿਚ ਜੋੜੀ ਹੀ ਨਹੀਂ। ਉਹ ਵੀ ਵਿਚ ਜੋੜਨੀ ਬਣਦੀ ਹੈ, ਜਿਹੜਾ ਪੰਜਾਬ ਸਰਕਾਰ ਨੇ ਕਿਸਾਨਾਂ ਨਾਲ ਵਾਅਦਾ ਕੀਤਾ ਸੀ।

ਸਰਦਾਰ ਕੁਲਜੀਤ ਸਿੰਘ ਨਾਗਰਾ: ** **

Mr. Speaker : No, ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ। This is too much Nagra ji.

ਸਰਦਾਰ ਪਰਮਿੰਦਰ ਸਿੰਘ ਢੀਂਡਸਾ : ਸਪੀਕਰ ਸਾਹਿਬ, ਮੈਂ ਵਾਈਂਡ ਅੱਪ ਹੀ ਕਰਨ ਲੱਗਿਆ ਹਾਂ ਜੀ। ਅੱਜ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਪ੍ਰੋਫੈਸ਼ਨਲ ਟੈਕਸ ਵਿਚ 2400 ਰੁਪਇਆ ਰਿਫੰਡ ਮਿਲ ਜਾਵੇਗਾ, ਮੈਂ ਕਹਿੰਦਾ ਹਾਂ ਕਿ ਕੋਈ ਰਿਫੰਡ ਨਹੀਂ ਮਿਲਣਾ। ਸਿਰਫ ਇਨਕਮ ਟੈਕਸ ਵਿਚ 2400 ਰੁਪਏ ਦੀ ਡਿਡਕਸ਼ਨ ਅਲਾਓ ਹੋ ਜਾਵੇਗੀ। ਪ੍ਰੋਫੈਸ਼ਨਲ ਟੈਕਸ ਨਾਲ ਕੇਵਲ ਤਕਰੀਬਨ 400-500 ਕਰੋੜ ਰੁਪਏ ਦਾ ਫਾਇਦਾ ਹੋਣਾ ਹੈ। ਬਾਕੀ 1800 ਕਰੋੜ ਰੁਪਇਆ ਤਾਂ ਦੇਣਾ ਹੀ ਪੈਣਾ ਹੈ। ਇਹ ਲੋਕਾਂ ਤੇ ਪੱਕੇ ਤੌਰ ਤੇ ਬੋਝ ਪਾ ਦਿੱਤਾ ਗਿਆ ਹੈ। ਅੱਜ ਪੰਜਾਬ ਦੇ ਲੋਕ, ਖਾਸ ਤੌਰ ਤੇ ਮੁਲਾਜ਼ਮ ਔਖੇ ਹਨ ਕਿਉਂਕਿ ਹੋਰ ਕੋਈ ਦੇਵੇ ਜਾਂ ਨਹੀਂ, ਮੁਲਾਜ਼ਮਾਂ ਦਾ ਤਾਂ ਇਨ੍ਹਾਂ ਨੇ ਕੱਟ ਹੀ ਲੈਣਾ ਹੈ। ਇਨ੍ਹਾਂ ਨੇ ਮੁਲਾਜ਼ਮਾਂ ਨੂੰ ਦੇਣਾ ਤਾਂ ਕੀ ਸੀ ਸਗੋਂ ਉਨ੍ਹਾਂ ਤੋਂ ਖੋਹ ਲਿਆ। ਡੀ.ਏ ਤਾਂ ਕੀ ਦੇਣਾ ਸੀ, ਸਗੋਂ ਪ੍ਰੋਫੈਸ਼ਨਲ ਟੈਕਸ ਲਗਾ ਦਿੱਤਾ ਹੈ। ਸੋ, ਸਪੀਕਰ ਸਾਹਿਬ, ਮੈਂ ਅਖੀਰ ਵਿਚ ਇਹੀ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਬਜਟ ਹੈ, ਇਹ ਪੰਜਾਬ ਦੇ ਲੋਕਾਂ ਨਾਲ ਫਰੇਬ ਹੈ। It is replica of manifesto. ਜੋ ਪਿਛਲੇ ਸਾਲ ਦੇ ਬਜਟ ਵਿਚ ਅਤੇ ਇਨ੍ਹਾਂ ਦੇ ਮੈਨੀਫੈਸਟੋ ਵਿਚ ਸੀ, ਉਹੀ ਹੁਣ ਹੈ। ਇਸ ਬਜਟ ਵਿਚ ਪੰਜਾਬ ਦੇ ਲੋਕਾਂ ਦੀਆਂ ਭਾਵਨਾਵਾਂ ਨਾਲ ਜੋ ਖਿਲਵਾੜ ਹੋਇਆ ਹੈ, ਉਹ ਮੈਂ ਸਮਝਦਾ ਹਾਂ ਕਿ ਬਹੁਤ ਹੀ ਨਿੰਦਣਯੋਗ ਹੈ। ਸੋ, ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਆਉਣ ਵਾਲੇ ਸਮੇਂ ਦੇ ਵਿਚ ਪੰਜਾਬ ਦੇ ਲੋਕ ਇਨ੍ਹਾਂ ਚੀਜ਼ਾਂ ਦਾ ਹਿਸਾਬ ਮੌਜੂਦਾ ਸਰਕਾਰ ਤੋਂ ਲੈਣਗੇ, ਇਹੀ ਬੇਨਤੀ ਕਰਦਾ ਹੋਇਆ ਤੁਹਾਡਾ ਧੰਨਵਾਦ।

ਮਾਨਯੋਗ ਸਪੀਕਰ : ਧੰਨਵਾਦ ਜੀ, ਹਾਂ ਜੀ, ਸਰਦਾਰ ਦਵਿੰਦਰ ਸਿੰਘ ਘੁਬਾਇਆ ਜੀ।

ਸਰਦਾਰ ਦਵਿੰਦਰ ਸਿੰਘ ਘੁਬਾਇਆ (ਫਾਜ਼ਿਲਕਾ) : ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਬਜਟ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਇਸ ਪਵਿੱਤਰ ਸਦਨ ਵਿਚ ਪਹਿਲੀ ਵਾਰ ਬੋਲ ਰਿਹਾ ਹਾਂ, ਮੈਂ ਆਪਣੇ ਇਲਾਕੇ ਦੇ ਲੋਕਾਂ ਦਾ ਅਤੇ ਕੈਪਟਨ ਅਮਰਿੰਦਰ ਸਿੰਘ ਜੀ ਦਾ ਧੰਨਵਾਦ ਕਰਦਾ ਹਾਂ ਕਿ ਮੈਨੂੰ ਐਨੀ ਛੋਟੀ ਉਮਰ ਦੇ ਵਿਚ ਸਦਨ ਦਾ ਮੈਂਬਰ ਬਣਨ ਦਾ ਮਾਣ ਹਾਸਲ ਹੋਇਆ ਹੈ। ਜੋ ਬਜਟ ਸਾਡੇ ਵਿੱਤ ਮੰਤਰੀ ਜੀ ਨੇ ਪੇਸ਼ ਕੀਤਾ ਹੈ, ਉਸ ਲਈ ਮੈਂ ਸਾਰੀ ਕਾਂਗਰਸ ਪਾਰਟੀ, ਵਿੱਤ ਮੰਤਰੀ ਜੀ ਅਤੇ ਮੁੱਖ ਮੰਤਰੀ ਜੀ ਨੂੰ ਵਧਾਈ ਦਿੰਦਾ ਹਾਂ ਕਿ ਇਹ ਜਿਹੜਾ ਬਜਟ ਪੇਸ਼ ਕੀਤਾ ਹੈ, ਇਸ ਵਿਚ ਉਨ੍ਹਾਂ ਨੇ ਇੰਡਸਟਰੀਲਿਸਟ, ਐਜੂਕੈਸ਼ਨ, ਕਿਸਾਨ ਹਰ ਵਰਗ ਦਾ ਖਿਆਲ ਰੱਖਿਆ ਹੈ, ਸਭ ਦਾ ਧਿਆਨ ਰੱਖਿਆ ਹੈ। ਇਸ ਨਾਲ ਪੰਜਾਬ ਆਉਣ ਵਾਲੇ ਸਮੇਂ ਵਿਚ ਤਰੱਕੀ ਦੀ ਰਾਹ ਤੇ ਜਾਵੇਗਾ। ਜਿਹੜੀ ਜੀ.ਡੀ.ਪੀ. ਗਰੋਥ ਹੈ, ਆਉਣ ਵਾਲੇ ਸਾਲ ਵਿਚ ਉਹ 5 ਲੱਖ 18 ਹਜ਼ਾਰ 165 ਕਰੋੜ ਹੋ ਜਾਵੇਗੀ, ਜਿਸ ਨਾਲ ਪੰਜਾਬ ਤਰੱਕੀ ਦੇ ਰਾਹ ਤੇ ਚੱਲੇਗਾ। ਜਿਹੜਾ ਫਿਸਕਲ ਡੈਫੀਸਟ ਹੈ, ਉਹ 12.18 ਫੀਸਦੀ ਤੋਂ ਘੱਟ ਕੇ 4.36 ਫੀਸਦੀ ਹੋ ਜਾਵੇਗਾ। ਸੋ, ਮੈਂ ਵਿੱਤ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਾਡੇ ਫਾਜ਼ਿਲਕਾ ਨੂੰ ਕੈਂਸਰ ਕੇਅਰ ਸੈਂਟਰ ਵਾਸਤੇ 45 ਕਰੋੜ ਰੁਪਇਆ ਦਿੱਤਾ ਹੈ। ਇਹ ਬੜੀ ਵੱਡੀ ਗੱਲ ਹੈ। ਜਿਹੜਾ ਮਾਲਵੇ ਦਾ ਏਰੀਆ ਹੈ, ਉਥੇ ਕੈਂਸਰ ਦੀ ਨਾਮੁਰਾਦ ਬਿਮਾਰੀ ਕਾਫੀ ਫੈਲ ਚੁੱਕੀ ਹੈ। ਉਸ ਦਾ ਕਾਰਨ ਪੀਣ ਵਾਲਾ ਦੂਸ਼ਿਤ ਪਾਣੀ ਹੈ।

** Expunged as ordered by the Chair.

ਮਾਨਯੋਗ ਸਪੀਕਰ : ਹੁਣ ਸਦਨ ਮੰਗਲਵਾਰ ਮਿਤੀ 27 ਮਾਰਚ, 2018 ਦੇ 3.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੁੰਦਾ ਹੈ।

*2.30 ਵਜੇ ਬਾਅਦਦੁਪਹਿਰ) (*ਇਸ ਉਪਰੰਤ ਸਦਨ ਮੰਗਲਵਾਰ ਮਿਤੀ 27 ਮਾਰਚ, 2018 ਦੇ 3.30 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਹੋ ਗਿਆ।)

5364/11-7-18/305 copies-Govt. Press, Patiala